ਦ
ਸੰ
ਬ
ਰ

1
9
7
2

ਮੁਲ 1/-

ਸਾਲਾਨਾ ਚੰਦਾ ਦੇਸ 9/-
ਪਰਦੇਸ 20/-



| ਕਹਾਣੀਆਂ | ਕਵਿਤਾਵਾਂ | ਲੇਖ |
|---|---|---|
| ਪ੍ਰੇਮ ਗੋਰਖੀ | ਬਖਸ਼ਿੰਦਰ | ਗੁਰਸ਼ਰਨ ਸਿੰਘ |
| ਭੂਰਾ ਸਿੰਘ ਕਲੇਰ | ਪਾਸ਼ | ਅ: ਸ: ਚੰਦਨ |
| ਚੰਦਰ ਮੋਹਣ ਸਿੰਘ ਜੌਲੀ | ਸਿਧੂ ਦਮਦਮੀ | ਪਰਮਿੰਦਰ ਕੌਰ |
| ਸੁਰਿੰਦਰ ਸਿੰਘ ਵਿਰਦੀ | ਬਚਨਜੀਤ | |
| ਜੇ. ਐਸ. ਬਾਵਾ | ਅਜੈ ਕੁਮਾਰ | |
| ਦਲਜੀਤ ਸਿੰਘ | ਰਸ਼ਿਮ | |
| ਪਰਸ਼ਾਂਤ | ਜਸਵੰਤ ਖਟਕੜ | |
| ਬਲਬੀਰ ਸਿੰਘ ਮਾਨ | ਦਲਜੀਤ | |
| ਸ: ਤਰਸੇਮ | ਪ੍ਰੇਮ ਸਾਹਿਲ | |
| ਰਜਿੰਦਰ ਸਿੰਘ ਮਨੂਰ | ਅਮਲਤਾਸ਼ | |
| ਫਕੀਰ ਚੰਦ ਤੁਲੀ | ਕੇਵਲ ਕੋਹਲਾਵੀਂ | |
| ਕੁਲਬੀਰ ਪਾਲ ਰਤਨ | ਅਮਰਵੰਤ | |
| ਰੋਸ਼ਨ ਲਾਲ | ਫ਼ਰਿਆਮ ਮਸਤ | |
| ਸ਼ਿਵਤਾਰ ਮਾਂਗਟ | ਜੀ. ਸੀ. ਮਲ | |
| ਅਮਰ ਯਾਦਵ | ਨਰਿੰਦਰ ਪਾਲ | |
| ਸੁਰਿੰਦਰ ਗਿਲ | ਗੁਰਪਰਤਾਪ | |

ਸੰਪਾਦਕ—

**ਹਰਬੰਸ ਸਿੰਘ ਜੌਲੀ**

ਡਾਇਰੈਕਟਰ ਸਿਖਿਆ ਵਿਭਾਗ, ਪੰਜਾਬ ਦੀ ਚਿਠੀ ਨੰਬਰ 3-11-71 ਐ: ਪੰ: ਮਿਤੀ 13-5-71 ਅਨੁਸਾਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਮਨਜ਼ੂਰ ਸ਼ੁਦਾ

# ਜਾਗ੍ਰਿਤੀ

—ਗੁਰਸ਼ਰਨ ਸਿੰਘ

—ਮੁੱਦਤਾਂ ਹੋਈਆਂ ਰੋਮ ਸਲਤਨਤ ਦੇ ਅਮੀਰਜ਼ਾਦੇ ਗੁਲਾਮਾਂ ਦੀ ਮੌਤ-ਕੁਸ਼ਤੀ ਵੇਖਣ ਦਾ ਸ਼ੌਕ ਰੱਖਦੇ ਸਨ। ਉਸ ਵੇਲੇ ਦੁਨੀਆਂ ਭਰ ਦੇ ਗੁਲਾਮਾਂ ਦੀ ਤਿਜਾਰਤ ਰੋਮ ਵਿਚ ਹੁੰਦੀ ਸੀ। ਹਬਸ਼ੀ ਗੁਲਾਮ, ਜਰਮਨ ਗੁਲਾਮ, ਯਹੂਦੀ ਗੁਲਾਮ ਰੋਮ ਵਿਚ ਲਿਆਏ ਜਾਂਦੇ। ਸੁਦਾਗਰ ਲੋਕ ਗੁਲਾਮਾਂ ਵਿਚ ਚੋਣ ਕਰਦੇ ਸਨ। ਸਾਰਿਆਂ ਨਾਲੋਂ ਤੱਕੜੇ ਜੁੱਸੇ ਵਾਲੇ ਗੁਲਾਮਾਂ ਦੀ ਮੌਤ ਕੁਸ਼ਤੀ ਲਈ ਚੋਣ ਕੀਤੀ ਜਾਂਦੀ। ਉਨ੍ਹਾਂ ਨੂੰ ਮਹੀਨਿਆਂ ਦੀ ਸਿਖਲਾਈ ਦੇ ਬਾਅਦ ਇਸ ਕੁਸ਼ਤੀ ਲਈ ਤਿਆਰ ਕੀਤਾ ਜਾਂਦਾ। ਮੌਤ ਕੁਸ਼ਤੀ ਜੋੜਿਆਂ ਵਿਚ ਹੁੰਦੀ ਤੇ ਉਸ ਵੇਲੇ ਤਕ ਚਲਦੀ ਰਹਿੰਦੀ ਜਦੋਂ ਤਕ ਜੋੜੇ ਦਾ ਇਕ ਪਹਿਲਵਾਨ ਮੌਤ ਦੀ ਨੀਂਦਰੇ ਨਾ ਸੌਂ ਜਾਂਦਾ। ਮੈਦਾਨ ਦੇ ਦਰਮਿਆਨ ਸੀਖਾਂ ਦੇ ਜੰਗਲੇ ਵਿਚ ਇਹ ਕੁਸ਼ਤੀ ਹੁੰਦੀ, ਆਲੇ-ਦੁਆਲੇ ਰੋਮਨ ਤਮਾਸ਼ਾਈ ਹੁੰਦੇ ਅਤੇ ਉਹਨਾਂ ਦੀਆਂ ਤਾੜੀਆਂ ਅਤੇ ਸ਼ੋਰ-ਸ਼ਰਾਬੇ ਦੇ ਦਰਮਿਆਨ ਮੌਤ ਦੀ ਖੇਡ ਖੇਡੀ ਜਾਂਦੀ। ਮੌਤ ਕੁਸ਼ਤੀ ਲੜਣ ਵਾਲਿਆਂ ਵਿਚੋਂ ਇਕ ਗੁਲਾਮ ਸਪਾਰਕਾਸਟ ਨੂੰ ਇਹ ਇਹਸਾਸ ਹੋਇਆ ਕਿ ਅਸੀਂ ਕਿਸ ਗਲੋਂ ਘੱਟ ਇਨਸਾਨ ਹਾਂ, ਜੇ ਮਰਨਾ ਹੀ ਤਾਂ ਫਿਰ ਇਨਸਾਨਾਂ ਵਾਕੁਰ ਕਿਉਂ ਨਾ ਮਰੀਏ। ਜਾਨਵਰਾਂ ਵਾਂਗ ਲੜ ਕੇ ਰੋਮਨ ਲੋਕਾਂ ਲਈ ਤਮਾਸ਼ਾ ਕਿਉਂ ਬਣੀਏ। ਇਹ ਇਹਸਾਸ ਗੁਲਾਮਾਂ ਦੀ ਜਾਗ੍ਰਿਤੀ ਦਾ ਮੁੱਢ ਸੀ। ਸਪਾਰਕਾਸਟ ਤੇ ਉਹਦੇ ਸਾਥੀਆਂ ਨੇ ਬਗਾਵਤ ਕਰ ਦਿਤੀ। ਇਕ ਦੂਜੇ ਨੂੰ ਕੁਸ਼ਤੀ ਵਿਚ ਮਾਰਨ ਦੀ ਥਾਂ ਉਹ ਰੋਮਨ ਤਮਾਸ਼ਾਈਆ ਉੱਤੇ ਟੁੱਟ ਪਏ। ਰੋਮਨ ਸਲਤਨਤ ਤਾਕਤਵਰ ਸੀ। ਬਗ਼ਾਵਤ ਕੁੱਚਲ ਦਿਤੀ ਗਈ। ਸਪਾਰਟਸ ਤੇ ਉਹਦੇ ਸਾਥੀ ਮਾਰੇ ਗਏ ਪਰ ਇਤਹਾਸ ਦੱਸਦਾ ਹੈ ਕਿ ਰੋਮ ਦੇ ਅਮੀਰਜ਼ਾਦਿਆਂ ਨੂੰ ਫੇਰ ਕਦੀ ਮੌਤ ਕੁਸ਼ਤੀ ਦਾ ਤਮਾਸ਼ਾ ਵੇਖਣ ਦਾ ਹੀਆ ਨਾ ਪਿਆ। ਇਤਿਹਾਸ ਇਹ ਵੀ ਦਸਦਾ ਹੈ ਕਿ ਗੁਲਾਮਾਂ ਦੀਆਂ ਫੇਰ ਕਿੰਨੀਆਂ ਹੀ ਬਗ਼ਾਵਤਾਂ ਹੋਈਆਂ ਤੇ ਅਖੀਰ ਗੁਲਾਮਾਂ ਦੀ ਤਿਜਾਰਤ ਮਨੁੱਖ ਦੇ ਇਤਹਾਸ ਵਿਚ ਮੁੱਕ ਗਈ।

—ਮਨੁੱਖ ਦਾ ਲੰਮਾ ਇਤਹਾਸ ਮਨੁੱਖ ਦੀ ਜਾਗ੍ਰਿਤੀ ਦਾ ਲੰਮਾ ਇਤਹਾਸ ਹੈ। ਢਾਈ ਤਿੰਨ ਸੌ ਸਾਲ ਹੋਏ ਪੰਜਾਬ ਵਿਚ ਮੀਰ ਮੰਨੂੰ ਨੇ ਜਾਗ੍ਰਿਤ ਸਿਖਾਂ ਦੇ ਵਿਰੁਧ ਅਤਿਆਚਾਰ ਦੀ ਇਕ ਲਹਿਰ ਚਲਾਈ ਸੀ। ਉਹਨੇ ਸਿਖਾਂ ਦਾ ਬੀਜ ਨਾਸ਼ ਕਰਨ ਦੀ ਫੜ ਮਾਰੀ ਸੀ। ਉਸਦੀ ਬੁਖਲਾਹਟ ਅਸਲ ਵਿਚ ਉਸ ਜਾਗ੍ਰਿਤੀ ਦੇ ਵਿਰੁਧ ਸੀ, ਜਿਸ ਵਿਚ ਇਹ ਇਹਸਾਸ ਸੀ ਕਿ ਧਰਤੀ ਤੇ ਮਨੁਖਾਂ ਵਾਂਗ ਜੀਣ ਦਾ ਹੱਕ ਹਰ ਇਕ ਮਨੁੱਖ ਨੂੰ ਬਰਾਬਰ ਹੈ। ਮੀਰ ਮੰਨੂੰ ਦੀ ਬੁਖਲਾਹਟ ਦਾ ਜਵਾਬ ਸਿਖਾਂ ਵਲੋਂ ਇਹਨਾਂ ਬੋਲਾਂ ਵਿਚ ਸੀ :

ਮਨੂੰ ਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ
ਜਿਉਂ ਜਿਉਂ ਮਨੂੰ ਵਢਦਾ, ਅਸੀਂ ਦੂਣ ਸਵਾਏ ਹੋਏ।

ਇਤਹਾਸ ਇਹਨਾਂ ਬੋਲਾਂ ਦੀ ਸਚਾਈ ਦਾ ਗਵਾਹ ਹੈ। ਸਿਖਾਂ ਨੇ ਆਰਿਆਂ ਨਾਲ ਖੋਪਰੀਆਂ ਚਿਰਵਾਈਆਂ, ਪੁੱਠੇ ਟੰਗੀ ਕੇ ਖਲੜੀਆਂ ਉਤਰਵਾਈਆਂ, ਬੰਦ ਬੰਦ ਕਟਵਾਏ ਪਰ ਉਹ ਹਮੇਸ਼ਾਂ ਦੂਣ ਸਵਾਏ ਹੋਏ। ਹਰ ਇਕ ਇਮਤਿਹਾਨ ਵਿਚੋਂ ਨਿਕਲੇ ਕਿਉਂਕਿ ਸੱਚ ਦਾ ਇਹਸਾਸ ਜਿਹੜਾ ਜਾਗ੍ਰਿਤੀ ਦਾ ਅੰਸ਼ ਹੈ, ਉਹਨਾਂ ਨਾਲ ਸੀ।

ਮਨੁੱਖ ਦੇ ਇਤਹਾਸ ਵਿਚ ਉਨੀਵੀਂ ਸਦੀ ਆਈ। ਇਹ ਸਦੀ ਸਾਇੰਸ ਦੀ ਸਦੀ ਸੀ। ਕੁਦਰਤ ਦੇ ਹਰ ਅਮਲ ਨੂੰ ਸਾਇੰਸ ਰਾਹੀਂ ਘੋਖਿਆ ਗਿਆ। ਜਾਗ੍ਰਿਤੀ ਨੂੰ ਵੀ ਮਾਰਕਸ ਦੇ ਹਥੋਂ ਸਾਇੰਸ ਮਿਲੀ। ਆਜ਼ਾਦੀ, ਦੇਸ਼ ਭਗਤੀ, ਧਰਮ, ਰਿਆਸਤ, ਕਾਨੂੰਨ ਆਦਿਕ ਜਿਨ੍ਹਾਂ ਨੇ ਮਨੁੱਖ ਦੇ ਇਤਹਾਸ ਵਿਚ ਇਕ ਅਹਿਮ ਹਿੱਸਾ ਪਾਇਆ ਸੀ, ਉਹਨਾਂ ਨੂੰ ਮਾਰਕਸ ਦੇ ਸਿਧਾਂਤ ਰਾਹੀਂ ਨਵੇਂ ਅਰਥ ਮਿਲੇ। ਮਾਰਕਸ ਨੇ ਆਪਣੇ ਸਮੇਂ ਤੇ ਮਨੁੱਖ ਦੇ ਕੁਲ ਇਤਹਾਸ ਦੀ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਘੋਖ ਕੀਤੀ। ਵੱਖ ਵੱਖ ਸਮਾਜਾਂ ਵਿਚ ਮਨੁੱਖ ਦੇ ਲੁੱਟ-ਖਸੁੱਟ ਦਾ ਵਿਸ਼ਲੇਸ਼ਨ ਕੀਤਾ। ਸਰਮਾਏਦਾਰੀ ਵਿਚ ਮੁਨਾਫੇ ਨੂੰ ਬਿਉਪਾਰਕ ਨਿਪੁੰਨਤਾ ਨਹੀਂ ਸਗੋਂ ਮਜ਼ਦੂਰ ਦੀ ਲੁੱਟ ਕਰਨ ਦੀ ਨਿਪੁੰਨਤਾ ਨੂੰ ਸਾਬਤ ਕੀਤਾ। ਆਪਣੇ ਮੈਨੀਫੈਸਟੋ ਵਿਚ ਦੱਬੇ ਕੁੱਚਲ ਲੋਕਾਂ ਨੂੰ ਉਹਨੇ ਇਨਕਲਾਬ ਦਾ ਰਾਹ ਦਸਿਆ। ਇਹ ਸਾਬਤ ਕੀਤਾ ਕਿ ਮਨੁੱਖ ਦਾ ਇਤਹਾਸ ਅਸਲ ਵਿਚ ਜਮਾਤਾਂ ਦਾ ਇਤਹਾਸ ਹੈ, ਜਿਸ ਵਿਚ ਹਕੂਮਤ ਕਰਦੀ ਜਮਾਤ ਮਿਹਨਤ ਕਰਦੀ ਦੂਜੀ ਜਮਾਤ ਦੀ ਲੁੱਟ ਕਰਨ ਲਈ ਹਰ ਕਿਸਮ ਦੇ ਤਸ਼ੱਦਦ ਦੇ ਵਜੀਲਿਆਂ ਨਾਲ ਲੈੱਸ ਹੁੰਦੀ ਹੈ। ਉਹਨਾਂ ਨੇ ਧਰਮ ਨੂੰ, ਕਾਨੂੰਨ ਨੂੰ ਸਭ ਆਪਣੇ ਪੱਖ ਵਿਚ ਮੋੜਿਆ ਹੁੰਦਾ ਹੈ। ਹਥਿਆਰਬੰਦ ਬਗ਼ਾਵਤ ਬਗ਼ੈਰ ਹਕੂਮਤ ਕਰਦੀਆਂ ਜਮਾਤਾਂ ਰਾਜ ਸੱਤਾ

ਆਪਣੇ ਹਥੋਂ ਨਹੀਂ ਜਾਣ ਦੇਂਦੀਆਂ ਤੇ ਰਾਜ-ਸੱਤਾ ਆਪਣੇ ਹੱਥ ਲਏ ਬਗੈਰ ਮਜ਼ਦੂਰ ਕਿਸਾਨ ਆਪਣੀ ਨਿਜਾਤ ਦਾ ਸੁਪਨਾ ਵੀ ਨਹੀਂ ਲੈ ਸਕਦਾ। ਸੰਸਾਰ ਭਰ ਦੇ ਇਨਕਲਾਬੀਆਂ ਨੂੰ ਮਾਰਕਸ ਨੇ ਇਨਕਲਾਬ ਦਾ ਸਪਸ਼ਟ ਸਿਧਾਂਤ ਦਿਤਾ।

ਪਿਛਲੇ ਸੌ ਸਾਲ ਦਾ ਜਾਗ੍ਰਿਤੀ ਦਾ ਇਤਹਾਸ ਮਾਰਕਸ ਦੇ ਸਿਧਾਂਤ ਨਾਲ ਜੁੜਿਆ ਹੋਇਆ ਹੈ। ਇਨਕਲਾਬ ਦੁਸ਼ਮਣ ਜਮਾਤਾਂ ਨੇ ਆਪਣੇ ਬੁਧੀ ਜੀਵਾਂ ਰਾਹੀਂ ਅਤੇ ਵਿਸ਼ਾਲ ਪ੍ਰਚਾਰ ਸਾਧਨਾਂ ਰਾਹੀਂ ਬੜਾ ਯਤਨ ਕੀਤਾ ਕਿ ਮਾਰਕਸ ਦੀ ਜਾਗ੍ਰਿਤੀ ਦੀ ਇਸ ਸਾਇੰਸ ਨੂੰ ਝੁਠਲਾਉਣ ਜਾਂ ਇਹਦੇ ਵਿਚ ਤਰਮੀਮਾਂ ਕਰਨ ਜਾਂ ਇਸ ਨੂੰ ਬੁਨਿਆਦੀ ਤੌਰ ਤੇ ਸੋਧਨ ਤੇ ਇਸ ਨੂੰ ਅਸਰ ਰਹਿਤ ਬਨਾਉਣ ਪਰ ਜੁਝਾਰ ਲੋਕਾਂ ਨੇ ਉਹਨਾਂ ਦੇ ਹਰ ਯਤਨ ਨੂੰ ਅਸਫਲ ਕੀਤਾ। ਜਾਗ੍ਰਿਤੀ ਦੀ ਇਹ ਸਾਇੰਸ ਦੁਨੀਆਂ ਭਰ ਦੇ ਦੱਬੇ-ਕੁਚਲੇ ਲੋਕਾਂ ਲਈ ਇਕ ਤੱਕੜਾ ਹਥਿਆਰ ਸਾਬਤ ਹੋਇਆ ਜਿਸ ਨਾਲ ਉਹ ਇਕ ਐਸੇ ਸਮਾਜ ਪ੍ਰਬੰਧ ਵਲ ਵਧਣੇ ਸ਼ੁਰੂ ਹੋਏ, ਜਿਥੇ ਮਨੁੱਖ ਦੀ ਮਨੁੱਖ ਦੇ ਹਥੋਂ ਲੁੱਟ ਬਿਲਕੁਲ ਖਤਮ ਹੋ ਜਾਏ ਅਤੇ ਮਨੁਖ ਆਪਣੀ ਹੋਣੀ ਦਾ ਮਾਲਕ ਬਣ ਜਾਏ।

—ਮਾਰਕਸ ਦੀ ਸਾਇੰਸ ਨਾਲ ਲੈੱਸ ਅੱਜ ਦਾ ਸੂਝਵਾਨ ਮਨੁੱਖ ਸਪਸ਼ਟ ਤੌਰ ਤੇ ਜਾਣਦਾ ਹੈ ਕਿ ਸਮਾਜ ਦੇ ਬਹੁਤੇ ਲੋਕ ਜ਼ਿੰਦਗੀ ਦੀਆਂ ਨਿਆਮਤਾਂ ਤੋਂ ਕਿਉਂ ਖਾਲੀ ਹਨ ਤੇ ਕੁਝ ਲੋਕਾਂ ਕੋਲ ਅਯਾਸ਼ੀ ਦੇ ਸਾਰੇ ਸਾਧਨ ਕਿਉਂ ਹਨ? ਉਹ ਜਾਣਦਾ ਹੈ ਕਿ ਸਮਾਜ ਦੀਆਂ ਕਿਹੜੀਆਂ ਤਾਕਤਾਂ ਨਾਲ ਉਸ ਨੇ ਲੜਨਾ ਹੈ ਤੇ ਕਿਸ ਤਰ੍ਹਾਂ ਲੜਨਾ ਹੈ। ਉਹ ਜਾਗ੍ਰਿਤ ਹੋ ਰਿਹਾ ਹੈ। ਇਹ ਜਾਗ੍ਰਿਤੀ ਸਮੇਂ ਦੇ ਉਹਨਾਂ ਹਾਕਮਾਂ ਲਈ ਮੌਤ ਦਾ ਸੁਨਿਹਾ ਹੈ ਜੋ ਸਾਧਾਰਨ ਮਨੁੱਖ ਨੂੰ ਲਾਰਿਆਂ ਵਿਚ ਰੱਖ ਕੇ ਵੋਟਾਂ ਦੇ ਫੋਕੇ ਹੱਕ ਦਸ ਕੇ, ਈਸ਼ਵਰ ਭਗਤੀ ਤੇ ਦੇਸ਼-ਭਗਤੀ ਦੇ ਵਡੇ ਵਖਿਆਨ ਦੇ ਕੇ, ਗੁਆਂਢੀ ਦੇਸ਼ਾਂ ਨਾਲ ਜੰਗ ਦੇ ਡਰਾਵੇ ਦੇ ਕੇ ਆਦਿਕ ਆਪਣੇ ਸ਼ਕਤੀਸ਼ਾਲੀ ਪ੍ਰਚਾਰ ਸਾਧਨਾਂ ਰਾਹੀਂ ਲੋਕਾਂ ਨੂੰ ਭੰਬਲ-ਭੂਸਿਆਂ ਵਿਚ ਪਾਈ ਰਖਣਾ ਚਾਹੁੰਦੇ ਹਨ। ਜੇ ਲੋਕ ਇਨ੍ਹਾਂ ਝਾਂਸਿਆਂ ਵਿਚ ਆਉਣ ਤੋਂ ਇਨਕਾਰੀ ਹੋਣ ਤਾਂ ਰਿਆਸਤ ਦਾ ਤਸ਼ੱਦਦ ਬੜੀ ਬੇਰਹਿਮੀ ਨਾਲ ਉਹਨਾਂ ਤੇ ਵਾਰ ਕਰਦਾ ਹੈ। ਸਾਡੇ ਆਪਣੇ ਦੇਸ਼ ਵਿਚ ਆਪਣੇ ਹੀ ਅਮਲਾਂ ਨਾਲ ਦੰਭ ਦੇ ਵਡੇ ਵਡੇ ਥੰਮ੍ਹ ਡਿਗ ਰਹੇ ਹਨ। ਜੁਝਾਰ ਲੋਕਾਂ ਦਾ ਫਰਜ਼ ਹੈ ਕਿ ਜਾਗ੍ਰਿਤੀ ਦੀ ਇਸ ਸਾਇੰਸ ਨਾਲ ਆਪਣੇ ਆਪ ਨੂੰ ਪੂਰੀ ਤਰ੍ਹਾਂ ਲਾਮਬੰਦ ਕਰਨ, ਪਿੰਡ ਪਿੰਡ, ਮੁਹੱਲੇ ਮੁਹੱਲੇ ਜਮਾਤਾਂ ਲਾ ਕੇ, ਵਿਚਾਰ ਕੇਂਦਰ ਖੋਲ੍ਹ ਕੇ ਇਸ ਗਿਆਨ ਨੂੰ ਲੋਕਾਂ ਤਕ ਪੁਚਾਣ ਤਾਂ ਜੋ ਬਹੁਤੇ ਤੋਂ ਬਹੁਤੇ ਲੋਕ ਇਨਕਲਾਬ ਦੇ ਰਾਹ ਨੂੰ ਸਿਧਾਂਤਕ ਅਤੇ ਅਮਲੀ ਤੌਰ ਤੇ ਅਪਨਾਉਣ ਅਤੇ ਇਕ ਸੋਹਣੇ ਭਵਿੱਖ ਲਈ ਵਿਸ਼ਵਾਸ਼ ਨਾਲ ਸੰਘਰਸ਼ ਕਰਨ। ਮਨੁੱਖ ਦੇ ਵਿਸ਼ਵਾਸ਼ ਅੱਗੇ ਰਸਤੇ ਵਿਚ ਕੋਈ ਵੱਡੇ ਤੋਂ ਵੱਡਾ ਪਹਾੜ ਵੀ ਨਹੀਂ ਖਲੋ ਸਕਦਾ।

O

ਕਹਾਣੀ

## ਜਿਊਂਦੇ ਜੀ

—ਪ੍ਰੇਮ ਗੋਰਖੀ

ਉਹਨੇ ਦਰਵਾਜ਼ੇ ਦੀਆਂ ਮੋਟੀਆਂ ਚਾਰ ਕੋਨੀਆਂ ਲੋਹੇ ਦੀਆਂ ਸੀਖਾਂ ਨੂੰ ਹਥਾਂ ਵਿਚ ਘੁਟ ਲਿਆ, ਪਟਾਕ ਕਰ ਕੇ ਆਪਣਾ ਸਿਰ ਉਹਨਾਂ ਨਾਲ ਲਾ ਕੇ ਬਾਹਰ ਦੇ ਹਨੇਰੇ ਨੂੰ ਘੂਰਨ ਲਗ ਪਿਆ। ਘੂਰਦਾ ਰਿਹਾ ਘੂਰਦਾ ਰਿਹਾ ਤੇ ਫਿਰ ਉਹਨੂੰ ਮਹਿਸੂਸ ਹੋਇਆ ਉਹਦੇ ਹੱਥਾਂ ਵਿਚ ਚੀਸਾਂ ਪੈਣ ਲਗੀਆਂ ਨੇ ਤੇ ਮੱਥੇ ਵਿਚ ਸੀਖ ਦਾ ਕਿਨਾਰਾ ਖੁੱਭਦਾ ਜਾ ਰਿਹਾ—ਤ੍ਰਿੱਖੀ ਪੀੜ ਪੈਦਾ ਕਰ ਰਿਹਾ ਹੈ ਤਾਂ ਉਹਨੇ ਪਿਛੇ ਹਟਣ ਤੋਂ ਪਹਿਲਾਂ ਇਕ ਵਾਰ ਫਿਰ ਬਾਹਰ ਦੇ ਵਾਤਾਵਰਨ ਨੂੰ ਟੇਕ ਲਾ ਕੇ ਦੇਖਿਆ—ਸਾਹਮਣੇ ਹਨੇਰਾ ਸੀ, ਜੇਲ੍ਹ ਦੇ ਅੰਦਰਲੇ ਵੱਡੇ ਗੇਟ ਵਾਲੀ ਬੱਤੀ ਜਗ ਰਹੀ ਸੀ ਜਿਸਦੀ ਰੋਸ਼ਨੀ ਜਿਥੇ ਤੱਕ ਜਾਂਦੀ ਸੀ ਬਸ ਨਿਮੇ ਜਿਹੇ ਚਾਨਣ ਵਾਂਗ, ਤੇ ਉਸ ਨੇ ਉਸ ਨੀਮ ਰੋਸ਼ਨੀ ਵਿਚ ਵਡੇ ਅਹਾਤੇ ਵਿਚ ਲਕੜਾਂ ਪਈਆਂ ਦੇਖੀਆਂ...ਪਰਲੇ ਪਾਸੇ ਬੋਰੀਆਂ ਦਾ ਢੇਰ ਸੀ, ਇਕ ਪਾਸੇ ਕੈਦੀਆਂ ਦੇ ਹੱਥਾਂ ਦੀਆਂ ਬਣੀਆਂ ਬੂਹੇ ਬਾਰੀਆਂ ਦੀਆਂ ਚੁਗਾਠਾਂ ਪਈਆਂ ਸਨ ਤੇ ਉਹਨਾਂ ਦੇ ਉਰਲੇ ਪਾਸੇ ਮੋਟੀਆਂ ਮੋਟੀਆਂ ਸ਼ਤੀਰੀਆਂ ਪਈਆਂ, ਚਿੱਟੀ ਕੰਧ ਵਾਂਗ ਲਗ ਰਹੀਆਂ ਸਨ। ਇਸ ਸਭ ਕਾਸੇ ਤੋਂ ਪਰਲੇ ਪਾਸੇ, ਵਾਰਡ ਦੇ ਵਰਾਂਡੇ ਵਿਚ ਸਿਰੇ ਦੇ ਕੋਨੇ ਤੇ ਬੱਤੀ ਜਲ ਰਹੀ ਸੀ ਤੇ ਬੱਤੀ ਦੇ ਹੇਠ ਬੰਦੂਕ ਨੂੰ ਹਥ 'ਚ ਫੜੀ ਸਟੂਲ ਤੇ ਬੈਠਾ ਸਿਪਾਹੀ ਲਗਦਾ ਸੀ ਜਿਵੇਂ ਊਂਘਲਾ ਰਿਹਾ ਹੈ ਤੇ ਦੂਸਰਾ ਸਿਰਾ ਜਿਹੜਾ ਉਹਦੇ ਖੱਬੇ ਹਥ ਸੀ ਓਧਰ ਵੀ ਬੱਤੀ ਜਲ ਰਹੀ ਸੀ ਤੇ ਉਹਦੇ ਥਲੇ ਪਏ ਡਰੰਮਾਂ ਉਪਰ ਟੁੱਟੀਆਂ ਭਜੀਆਂ

ਕੁਰਸੀਆਂ ਪਈਆਂ ਉਹਨੂੰ ਸਾਫ ਦਿਸ ਰਹੀਆਂ ਸਨ... ਉਹਨਾਂ ਦੇ ਨਾਲ ਨਵੇਂ ਬਣੇ ਮੰਜੇ ਪਏ ਸਨ।

ਇਸ ਸਭ ਕਾਸੇ ਤੋਂ ਨਜ਼ਰ ਹਟਾਕੇ ਉਹਨੇ ਉਪਰ ਅੰਬਰ ਵਲ ਦੇਖਣ ਦੀ ਕੋਸ਼ਿਸ਼ ਕੀਤੀ ਪਰ ਮੂਹਰੇ ਬਰਾਂਡੇ ਦਾ ਵਾਧਰਾ ਹੋਣ ਕਰਕੇ ਬਸ ਅੰਦਰ ਨੀਵਿਆਂ ਹੋ ਕੇ ਵੇਖਣ ਨਾਲ ਮਸਾਂ ਅੰਬਰ ਦਾ ਕਿਨਾਰਾ ਜਿਹਾ ਨਜ਼ਰੀਂ ਪੈਂਦਾ ਸੀ ਜਿਹਦੇ ਵਿਚ ਨਿਕਲੇ ਤਾਰੇ ਟਿਮ ਟਿਮਾਉਂਦੇ ਉਹਨੂੰ ਨਜ਼ਰ ਪੈ ਰਹੇ ਸਨ। ਬਾਹਰ ਨੂੰ ਜਾਂਦੀ ਉਹਦੀ ਨਜ਼ਰ ਪਰਤ ਕੇ ਇਹਦੇ ਆਪਣੇ ਆਪ ਕੋਲ ਆ ਗਈ ਤੇ ਉਹ ਸਿਰ ਨੂੰ ਸੀਖਾਂ ਨਾਲੋਂ ਹਟਾ ਕੇ ਟੇਡਾ ਜਿਹਾ ਹੋ ਆਪਣੇ ਵਰਾਂਡੇ ਦੇ ਕੋਨੇ ਵਿਚ ਵੇਖਣ ਲਗਾ, ਉਧਰ ਵੀ ਬੱਤੀ ਦੀ ਮੱਧਮ ਰੋਸ਼ਨੀ ਨਜ਼ਰ ਆ ਰਹੀ ਸੀ। ਉਹ ਧੋਲੇ ਜਿਹੇ ਸਰਕਿਆ ਤੇ ਸੀਖਾਂ ਤੋਂ ਪਿਛੇ ਹੋ ਕੇ ਖੜ ਗਿਆ...ਦਰ ਅਸਲ ਅੱਜ ਉਹ ਕੁਝ ਲਿਖਣਾ ਚਾਹੁੰਦਾ ਹੈ ਪਰ ਹਨੇਰੇ 'ਚ ਲਿਖਿਆ ਨਹੀਂ ਸੀ ਜਾ ਸਕਦਾ। ਜਿਸ ਦਿਨ ਤੋਂ ਉਹਦੇ ਪ੍ਰਾਂਤ ਵਿਚ ਬਿਜਲੀ ਉਪਰ ਕਟੌਤੀ ਲਗੀ ਸੀ ਉਸ ਦਿਨ ਤੋਂ ਬਾਅਦ ਜੇਲ੍ਹ ਵਿਚ ਬਤੀਆਂ ਘਟ ਤੋਂ ਘਟ ਜਗਾਉਣ ਦਾ ਆਰਡਰ ਹੋ ਗਿਆ ਸੀ, ਇਹ ਗੱਲ ਉਹਨੂੰ ਜਗਜੀਤ ਸਿਪਾਹੀ ਨੇ ਦਸੀ ਸੀ ਜਿਹੜਾ ਉਹਨੂੰ ਕਦੇ ਕਦੇ ਬਾਹਰੋਂ ਅਖ਼ਬਾਰ ਵੀ ਲਿਆ ਕੇ ਦੇ ਦਿੰਦਾ ਸੀ। ਉਹ ਕਿੰਨਾ ਚਿਰ ਖੜਾ ਸੋਚਦਾ ਰਿਹਾ "ਜੇ ਅੱਜ ਜਗਜੀਤ ਦੀ ਡਿਊਟੀ ਹੁੰਦੀ" ਉਹਦੇ ਦਿਮਾਗ਼ ਵਿਚ ਸੋਚ ਆਈ ਤੇ ਉਹ ਜਗਜੀਤ ਬਾਰੇ ਸੋਚਣ ਲਗ ਪਿਆ। ਉਹਦੀ ਸੋਚ ਠੀਕ ਸੀ। ਉਹ ਜਗਜੀਤ ਕੋਲੋਂ ਮੋਮ ਬੱਤੀ ਮੰਗਵਾ ਕੇ ਕੁਝ ਲਿਖ ਕੇ ਮਨ ਦਾ ਭਾਰ ਹੌਲਾ ਕਰ ਸਕਦਾ ਸੀ। ਪਰ ਜਗਜੀਤ ਹੁਣ ਉਥੇ ਮੌਜੂਦ ਨਹੀਂ ਸੀ। "ਪਤਾ ਨਹੀਂ ਵਿਚਾਰੇ ਦੀ ਕਿਥੇ ਟ੍ਰਾਂਸਫਰ..." ਉਹ ਸੋਚਦਾ ਹੋਇਆ ਮਾਯੂਸ ਜਿਹਾ ਹੋ ਗਿਆ। ਕਿਉਂਕਿ ਜਿਸ ਦਿਨ ਤੋਂ ਜਗਜੀਤ ਨੇ ਉਹਦੇ ਨਾਲ ਮਿਲਣਾ ਗਿਲਣਾ ਵਧਾ ਦਿਤਾ ਸੀ ਉਸੇ ਦਿਨ ਤੋਂ ਜੇਲ੍ਹ ਦੇ ਅਧਿਕਾਰੀ ਅਫਸਰਾਂ ਵਿਚ ਇਕ ਸ਼ਕ ਗੁਜ਼ਰ ਕੇ ਰਹਿ ਗਿਆ ਸੀ ਤੇ ਉਹਨਾਂ ਨੇ ਇਸੇ ਕਰਕੇ ਉਹਦੀ ਟ੍ਰਾਂਸਫਰ ਕਰਕੇ ਪਤਾ ਨਹੀਂ ਕਿਧਰ ਭੇਜ ਦਿਤਾ ਸੀ।

ਇਕ-ਦਮ ਉਹਦੀ ਪਿੱਠ ਤੇ ਜਿਵੇਂ ਕੁਝ ਲੜਿਆ ਤੇ ਉਹ ਨੰਗੇ ਪਿੰਡੇ ਉਪਰ ਜ਼ੋਰ ਜ਼ੋਰ ਨਾਲ ਹਥ ਮਾਰ ਕੇ ਖੁਰਕ ਕਰਨ ਲਗਿਆ। ਉਹਨੇ ਤੇੜ ਕਛਾ ਹੀ ਪਾਇਆ ਹੋਇਆ ਸੀ ਤੇ ਗਰਮੀ ਕਰ ਕੇ ਉਹਨੇ ਬਾਕੀ ਸਾਰੇ ਲੀੜੇ ਲਾਹ ਕੇ ਰੱਖ ਦਿਤੇ ਸਨ। ਖੁਰਕ ਕਰਦਾ ਕਰਦਾ ਉਹ ਪਿਛੇ ਨੂੰ ਮੁੜਿਆ ਤੇ ਥਲੇ ਪਏ ਲੀੜਿਆਂ ਵਿਚੋਂ ਪੈੱਨ ਢੂੰਡਣ ਲਗਿਆ। ਤਦੋ ਉਹਦੇ ਨੱਕ ਵਿਚ ਸੜਾਂਦ ਦਾ ਬੁੱਲਾ ਆ ਵੜਿਆ ਤੇ ਉਹਦੇ ਮਗਜ਼ ਨੂੰ ਬਦਬੂ ਨਾਲ ਭਰ ਕੇ ਰੱਖ ਗਿਆ। ਉਹਨੇ ਕਾਹਲੀ ਕਾਹਲੀ ਪੈਨ ਲਭਿਆ, ਮੱਛਰ ਦੀ ਘੂੰ ਘੂੰ ਉਹਨੂੰ ਡਰਾਉਣੀ ਜਹੀ ਜਾਪੀ ਤੇ ਉਹਨੂੰ ਲਗਿਆ ਜਿਵੇਂ ਇਹ ਮੱਛਰ ਨਾ ਹੋਕੇ ਮੋਟੇ ਮੋਟੇ ਕੀੜੇ ਉਹਦੀ ਪਿੱਠ ਉੱਪਰ ਰੀਂਘ ਰਹੇ ਹੋਣ, ਉਹਦੀ ਦੇਹ ਕੰਬ ਕੇ ਰਹਿ ਗਈ ਤੇ ਉਹ ਝਟ ਕਾਗਜ਼ ਚੁੱਕ ਸੀਖਾਂ ਲਾਗੇ ਆ ਬੈਠਿਆ। ਜਦ ਜੇਲ੍ਹ ਤੋਂ ਖਾਸੀ ਦੂਰ ਬਾਹਰ ਘੰਟੀ ਖੜਕਣ ਦੀ ਅਵਾਜ ਆਈ ਤੇ ਉਹ ਚੁਪ ਸਾਧੀ ਘੰਟੀਆਂ ਗਿਣਨ ਲਗ ਪਿਆ। 'ਬਾਰਾਂ, ਤੇਰ੍ਹਾਂ, ਚੌਧਾਂ'...ਘੰਟੀਆਂ ਦੇ ਨਾਲ ਨਾਲ ਉਹ ਮੂੰਹ ਵਿਚ ਬੁੜ ਬੁੜ ਬੁੜਾਉਂਦਾ ਗਿਆ 'ਪੰਦਰਾਂ...' ਤੇ ਅਗੇ ਨਾ ਘੰਟੀ ਖੜਕੀ ਨਾ ਉਹਦੇ ਬੁਲ ਫਰਕੇ। ਹੁਣ ਉਹ ਜਿਧਰ ਨੂੰ ਮੂੰਹ ਕਰਕੇ ਬੈਠਾ ਸੀ ਇਹ ਘੰਟੀਆਂ ਦੇ ਵਜਣ ਦੀ ਅਵਾਜ਼ ਉਧਰੋਂ ਆਈ ਸੀ, ਪਰਲੇ ਪਾਸੇ ਗਿਰਜੇ ਵਿਚੋਂ। 'ਇਹ ਗਿਰਜਾ ਉਹ ਹੈ!' ਤੇ ਉਹ ਹਾਉਕਾ ਜਿਹਾ ਮਾਰ ਕੇ ਰਹਿ ਗਿਆ ਜਦੋਂ ਉਹਦੀਆਂ ਅੱਖਾਂ ਮੂਹਰੇ ਗਿਰਜੇ ਦਾ ਅਕਸ ਉਤਰ ਆਇਆ। ਇਸ ਗਿਰਜੇ ਨਾਲ ਵੀ ਉਹਦੀ ਸਾਂਝ ਜੁੜੀ ਹੋਈ ਸੀ ਜਿਥੇ ਲੁਕ ਕੇ ਉਹਨੇ ਕਦੇ ਮੁਸੀਬਤ ਨੂੰ ਟਾਲਿਆ ਸੀ...'ਤੇ ਉਹ ਪਾਦਰੀ ਜੋ ਗਿਰਜੇ ਦੀ ਕਾਰਵਾਈ ਦਾ ਅਧਿਕਾਰੀ ਹੈ, ਉਸ ਬਾਰੇ ਕੀ ਕਹਾਂ' ਉਹ ਉਸ ਪਾਦਰੀ ਬਾਰੇ ਸੋਚਦਾ ਗਿਆ ਜਿਸ ਨੇ ਉਹਨੂੰ ਆਪਣੇ ਕੋਲ ਢੋਈ ਦਿਤੀ ਸੀ। ਉਦੋਂ ਉਹ ਆਪਣੇ ਸਾਥੀਆਂ ਨਾਲ (ਜੋ ਹੁਣ ਗ੍ਰਿਫਤਾਰ ਹੋ ਚੁਕੇ ਹਨ) ਇਸ ਸ਼ਹਿਰ ਦੇ ਬਜ਼ਾਰ ਵਿਚ ਘੁੰਮ ਰਿਹਾ ਸੀ...ਤੇ ਇਕ ਦਮ ਉਹਨਾਂ ਨੂੰ ਪਤਾ ਲਗਾ ਉਹ ਪੁਲਸ ਦੀ ਨਾਕਾਬੰਦੀ ਵਿਚ ਹਨ। ਉਹ ਬੌਂਦਲ ਗਏ ਤੇ ਇਧਰ ਉਧਰ ਖਿੰਡ ਕੇ ਦੌੜਨ ਲਗੇ। ਉਹ ਜਿਉਂ ਇਕੱਲਾ ਹੀ ਲੁਕਦਾ ਛਿਪਦਾ ਬਾਜ਼ਾਰ ਤੋਂ ਬਾਹਰ ਆਇਆ ਸਿੱਧਾ ਵੱਡੀ ਸੜਕ ਟੱਪ ਕੇ ਮਹੱਲੇ ਵਿਚੀਂ ਹੋ ਸ਼ਹਿਰ ਤੋਂ ਬਾਹਰ ਆ ਗਿਆ ਤੇ ਫਿਰ ਉਹਨੇ ਇਹ ਗਿਰਜਾ ਦੇਖ ਕੇ ਇਥੇ ਲੁਕ ਜਾਣਾ ਚਾਹਿਆ। ਉਹ ਝਟ ਅੰਦਰ ਗਿਆ, ਅੰਦਰ ਪਾਦਰੀ ਖੜਾ ਅਲਮਾਰੀ ਵਿਚ ਪਈਆਂ ਕਿਤਾਬਾਂ ਨੂੰ ਇਧਰ ਉਧਰ ਰੱਖ ਰਿਹਾ ਸੀ, ਉਹ ਪਾਦਰੀ ਕੋਲ ਚਲਾ ਗਿਆ ਤੇ...ਉਹਨੇ ਹੌਲੇ ਜਿਹੇ ਪਾਦਰੀ ਨੂੰ ਤਰਲੇ ਨਾਲ ਆਖਿਆ। ਪਹਿਲੇ ਪਾਦਰੀ ਉਹਦੇ ਮੂੰਹ ਵੱਲ ਦੇਖਦਾ ਰਿਹਾ ਤੇ ਫਿਰ ਉਹਨੇ ਉਪਰ ਨੂੰ ਮੂੰਹ ਚੁੱਕ, ਗੰਭੀਰ ਜਿਹੇ

ਹੁੰਦਿਆਂ ਛਾਤੀ ਤੇ ਕਰਾਸ ਬਣਾਇਆ ਤੇ ਉਸਨੂੰ ਆਪਣੀ ਗਲਵਕੜੀ ਵਿਚ ਲੈਂਦਾ ਹੋਇਆ ਇਕ ਪਾਸੇ ਨੂੰ ਇਕ ਕਮਰੇ ਵਿਚ ਲੈ ਗਿਆ। ਬਸ ਉਸ ਤੋਂ ਬਾਅਦ ਉਹ ਉਥੇ ਆਉਂਦਾ ਜਾਂਦਾ ਰਿਹਾ ਤੇ ਉਹਨੇ ਨਵਾਂ ਸੁਰਾਖ ਲਭ ਲਿਆ ਸੀ ਜੋ ਜੇਲ੍ਹ ਅੰਦਰ ਉਹਦੇ ਸਾਥੀਆਂ ਕੋਲ ਖਬਰਸਾਰ ਪਹੁੰਚਾਣ ਲਈ ਬਹੁਤ ਵਧੀਆ ਸੀ। ਇਹ ਸੀ ਜਗਜੀਤ ਸਿਪਾਹੀ ਜੋ ਪਾਦਰੀ ਦੇ ਘਰ ਕੋਲ ਹੀ ਰਹਿੰਦਾ ਸੀ ਤੇ ਪਾਦਰੀ ਨੇ ਉਹਨੂੰ ਸਦ ਕੇ ਆਪ ਹੀ ਉਹਦੇ ਨਾਲ ਉਹਦੀ ਜਾਣ ਪਛਾਣ ਕਰਾ ਦਿਤੀ ਸੀ।

ਘੰਟੀਆਂ ਦੀ ਆਵਾਜ਼ ਸੁਣ ਕੇ ਉਹਨੂੰ ਪਾਦਰੀ ਦੀ ਯਾਦ ਆਈ, ਤੇ ਉਸ ਗਿਰਜੇ ਦੀ ਯਾਦ ਆਉਣੀ ਵੀ ਸੁਭਾਵਿਕ ਹੀ ਸੀ। ਤੇ ਉਸ ਨੇ ਬੈਠਿਆਂ ਬੈਠਿਆਂ ਅਖਾਂ ਪੋਲੇ ਜਿਹੇ ਮੀਟੀ ਛਾਤੀ ਉਪਰ ਕਰਾਸ ਬਣਾਇਆ .. ਤੇ ਫਿਰ ਹੱਸ ਪਿਆ। ਉਹ ਉਠਿਆ ਤੇ ਕੰਧ ਨਾਲ ਲਗ ਕੇ ਬਾਹਾਂ ਨੂੰ ਆਸ ਪਾਸ ਫੈਲਾ, ਧੌਣ ਇਕ ਪਾਸੇ ਲੁੜਕਾ ਕੇ ਯਸੂ ਮਸੀਹ ਦੀ ਮੂਰਤ ਵਾਂਗ ਹੋ ਗਿਆ, ਪਰ ਝਟ ਹੀ ਉਹ ਥਲੇ ਬੈਠ ਗਿਆ ਤੇ ਕਿੰਨਾ ਚਿਰ ਹਸਦਾ ਰਿਹਾ ਜਿਵੇਂ ਉਹ ਇਨ੍ਹਾਂ ਰੀਤਾਂ ਰਿਵਾਜਾਂ ਨੂੰ ਦਿਲ ਹੀ ਦਿਲ ਅੰਦਰ ਮਖੌਲ ਕਰ ਰਿਹਾ ਹੋਵੇ ਤੇ ਫਿਰ ਉਹਨੇ ਹਨੇਰੇ ਵਿਚ ਕਾਗਜ਼ ਗੋਡੇ ਉਪਰ ਰਖ ਕੇ ਲਿਖਣਾ ਅਰੰਭਿਆ ਤੇ ਪੰਕਤੀ ਪੂਰੀ ਕੀਤੀ। ਅਤੇ ਇਕ ਪਾਸੇ ਨੂੰ ਕਾਗਜ਼ ਕਰਕੇ ਲਿਖੇ ਅੱਖਰਾਂ ਨੂੰ ਪੜ੍ਹਣ ਦੀ ਕੋਸ਼ਿਸ਼ ਕਰਨ ਲਗਿਆ, ਪਰ ਅੱਖਰ ਪੜ੍ਹੇ ਨਾ ਗਏ... ਰੌਸ਼ਨੀ ਵਿਚ ਤਾਂ ਮਸਾਂ ਉਹਨੂੰ ਕਾਗਜ਼ ਹੀ ਦਿਸ ਰਿਹਾ ਸੀ। ਉਹ ਲਿਖੇ ਅੱਖਰਾਂ ਨੂੰ ਮੂੰਹ ਵਿਚ ਹੀ ਗੁਣ ਗੁਣਾਨ ਲਗਿਆ 'ਮੇਰੇ ਬਾਪ ਤੂੰ ਡੋਲ ਨਾ ਜਾਵੀਂ......ਵਰ੍ਹਦੀ ਗੋਲੀ ਦਾ ਨਾਂ ਸੁਣ ਕੇ ਮੇਰੀ ਭੈਣ ਤੇ ਮਰੀ ਹੋਈ ਮਾਂ ਨੀ, ਤੇ......ਤੁਸੀਂ'... .. ।'

ਕਿੰਨਾ ਚਿਰ ਉਹ ਅੱਗੇ ਸੋਚਦਾ ਰਿਹਾ ਤੇ ਫਿਰ ਹਨੇਰੇ ਵਿਚ ਪੈੱਨ ਦੀ ਟੇਕ ਸਿਧੀ ਲਾ ਕੇ ਕਾਗਜ਼ ਉਪਰ ਦਵਾ ਦਵ ਲਿਖਣ ਲਗ ਪਿਆ।

ਤਦੇ ਬਾਹਰ ਫਿਰ ਘੰਟੀ ਖੜਕਣ ਦੀ ਅਵਾਜ਼ ਆਈ......ਪਰ ਹੁਣ ਘੰਟੀ ਜਲਦੀ ਰੁਕ ਗਈ ਤੇ ਉਹਨੇ ਤਿੰਨ ਵਜਾਏ। ਇਹ ਘੰਟੀ ਜੇਲ੍ਹ ਦੀ ਘੰਟੀ ਸੀ।

ਜਦੋਂ ਉਹ ਲਿਖ ਕੇ ਹਟਿਆ ਤਾਂ ਉਬਾਸੀਆਂ ਲੈਣ ਲਗਿਆ। ਉਹਨੂੰ ਜਾਪਿਆ ਜਿਵੇਂ ਨੀਂਦ ਆ ਰਹੀ ਹੋਵੇ। ਉਹ ਅੱਖਾਂ ਨੂੰ ਮਲਦਾ ਹੋਇਆ ਪੈੱਨ ਕਾਗਜ਼ਾਂ ਨੂੰ ਲੀੜਿਆਂ ਉੱਪਰ ਰਖ ਥੱੜੇ ਉਪਰ ਬੈਠ ਗਿਆ। ਉਪਰੋਂ ਕੰਬਲ ਚੁਕ ਕੇ ਉਹਨੇ ਸਰਹਾਣੇ ਵਲ ਕੀਤਾ ਤਾਂ ਉਹਨਾਂ ਵਿਚੋਂ ਟਿੱਡੀਆਂ ਛੜੱਪੇ ਮਾਰਦੀਆਂ ਉਹਦੀਆਂ ਲਤਾਂ ਨਾਲ ਟਕਰਾਈਆਂ ਉਹਨੇ ਉਪਰ ਖੜੋ ਕੇ ਆਪਣਾ ਆਪ ਝਾੜਿਆ ਤੇ ਸਿੱਧਾ ਪੈ ਗਿਆ...... ਪਰ ਨੀਂਦ ਕਿਥੇ। ਲੱਕ ਉਹਦਾ ਪੀੜ ਕਰਨ ਲਗ ਪਿਆ ਸੀ ਤੇ ਬਾਹਾਂ ਲੱਤਾਂ ਨਿਸਲ ਜਹੀਆਂ ਹੋਈਆਂ ਟੁੱਟਣ ਭਜਣ ਕਰ ਰਹੀਆਂ ਸਨ। ਤਦੇ ਉਹਦੇ ਕੰਨ ਵਿਚ ਕੁਝ ਆ ਵੜਿਆ ਤੇ ਉਹ ਛੇਤੀ ਨਾਲ ਉੱਠ ਕੇ ਕੰਨ ਝਾੜਨ ਲਗ ਪਿਆ। ਉਹ ਉਠਿਆ ਤੇ ਦਰਵਾਜ਼ੇ ਲਾਗੇ ਆ ਗਿਆ ਉਹਨੇ ਘੁੱਟ ਕੇ ਸੀਖਾਂ ਨੂੰ ਫੜ ਲਿਆ......ਇਕ ਰੋਹ ਜਿਵੇਂ ਉਹਦੇ ਅੰਦਰ ਬੁਲ੍ਹੇ ਵਾਂਗ ਉਠਿਆ ਤੇ ਉਹਨੇ ਪੂਰੇ ਜ਼ੋਰ ਨਾਲ ਦਰਵਾਜ਼ੇ ਨੂੰ ਇਧਰ ਉਧਰ ਧਕਿਆ। ਇਕ ਖੜਾਕਾ ਹੋਇਆ ਤੇ ਫਿਰ ਚੁੱਪ ਪਸਰ ਗਈ। ਫਿਰ ਉਹ ਚੁੱਪ ਕੀਤਾ ਖੜਾ ਮੂੰਹ ਵਿਚ ਕੁਝ ਗੁਣ ਗੁਣਾਉਣ ਲਗਿਆ ਤੇ ਉਹਦਾ ਦਿਲ ਕੀਤਾ ਕੁਝ ਗਾਵੇ ... ਜ਼ੋਰ ਜ਼ੋਰ ਨਾਲ ਗਾਵੇ... ਚੀਕਾਂ ਮਾਰ ਮਾਰ...ਪਰ ਝਟ ਹੀ ਉਹਦੇ ਮੂਹਰੇ ਡਿਊਟੀ ਉਪਰ ਖੜੇ ਸਿਪਾਹੀ ਦਾ ਚੇਹਰਾ ਆ ਖੜ੍ਹਿਆ,'ਬੜਾ ਕੁਤੇ ਦਾ ਬੀ ਐਂ' ਸੋਚਦਿਆਂ ਉਹਨੇ ਮੂੰਹ ਵਿਚ ਗਾਲ੍ਹੀ ਕਢੀ। ਉਹਦਾ ਚਿਤ ਸਹਿਜੇ ਸਹਿਜੇ ਗਾਵੇ ਉਵੇਂ ਜਿਵੇਂ ਉਹਦਾ ਬਾਪ ਗਾਇਆ ਕਰਦਾ ਸੀ। ਉਹਨੂੰ ਬਾਪ ਦੀ ਯਾਦ ਆਈ ਜਿਹੜਾ ਜਦੋਂ ਗਾਉਂਦਾ ਸੀ ਸੁਣਨ ਵਾਲਿਆਂ ਨੂੰ ਕੀਲ ਕੇ ਰੱਖ ਦਿੰਦਾ ਸੀ। ਆਮ ਤੌਰ ਤੇ ਉਹਦਾ ਬਾਪ ਕਿਸ਼ੋਰ ਚੰਦ ਦਾ ਰੂਪ ਬਸੰਤ ਗਾਉਂਦਾ ਹੁੰਦਾ ਸੀ ਜਾਂ ਕਾਦਰਯਾਰ ਦਾ ਪੂਰਨ ਭਗਤ। ਪਰ ਉਹਦਾ ਦਿਲ ਕੀਤਾ ਮਿਰਜ਼ਾ ਗਾਵੇ...ਮਿਰਜ਼ਾ ਵੀ ਪੀਲੂ ਦਾ, ਜੋ ਉਹਨੇ ਹਮੇਸ਼ਾਂ ਪਿੰਡ ਦੀਆਂ ਸਥਾਂ ਵਿਚ, ਮੇਲੇ ਵਿਚ ਪੈਂਦੇ ਭੰਗੜੇ ਵਿਚ, ਡੰਗਰਾਂ ਦੀਆਂ ਚਰਾਂਦਾਂ ਵਿਚ ਗਾ ਹੁੰਦਾ ਸੁਣਿਆ ਸੀ ਪਰ ਅੱਜ ਪਹਿਲੀ ਵਾਰ ਸੀ ਮਿਰਜ਼ਾ ਜੇਲ੍ਹ ਵਿਚ ਗਾਇਆ ਜਾਣ ਲੱਗਾ ਸੀ......'ਹੁਜਰੇ ਸ਼ਾਹ ਮਕੀਮ ਦੇ ਇਕ ਜੱਟੀ ਅਰਜ਼ ਕਰੇ'...... ਉਹਨੇ ਲੈਅ ਵਿਚ ਆ ਕੇ ਹੇਕ ਲਾਈ ਤੇ ਅਵਾਜ਼ ਨੂੰ ਵਧਾਇਆ। ਤਦ ਖੜਕ ਖੜਕ ਕਰਦੇ ਬੂਟਾਂ ਦੀ ਆਵਾਜ਼ ਆਈ ਤੇ ਛਤੀ ਹੀ ਹਥ ਵਿਚ ਬੰਦੂਕ ਫੜੀ ਸਿਪਾਹੀ ਉਹਦੇ ਦਰਵਾਜ਼ੇ ਮੂਹਰੇ ਆ ਖੜਿਆ।

"ਤੈਨੂੰ ਅਜੇ ਨੀਂਦ ਨੀ ਆਈ—ਚੀਕਾਂ ਮਾਰਨ ਡਹੈਂ ... ਇਥੇ ਭਾਈਏ ਦਾ ਵਿਆਹ ਹੁੰਦੈ—ਸਾਲਾ ਰਵੇਦਾਰੀਆਂ ਦਾ..."

"ਬਕਣ ਦੀ ਲੋੜ ਨੀ ਜਾਹ ਜਾ ਕੇ ਕੰਮ ਕਰ .."

'ਅੱਛਾ ਇਹ ਗੱਲ ਐ ... ਸਵੇਰੇ ਈ ਲੈ ਤੂੰ' ਤੇ

ਬਾਹਰ ਖੜਾ ਸਿਪਾਹੀ ਬੰਦੂਕ ਨੂੰ ਜ਼ੋਰ ਨਾਲ ਮੋਢੇ ਉਪਰ ਰਖਦਾ ਹੋਇਆ, ਕੁਤਰੀ ਦਾਹੜੀ ਨੂੰ ਖਸੂੰਦਾ ਉਹਦੇ ਕੰਨੀ ਘੂਰਦਾ ਰਿਹਾ ਤੇ ਬੁੜ ਬੁੜ ਕਰਦਾ ਪਿਛੇ ਨੂੰ ਮੁੜ ਪਿਆ ।

ਸਿਪਾਹੀ ਦੇ ਮੁੜਨ ਨਾਲ ਗਵਾਂਢੀ ਦੇ ਖੰਘਣ ਦੀ ਅਵਾਜ਼ ਆਈ ਤੇ ਨਾਲ ਹੀ ਬੋਲਣ ਦੀ–ਕੀ ਕਹਿੰਦੇ ਇਹ... ਛੋਕਰੀ ਜਾਵੇ ਘੜੀ ਦੀ ਘੜੀ ਪਤਾ ਨੀ ਕੀ ਬਣ ਜਾਂਦੇ ਨੇ ।"

"ਅਖੇ ਗਾਉਂਦਾ ਕਿਉਂ ਐਂ—ਮੈਂ ਵੀ ਖਰੀ ਸੁਣਾਈ ਫਿਰ ਉਹ ਦਰਵਾਜ਼ੇ ਲਾਗੇ ਹੁੰਦਾ ਬੋਲਿਆ ।

"ਚਾਰ ਮਾ–ਰਾਜ ਦੇ ਵਾਕ ਸੁਣਾਉਂਦਾ ਤਾਂ ਠੀਕ ਸੀ–ਤੂੰ ਚੁਪੇ ਕਰ ਗਿਆ ।"

"ਮਖਾਂ ਕਾਹਨੂੰ......"

"ਅਛਾ ਕੀਹ ਤੂੰ ਅਗਲਾ ਬੰਦ......ਹੁਣ ਦੇਖਾਂਗੇ ਇਹਨੂੰ ।"

"ਐਵੇਂ ਭੌਂਕੂ......ਛਡ ਪਰੇ" ਤੇ ਪੈਰਾਂ ਦਾ ਬਾਹਰ ਹੁੰਦਾ ਖੜਾਕ ਸੁਣ ਕੇ ਉਹ ਦੋਨੋਂ ਚੁੱਪ ਕਰ ਗਏ ।

ਡਿਊਟੀ ਵਾਲਾ ਸਿਪਾਹੀ ਉਹਨਾਂ ਦੇ ਦਰਵਾਜ਼ਿਆਂ ਲਾਗੇ ਤਣ ਕੇ ਖੜ ਗਿਆ ।

"ਸ਼ਕਾਇਤ ਲਿਖੀ ਗਈ ਤੇਰੀ ... ਸਵੇਰੇ ਦੇਖੀਂ ਤੂੰ ਵੱਡਾ ਇਨਕਲਾਬੀ... ।"

"ਸਵੇਰੇ ਜੇਹੜਾ ਫਾਹੇ ਲਾਉਣਾ ਹਊ ਲਾ ਲੀਂ ਯਾਰ .....ਐਵੇਂ ਕਾਹਨੂੰ ਹੁਣ ਤੂੰ ਚਿੰਜੜੀ ਛੇੜੀ ਜਾਂਦੈਂ" ਨਾਲ ਵਾਲੇ ਨੇ ਕਿਹਾ ਤੇ ਸਿਪਾਹੀ ਚੁੱਪ ਕਰ ਕੇ ਪਰੇ ਨੂੰ ਹਟ ਵਰਾਂਡੇ ਵਿਚ ਕੌਲੇ ਨਾਲ ਲਗ ਕੇ ਖੜ ਗਿਆ ।

ਉਹ ਦਰਵਾਜ਼ੇ ਕੋਲੋਂ ਹਟ ਥੜੇ ਉਪਰ ਜਾ ਪਿਆ, ਮਛਰ ਪਿੰਡੇ ਨੂੰ ਤੋੜ ਤੋੜ ਖਾ ਰਿਹਾ ਸੀ । ਉਹਨੇ ਚਾਦਰਾ ਚੁਕ ਕੇ ਉਪਰ ਲੈ ਲਿਆ ।

ਸਵੇਰੇ ਜਦੋਂ ਉਹਦੀ ਅੱਖ ਖੁਲ੍ਹੀ ਚੰਗਾ ਸਵੇਰਾ ਹੋ ਗਿਆ ਸੀ । ਜੇਲ੍ਹ ਦੇ ਜਮਾਦਾਰ ਪਾਣੀ ਦੇ ਡਰੰਮ ਲਿਆ ਲਿਆ ਕੇ ਕੈਦੀਆਂ ਦੀਆਂ ਕੋਠੀਆਂ ਵਿਚ ਪਏ ਡਰੰਮਾਂ ਵਿਚ ਪਾਣੀ ਪਾ ਰਹੇ ਸਨ । ਚਾਰੇ ਪਾਸੇ ਚਹਿਲ ਪਹਿਲ ਸੀ ।

"ਬਾਈ ਜਿਆਂ" ਉਹਦੇ ਗਵਾਂਢੀ ਨੇ 'ਵਾਜ ਮਾਰੀ ।

"ਹਾਂ ਵੀਰ...ਆਖ ਕੀ ਗੱਲ ਐ" ।

"ਅੱਜ ਰਖੜ ਪੁੰਨਿਐਂ ।"

"ਅੱਛਾ" ਉਹਦੇ ਮੂੰਹੋਂ ਮਸਾਂ ਨਿਕਲਿਆ ਤੇ ਉਹਦੀਆਂ ਅੱਖਾਂ ਦੇ ਮੂਹਰੇ ਦੋਨਾਂ ਭੈਣਾਂ ਦੇ ਚੇਹਰੇ ਆ ਖੜੇ । ਭੈਣਾਂ ਜਿਹੜੀਆਂ ਉਹਦੀ ਗ੍ਰਿਫਤਾਰੀ ਸਮੇਂ ਪਿੱਟ ਪਿੱਟ ਕੇ ਰਹਿ ਗਈਆਂ ਸਨ ਤੇ ਉਹ ਚੁਪ ਕੀਤਾ ਸਭ ਕੁਝ ਦੇਖਦਾ ਹੋਇਆ ਪੁਲਸ ਦੀ ਗੱਡੀ ਵਿਚ ਬੈਠਾ ਸੀ ਤੇ ਪੁਲਸ ਉਹਨੂੰ ਲੈ ਆਈ ਸੀ । ਸੋਚ ਕੇ ਉਹਨੇ ਦੰਦ ਕਰੀਚੇ ਤੇ ਇਕ ਜੋਸ਼ ਤੇ ਕਾਬੂ ਪਾਉਂਦਾ ਹੋਇਆ ਗੁਆਂਢੀ ਦੀ ਗੱਲ ਸੁਣਨ ਲਗ ਪਿਆ । ਤਦੇ ਉਹਦੇ ਸਾਹਮਣੇ ਇਕ ਬੰਦਾ ਆ ਖੜਿਆ, "ਤੇਰਾ ਨਾਂ ਵੀਰ ਅਮਰੀਕ ਐ ?" ਆਉਣ ਵਾਲੇ ਨੇ ਆਖਿਆ ।

"ਨਹੀਂ ਇਧਰ ਮੇਰੇ ਨਾਲਦਾ ਐ" ਉਹਦੀ ਗੱਲ ਸੁਣ ਕੇ ਆਉਣ ਵਾਲਾ ਅਗੇ ਚਲਾ ਗਿਆ ।

ਉਹ ਦਰਵਾਜ਼ੇ ਨਾਲ ਖੜ ਕੇ ਬਾਹਰ ਦੀ ਗੱਲ ਸੁਣਨ ਲਗਿਆ । ਗੱਲ ਕਰ ਕੇ ਉਹ ਬੰਦਾ ਚਲਾ ਗਿਆ । ਉਹਨੇ ਗੁਆਂਢੀ ਕੋਲੋਂ ਆਉਣ ਬਾਬਤ ਪੁਛਿਆ । ਤਦੋਂ ਦੋ ਸਿਪਾਹੀ ਆਏ ਤੇ ਗੁਆਂਢੀ ਨੂੰ ਲੈ ਕੇ ਚਲੇ ਗਏ । ਉਹਦਾ ਅੰਦਰ ਖੜੇ ਦਾ ਦਿਲ ਠਕ ਠਕ ਕਰ ਕੇ ਧੜਕ ਉਠਿਆ ਤੇ ਉਹਨੂੰ ਰਾਤ ਵਾਲੀ ਗਲ ਯਾਦ ਆਈ । ਉਹਦੇ ਸੋਚਦਿਆਂ ਸੋਚਦਿਆਂ ਉਹਦਾ ਗੁਆਂਢੀ ਉਹਨਾਂ ਸਿਪਾਹੀਆਂ ਦੇ ਨਾਲ ਹੀ ਪਰਤ ਆਇਆਂ । ਹੁਣ ਉਹਦੇ ਗੁੱਟ ਉਪਰ ਰੱਖੜੀ ਬੰਨ੍ਹੀ ਹੋਈ ਸੀ ਤੇ ਉਹਦੇ ਚਿਹਰੇ ਉਪਰ ਖ਼ੁਸ਼ੀ ਦੀ ਲਾਲੀ ਭਾਅ ਮਾਰ ਰਹੀ ਸੀ । ਸਭ ਕੁਝ ਦੇਖ ਕੇ ਉਹਨੂੰ ਫਿਰ ਭੈਣਾਂ ਦੀ ਯਾਦ ਆਈ । ਉਹਦਾ ਚਿਹਰਾ ਉਦਾਸ ਹੁੰਦਾ ਗਿਆ । ਇਕਦਮ ਬੁੱਝਿਆ ਜਿਹਾ ਹੋ ਗਿਆ । ਉਹ ਉਦਾਸ ਹੋਇਆ ਥੜੇ ਉਪਰ ਬੈਠ ਗਿਆ ਤੇ ਥੱਲੇ ਪਏ ਲੀੜੇ ਪਾਉਣ ਲਗ ਪਿਆ ।

ਮੂੰਹ ਹੱਥ ਧੋ ਕੇ ਉਹ ਅਜੇ ਬੈਠਾ ਹੀ ਸੀ ਜਦੋਂ ਦੋ ਸਿਪਾਹੀ ਉਹਨੂੰ ਲੈਣ ਆ ਗਏ ।

"ਤੇਰੀ ਕੋਈ ਮੁਲਾਕਾਤ ਨੂੰ ਆਇਆ ।"

"ਮੇਰੀ ... ਮੁਲਾਕਾਤ ਨੂੰ..." ਕਹਿੰਦਾ ਹੋਇਆ ਉਹ ਉਠਿਆ । 'ਖੰਨੀ ਪਹਿਲੀ ਗੱਡੀ ਭਾਈਏ ਨਾਲ ਭੈਣਾਂ ਆ ਹੀ ਗਈਆਂ ਹੋਣ ...' ਸੋਚਦਾ ਹੋਇਆ ਉਹ ਬਾਹਰ ਆ ਗਿਆ ਤੇ ਸਿਪਾਹੀਆਂ ਦੇ ਮੂਹਰੇ ਮੂਹਰੇ ਨੀਵੀਂ ਪਾਈ ਤੁਰ ਪਿਆ । ਜਦੋਂ ਉਹਨੇ ਜੇਲ੍ਹ ਦੇ ਖਿੜਕ ਕੋਲ ਆ ਕੇ ਬਾਹਰ ਮੁਲਾਕਾਤ ਨੂੰ ਆਏ ਰਾਮ ਕਿਸ਼ਨ ਨੂੰ ਦੇਖਿਆ ਤਾਂ ਪੈਰਾਂ ਤੋਂ ਸਿਰ ਤਾਈਂ ਉਹਦੇ ਅੰਦਰ ਲਾਟ ਫਿਰ ਗਈ । ਉਹ ਤ੍ਰਭਕਿਆ ਤੇ ਖੁਸ਼ੀ ਵਿਚ ਉੱਛਲ ਕੇ ਖਿੜਕ ਨਾਲ ਜਾ ਖੜਿਆ । ਸਿਪਾਹੀ ਉਸ ਨੂੰ ਉਥੇ ਛੱਡ ਆਪ ਪਰੇ ਬੈਂਚ ਉਪਰ ਜਾ ਬੈਠੇ ।

"ਸਾਥੀ ਤੂੰ ਕਿਧਰੋਂ ।"

ਚੁਪ... ਰਾਮ ਕਿਸ਼ਨ ਨੇ ਬੁੱਲ੍ਹਾਂ ਤੇ ਉਂਗਲ ਰਖ ਕੇ ਉਹਨੂੰ ਅਗੇ ਚੁੱਪ ਰਹਿਣ ਦਾ ਸੰਕੇਤ ਕੀਤਾ। "ਤੇਰੀ ਇਸ ਪੇਸ਼ੀ ਤੇ ਗਵਾਹ ਕੋਈ ਨਹੀਂ ਹੋਣਾ ਤੇ ਰਿਹਾਈ ਸੰਭਵ ਹੈ...ਓਦਰੀਂ ਨਾ" ਕਹਿੰਦਾ ਹੋਇਆ ਰਾਮ ਕਿਸ਼ਨ ਕੁੜਤੇ ਦੀ ਜੇਬ ਵਿਚੋਂ ਕੁਝ ਕਢਣ ਲਗ ਪਿਆ।

"ਨਹੀਂ ਉਦਰਨਾ ਕਾਹਤੋਂ ਆਂ" ਉਹਨੇ ਉਪਰੋਂ ਜਿਵੇਂ ਕਿਹਾ।

"ਘਰ ਦੀ ਤਾਂ ਨਹੀਂ ਯਾਦ ਆਉਂਦੀ।"

"ਹਾਂ ਘਰ ਦੀ ਕੀ ਯਾਦ ਆਉਣੀ ਐ ... ਕਦੇ ਖਿਆਲ ਈ ਨੀ ਕੀਤਾ" ਤੇ ਉਹਨੂੰ ਲਗਿਆ ਜਿਵੇਂ ਉਹ ਹੁਣੇ ਡਿਗ ਪਵੇਗਾ......ਇਹ ਝੂਠ ਬੋਲ ਕੇ। ਕਿਉਂਕਿ ਅੱਜ ਤਕ ਉਹਨੂੰ ਹਮੇਸ਼ਾਂ ਘਰ ਦੀ ਯਾਦ ਆਈ ਸੀ।

ਰਾਮ ਕਿਸ਼ਨ ਨੇ ਜੇਬ ਵਿਚੋਂ ਇਕ ਲਿਫਾਫਾ ਜਿਹਾ ਕਢਿਆ ਤੇ ਉਹਦੇ ਹਥ ਫੜਾਉਂਦਿਆਂ ਹੋਇਆਂ ਮਿੰਨ੍ਹਾ ਜਿਹਾ ਮੁਸਕਰਾਇਆ—"ਹੈ ਤਾਂ ਉਲਟਾ ਈ ਕੰਮ..... ਪਰ ਮੈਂ ਤੇਰੇ ਬਾਪੂ ਨੂੰ ਨਾਂਹ ਨੀ ਕਰ ਸਕਿਆ—ਇਹ ਰੱਖੜੀ ਐ ਤੇਰੀਆਂ ਭੈਣਾਂ ਨੇ ਭੇਜੀ—"

ਰਾਮ ਕਿਸ਼ਨ ਗੱਲ ਕਰ ਕੇ ਚਲਾ ਗਿਆ।

ਉਹ ਖੁਸ਼ੀ ਵਿਚ ਕਾਹਲੀ ਕਾਹਲੀ ਪੈਰ ਰਖਦਾ ਪਿਛੇ ਮੁੜਿਆ ਤੇ ਸਿਪਾਹੀਆਂ ਨਾਲ ਤੁਰ ਪਿਆ ਤੇ ਉਹ ਉਡ ਕੇ ਆਪਣੀ ਕੋਠੀ ਪਹੁੰਚ ਜਾਣਾ ਚਾਹੁੰਦਾ ਸੀ।

O

## ਮੋਗਾ ਗੋਲੀ ਕਾਂਡ

—ਸ਼ਮਸ਼ੇਰ ਸਿੰਘ ਸੰਧੂ

(ਚੜ੍ਹਿੱਕ ਦੇ ਹਰਜੀਤ ਨੂੰ ਸਮਰਪਣ ਦਿਲ ਦੇ ਅਥਾਹ ਦਰਦ ਨਾਲ)

ਦੋ ਸੌ ਰੁਪਏ 'ਚ ਵਿਕ ਚੁਕੇ
ਮੇਰੇ ਗੁੰਡਿਆ ਵੀਰਾ
ਵਿਚਾਰਾਂ ਨੂੰ ਛਿੱਕੇ ਟੰਗ ਕੇ
ਤੂੰ ਮਾਰ ਲਾਠੀ-ਮੇਰੇ ਮੋਢੇ ਹਾਜ਼ਰ ਨੇ।
ਖਾਕੀ ਵਰਦੀ 'ਚ ਬੱਝੇ
ਮੇਰੇ ਪੁਲਸੀਆ ਭਰਾਵਾ
ਸੋਚ ਨੂੰ ਮਿੱਟੀ'ਚ ਮਿਲਾ ਕੇ
ਤੂੰ ਮਾਰ ਗੋਲੀ-ਮੇਰੀ ਛਾਤੀ ਹਾਜ਼ਰ ਹੈ।
ਰੇਡੀਓ ਤੋਂ ਖ਼ਬਰਾਂ ਵਿਚ
ਲਾਸ਼ਾਂ ਦੀ ਗਿਣਤੀ ਦੇ ਰਹੀ
ਮੇਰੀ ਸੁਰਜੀਤ ਕਲਸੀ ਭੈਣੇ
ਤੂੰ ਬੋਲ ਝੂਠ—ਮੇਰੇ ਕੰਨ ਹਾਜ਼ਰ ਨੇ।
ਸਾਡੇ ਉਭਰੇ ਜਜ਼ਬਿਆਂ ਨੂੰ
ਮਲੀਆ-ਮੇਟ ਕਰਨ ਲਈ
ਐ ਕਾਲੀਏ ਕੌਮੇ
ਤੂੰ ਕਰ ਮਨ ਆਈ-ਅਜੇ ਤੇਰੇ ਦਿਨ ਬਾਕੀ ਨੇ।

O

ਇਕ ਸੁਨਿਹਾ—

## ਗੱਲ ਹਰਫਾਂ ਤੋਂ ਅਗੇ ਹੈ

—ਦੀਪ ਮੋਹਿਨੀ

ਹਰਫਾਂ ਵਾਲਿਓ
ਗਲ ਹਰਫਾਂ ਦੀ ਨਾ ਕਰੋ
ਗਲ ਹਰਫਾਂ ਤੋਂ ਅੱਗੇ ਹੈ।
ਜਿਨ੍ਹਾਂ ਦੀ ਗੱਲ ਤੁਸੀਂ ਕਰਦੇ ਹੋ
ਤੁਸੀਂ ਆਪ ਉਹਨਾਂ ਤੋਂ ਪਿੱਛੇ ਹੋ।
ਵਕਤ ਹਰਫਾਂ ਦਾ ਨਹੀਂ
ਵਕਤ ਕਰਮਾਂ ਦਾ ਹੈ।
ਕੀਹ ਲੋੜ ਏ ਅਜਿਹੇ ਵਕਤ
ਕਲਮ ਨੂੰ ਸਿਹਾਈ ਵਿਚ ਡਬੋਣ ਦੀ,
ਜ਼ਰਾ ਧਿਆਨ ਨਾਲ ਤਾਂ ਦੇਖੋ
ਅਜਿਹੇ ਵਕਤ
ਕਲਮ ਦੀ ਅੱਖ-ਕਦੇ ਸੁੱਕੀ ਨਹੀਂ ਰਹਿ ਸਕਦੀ ਹੈ ?
ਨਾ ਰਹੋ ਮਹੁਤਾਜ ਉਹਨਾਂ ਹਰਫਾਂ ਦੇ—
ਜੋ ਸੱਚ ਕਹਿਣੋ ਵਰਜਦੇ ਨੇ—
ਬਾਰ ਬਾਰ ਕਲਮ ਨੂੰ—
ਕਾਲਖ ਵਿਚ ਡਬੋਕੇ
ਕਾਗ਼ਜ਼ ਦੀ ਸਫੈਦੀ
ਐਵੇਂ ਨਾਸ ਨਾ ਕਰੋ
ਹਰਫਾਂ ਵਾਲਿਓ
ਗੱਲ ਹਰਫਾਂ ਦੀ ਨਾ ਕਰੋ
ਗੱਲ ਹਰਫਾਂ ਤੋਂ ਅੱਗੇ ਹੈ

ਤਸਵੀਰਾਂ ਵਾਲਿਓ
ਗੱਲ ਤਸਵੀਰਾਂ ਦੀ ਨਾ ਕਰੋ—
ਗੱਲ ਤਸਵੀਰਾਂ ਤੋਂ ਅੱਗੇ ਹੈ

ਕੀਹ ਲੋੜ ਏ
ਵਕਤ ਨੂੰ ਖਪਾਣ ਦੀ
ਉਹ ਸਭ ਤਸਵੀਰਾਂ ਹੀ ਤਾਂ ਹਨ
ਜੋ ਜ਼ਿੰਦਗੀ ਨਾਲ ਖੇਡ ਰਹੀਆਂ ਤੇ ਅਜਿਹੇ ਵਕਤ
ਕੀਹ ਲੋੜ ਏ
ਬੁਰਸ਼ ਨੂੰ—ਰੰਗਾਂ ਵਿਚ ਡਬੋਣ ਦੀ
ਰੰਗ ਤਾਂ ਧਰਤੀ ਤੇ ਬਹੁਤ ਹੈ
ਹੁਣੇ ਹੁਣੇ ਜੋ ਡੁਲ੍ਹਿਆ ਹੈ
ਧਰਤੀ ਦੇ ਪੁੱਤਰ ਦਾ—
ਤਾਜ਼ਾ ਗੂਹੜਾ ਤੇ ਗਰਮ।
ਅੱਜ ਤਾਂ ਧਰਤੀ ਮਾਂ ਨੇ
ਪੁੱਤਰ ਦੇ ਖ਼ੂਨੀ ਰੰਗ ਦਾ
ਰੱਤਾਂ ਸਾਲੂ ਓੜਿਆ ਹੈ।
ਤੇ ਹੁਣ ਜਦੋਂ ਲਾਲ ਰੱਤੇ ਸਾਲੂ ਵਿਚ
ਧਰਤੀ—ਸੱਚ ਦੇ ਚਾਨਣ ਦੁਵਾਲੇ
ਪ੍ਰਨਾਮ ਕਰਦੀ ਤੁਰੇਗੀ—
ਨਾ ਗੱਲ ਹਰਫਾਂ ਦੀ ਕਰੇਗੀ
ਨਾ ਬੁਰਸ਼ਾਂ ਦੀ ਕਰੇਗੀ
ਨਾ ਰੰਗਾਂ ਦੀ ਕਰੇਗੀ
ਨਾ ਮੁਹਤਾਜਗੀ ਨੂੰ ਜਰੇਗੀ
ਹੁਣ ਤੇ ਲਾਲ ਰੱਤੀ ਧਰਤ
ਪੁੱਤਰ ਦੇ ਖ਼ੂਨ ਨਾਲ
ਜਦੋਂ ਵੀ ਗੱਲ ਕਰੇਗੀ
ਤਾਜ਼ੇ, ਗੂਹੜੇ ਤੇ ਗਰਮ
ਖ਼ੂਨ ਨਾਲ ਹੀ ਕਰੇਗੀ।

O

## ਬਾਬੇ ਨਾਨਕ ਨੂੰ

—ਸੁਰਿੰਦਰ ਭਾਟੀਆ

ਮੈਂ ਤੇਰੇ ਘਰ ਆਉਣਾ ਛਡ ਦਿਤੈ,
ਕਿਉਂ ?
ਤੂੰ ਨਹੀਂ ਜਾਣਦਾ,
ਇਹੀ ਦਸਣ ਤਾਂ ਮੈਂ ਫੇਰ, ਤੇਰੇ ਕੋਲ ਆਈ ਹਾਂ
ਸੋਚਿਆ, ਤੂੰ ਸੋਚਦਾ ਹੋਣੈਂ
ਮੈਂ ਤੇਰੇ ਘਰ ਕਿਉਂ ਨਹੀਂ ਆਉਂਦੀ
ਕਿਵੇਂ ਆਵਾਂ ਤੇਰੇ ਘਰ,
ਤੇਰੇ ਘਰ 'ਚੋਂ ਮੈਨੂੰ ਬੜੀਓ ਬੋ ਆਉਂਦੀ ਏ।
ਇਨਸਾਨ ਨੂੰ ਫੈਂਸੀ ਡਰੈਸ ਪਾਇਆ
ਮੈਂ ਤੇਰੇ ਘਰ 'ਚ ਡਿਠੈ।
ਤੇਰੇ ਅਗੇ ਪਏ ਫੁੱਲਾਂ 'ਚੋਂ,
ਮੈਨੂੰ ਬੋ ਆਉਂਦੀ ਏ—ਵਿਸਕੀ ਦੀ।
ਤੇਰੇ ਵੰਨ ਸੁਵੰਨੇ ਜ਼ਰੀਦਾਰ ਵਸਤਰਾਂ 'ਚੋਂ
ਮੈਨੂੰ ਸਾਫ਼ ਨਜ਼ਰ ਆਉਂਦੈ,
ਸਰਹੱਦ ਤੇ ਖੜਾ ਇਕ ਬੰਦਾ
ਜੋ ਹੁਣੇ ਪਾਰੋਂ ਆਏ ਸਾਥੀ ਤੋਂ
ਕੁਝ ਲਏਗਾ, ਕੁਝ ਦਏਗਾ
ਤੇ ਲਾਗੇ ਖੜੇ ਦੇਸ਼ ਦੇ ਪਹਿਰੇਦਾਰ ( ? ) ਨੂੰ
ਕੁਝ ਦੇ ਦੁਆ ਕੇ
ਤੇਰੇ ਵੰਡ ਛਕਣ ਦੇ ਸਿਧਾਂਤ ਤੇ ਫੁਲ ਚੜ੍ਹਾਏਗਾ
ਮੈਨੂੰ ਬੋ ਆਉਂਦੀ ਏ
ਤੇਰੀ ਚਾਂਦੀ ਦੀ ਪਾਲਕੀ 'ਚੋਂ
ਕਿਸੇ ਸਰਮਾਏਦਾਰੀ ਦੀ ਹੈਂਕੜ ਦੀ।
ਤੇ ਹੋਰ ਦਸਾਂ—
ਮੈਨੂੰ ਬੜੀਓ ਬੋ ਆਉਂਦੀ ਏ
ਤੇਰੇ 'ਤੇ ਹਵਾ ਕਰ ਰਹੇ ਚੌਰ 'ਚੋਂ
ਕਿਸੇ ਗਰੀਬ ਦੇ ਲਹੂ ਦੀ ਜੋ ਬੇਵਸ ਹੋ ਕੇ ਵਹਿ ਰਿਹੈ।
ਤੇਰੇ ਸੋਨੇ ਦੇ ਛੱਬੇ 'ਚੋਂ
ਮੈਨੂੰ ਸਾਫ ਸੁਣੀਂਦੈ
ਛੋਟੇ ਛੋਟੇ ਨੰਗ ਧੜੰਗੇ ਬਚਿਆਂ ਦਾ
ਨਿਗੂਣਾ ਜਿਹਾ ਵਿਰਲਾਪ।
ਸੁਣਿਐ—ਤਕਰੀਬਨ ਪੰਜ ਸਦੀਆਂ ਪਹਿਲਾਂ
ਤੈਨੂੰ ਵੀ ਕੁਝ ਮੇਰੇ ਜਿਹਾ
ਨਜ਼ਰੀਂ ਆਇਆ ਸੀ।
ਤੇ ਤੈਨੂੰ ਵੀ ਆਪਣੇ ਨਕੋਂ
ਮੇਰੇ ਜਿਹੀ ਬੋਅ ਆਈ ਸੀ।
ਪਰ ਮੈਂ ਕਿਵੇਂ ਮੰਨ ਸਕਦੀ ਹਾਂ
ਮੈਨੂੰ ਤੇ ਲਗਦੈ ਜਿਵੇਂ ਤੇਰਾ ਨੱਕ
ਜੁਗਾਂ ਜੁਗਾਂਤਰਾਂ ਤੋਂ ਬੰਦ ਚਲਿਆ ਆ ਰਿਹੈ
ਵੇਖੀਂ ਗੁਸਾ ਨਾ ਕਰੀਂ
ਇਕ ਕੌੜਾ ਸੱਚ ਕਹਿ ਦਿਤੈ
ਅਛਾ ਹੁਣ ਮੈਂ ਚਲਾਂ
ਮੈਨੂੰ ਬੋਅ ਆਉਂਦੀ ਏ
ਠਹਿਰਾਂ ਤੇ ਕਿਵੇਂ ਠਹਿਰਾਂ।

O

# ਇਲਾਜ਼

—ਯਕਮ

ਸਾਡੀਆਂ ਕੁਆਰੀਆਂ ਮੰਗਾਂ 'ਤੇ
ਪੱਸਰ ਗਏ
ਸੀਸਨੀ ਧੁੱਪ ਦੇ ਚਿੱਟੇ ਟੋਏ
ਸਿਰ ਦੇ ਵਾਲ ਨੋਚਣ ਲੱਗ ਪਈ ਏ
ਰੰਡੀ ਦੁਪਹਿਰ ਵੀ ਹੁਣ ਤੇ।
ਆਜ਼ਾਦੀ ਦਾ ਰੋਗ ਅਸਾਡਾ
ਕੁਝ ਕੁ ਨੰਗੇ ਅੱਖਰਾਂ ਨੇ ਨਹੀਂ ਮਿਨਣਾ।
ਵਾਪਸ ਕਰ ਦੇਵੋ ਸਾਨੂੰ
ਸਾਡੇ ਸੁਪਨਿਆਂ ਦੀਆਂ ਕਾਤਰਾਂ
ਤੁਵਾਥੋਂ ਕੁਝ ਨਹੀਂ ਹੋਣਾ !
ਤੁਸਾਂ ਗੱਲ ਨਹੀਂ ਉਧੇੜਨੀ ਹੈ !
ਅਸੀਂ ਆਪੇ ਲੱਭ ਲਵਾਂਗੇ,
ਆਸ ਦੇ ਕੈਂਸਰ ਦਾ ਇਲਾਜ।

O

# ਇਸ਼ਤਿਹਾਰ

—ਬਲਦੇਵ ਪਵਾਰ

ਪਿਆਰੇ !
ਉਦਾਸ ਕੰਧ ਨਾਲ ਚਿਪਕੇ
ਖਿੜੇ ਚਿਹਰੇ ਮੁਸਕਰਾਉਂਦੇ ਦੇਖ ਕੇ—
ਪਹਿਲਾਂ ਮੈਂ ਮੁਸਕਰਾਉਂਦਾ ਹਾਂ,
ਤੇ ਫਿਰ ਮੇਰੀਆਂ ਅੱਖਾਂ 'ਚ—
ਅੱਥਰੂ ਉਤਰ ਆਉਂਦੇ ਹਨ, ਲਹੂ ਦੇ ਅੱਥਰੂ !
ਅਗਲੇ ਹੀ ਪਲ
ਮੈਂ ਵੀ ਉਨ੍ਹਾਂ ਚਿਹਰਿਆਂ ਵਿਚ—
ਮੁਸਕਰਾਉਂਦਾ ਹਾਂ !
ਜੰਤਾ ਦੇ ਹਜੂਮ ਵਿਚ
ਕੋਈ ਵੀ ਦਰਸ਼ਕ,
ਪੰਜ ਹਜ਼ਾਰ ਇਨਾਮ ਦਾ
ਇੱਛਕ ਨਹੀਂ !
ਤੇ ਅਗਲੇ ਪਲ ਸਾਰੇ ਦਰਸ਼ਕ
ਓਸੇ ਕੰਧ ਸੰਗ ਚਿਪਕੇ ਹੋਏ
ਮੁਸਕਰਾਉਂਦੇ ਹਨ ! ਮੁਸਕਰਾਉਂਦੇ ਹਨ !!

# ਸਮੁੰਦਰ ਤੇ ਮਗਰਮਛ

—ਸਰਵਨ 'ਰਾਹੀ'

ਸਮੁੰਦਰ 'ਚ ਤੂਫਾਨ ਉਠੇ ਨੇ
ਕਿਉਂਕਿ ਸਭ ਰਾਖਸ਼ਾਂ ਮਿਲ ਕੇ
ਸਮੁੰਦਰ ਦਾ ਪਾਣੀ ਰਿੜਕ ਸੁਟਿਆ ਹੈ
ਤੇ ਚੜ੍ਹਦੀਆਂ ਲਹਿੰਦੀਆਂ ਲਹਿਰਾਂ ਦੀ
ਕਸ਼ਮਕਸ਼ 'ਚੋਂ—
ਵਿਦਰੋਹ ਦਾ ਲਾਵਾ ਫੁਟਿਆ ਹੈ।

ਜਿਸ ਦੇ ਨਾਲ—
ਚਟਾਨਾਂ ਦੇ ਸਿਰਾਂ ਨੂੰ ਬੁਖਾਰ ਆਇਆ ਹੈ
ਬਰਫ ਦੇ ਤੋਦਿਆਂ ਨੂੰ ਗੁਬਾਰ ਆਇਆ ਹੈ
ਤੇ ਟਾਪੂਆਂ ਦੇ ਪੈਰਾਂ ਨੂੰ ਭੁਚਾਲ ਆਇਆ ਹੈ

ਸਭ ਮਛਲੀਆਂ ਤੇ ਜੀਵ ਜੰਤੂ
ਨੀਮ ਬੇਹੋਸ਼ੀ ਦੀ ਹਾਲਤ 'ਚ
ਆਪਣੀ ਹੋਂਦ ਨੂੰ ਖੋਹ ਕੇ
ਸਰਪਟ ਦੌੜ ਰਹੀਆਂ ਨੇ
ਜ਼ਿੰਦਗੀ ਤੋਂ ਮੁਖ ਮੋੜ ਰਹੀਆਂ ਨੇ।

ਦੂਰ ਦਿਸਹੱਦੇ ਤੇ
ਘੁਟਨੇ ਟੇਕਦਾ ਅੰਬਰ
ਕੋਈ ਰਚਦਾ ਪਿਆ ਅਡੰਬਰ
ਜਿਸ ਦੇ ਪੈਰਾਂ 'ਚ ਬੈਠਾ ਮਗਰਮਛ
ਸਭ ਮਛਲੀਆਂ ਹੜੱਪ ਕਰਨਾ ਚਾਹੁੰਦਾ
ਸਾਗਰ ਨੂੰ ਤਰਨਾ ਚਾਹੁੰਦਾ।

O

ਕਹਾਣੀ —

# ਚੱਕੀ ਦੇ ਪੁੜ

—ਭੂਰਾ ਸਿੰਘ ਕਲੇਰ

'ਟੱਕ ਟੱਕ ਟੱਕ...... ।" ਇਕ ਹੱਥ ਛੈਣੀ ਦੂਜੇ ਹੱਥ ਹਥੌੜਾ ਰਾਮੂ ਮਿਸਤਰੀ ਚੱਕੀ ਦਾ ਪੁੜ ਰ੍ਹਾਅ ਰਿਹਾ ਸੀ। ਥੱਲੇ ਵਾਲਾ ਪੁੜ ਰ੍ਹਾਅ ਕੇ ਹੁਣ ਦੂਸਰੇ ਨੂੰ ਰਾਹੁਣ ਲੱਗਿਆ ਹੋਇਆ ਸੀ। ਜਿਸ ਸੋਚ ਤੋਂ ਹੁਣੇ ਖਹਿੜਾ ਛੁਡਾਇਆ ਸੀ, ਉਹੀ ਸੋਚ ਨੇ ਫੇਰ ਰਾਮੂ ਨੂੰ ਚੱਕੀ ਦੇ ਪੁੜਾਂ ਵਿਚਾਲੇ ਲੈ ਆਂਦਾ :

'ਅੱਜ ਕੀ ਹੋਵੇਗਾ ? ਇਮਤਿਹਾਨ ? ...... ਜ਼ਿੰਦਗੀ ਦੇ ਹਰ ਮੋੜ ਤੇ ਇਮਤਿਹਾਨ ਹੈ।' ਅਤੇ ਸਵੇਰ ਵੇਲੇ ਮਾਲਕ ਸਰਦਾਰ ਦੇ ਕਹੇ ਲਫ਼ਜ਼ ਉਸ ਦੇ ਕੰਨਾਂ ਵਿਚ ਫੇਰ ਗੂੰਜੇ : "ਓਏ ਰਾਮੂ ! ਆਪਣੀਆਂ ਆਦਤਾਂ ਤੋਂ ਬਾਜ ਆ ਜਾ ... ਨਹੀਂ ਦੇਖ ਲੈ ਫੇਰ... ਤੁਹਾਡੇ ਲੋਕਾਂ ਦੇ ਕਿਉਂ ਨਹੀਂ ਟੁਕੜੇ ਪੱਚਦੇ ।"

"ਤੇ ਫੇਰ ਉਸ ਨੂੰ ਸਰਦਾਰ ਦੀ ਹਮਦਰਦੀ ਨਹੀਂ ਸ਼ੈਤਾਨਗੀ ਯਾਦ ਆਈ : "ਦੇਖ ਲੈ ਮੈਂ ਤੇਰਾ ਕਿੰਨਾ ਫੈਦਾ ਕਰਦਾ ਹਾਂ । ਹੋਰ ਦੱਸ ਤੈਂ ਕੀ ਲੈਣਾ ਐ ? ਕਮਲਿਆ ! ਤੈਨੂੰ ਘਰ ਦਾ ਬੰਦਾ ਕਰ ਕੇ ਮੈਂ ਏਨੀਆਂ ਸਹੂਲਤਾਂ ਦੇਂਦਾ ਹਾਂ । ਨਹੀਂ ਤਾਂ ਬਥੇਰੀ ਦੁਨੀਆਂ ਮੂੰਹ ਟੱਡੀ ਫਿਰਦੀ ਐ, ਤੇਰੇ ਵਰਗੇ ਮਿਸਤਰੀ ਹਜ਼ਾਰਾਂ ਫਿਰਦੇ ਨੇ ਕੰਮ ਭਾਲਦੇ ਧੱਕੇ ਖਾਂਦੇ...... ਸਮਝਿਆ...?"

ਰਾਮੂ ਬੜੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਮਾਲਕ ਸਰਦਾਰ ਮੇਰੇ ਉੱਪਰ ਅੱਜ ਏਨਾ ਮਿਹਰਬਾਨ ਕਿਉਂ ਹੈ। ਉਹ ਕਿਹੜਾ ਨਵਾਂ ਸੀ। ਦੋ ਸਾਲ ਹੋ ਗਏ ਸਨ ਏਸ ਸਰਦਾਰ ਦੇ ਛੋਟੇ ਜਿਹੇ ਕਾਰਖਾਨੇ ਵਿਚ ਕੰਮ ਕਰਦੇ ਨੂੰ।

ਕਾਰਖਾਨਾ — ਜਿਸ ਵਿਚ ਇਕ ਕੋਹਲੂ, ਇਕ ਆਰਾ, ਵੇਲਣੀਆਂ, ਪੇਂਜਾ ਤੇ ਆਟਾ ਪੀਹਣ ਵਾਲੀ ਚੱਕੀ ਸੀ। ਰਾਮੂ ਦੀ ਡਿਊਟੀ ਆਟਾ ਪੀਹਣ ਚੱਕੀ 'ਤੇ ਸੀ। ਦਿਨ ਰਾਤ ਉਹ ਆਟੇ ਦੀ ਗਰਦ ਨਾਲ ਭੂਤ-ਮੈਲਾ ਬਣਿਆ ਰਹਿੰਦਾ। ਸਵੇਰੇ ਘੰਟਾ ਡੇਢ ਘੰਟਾ ਚੱਕੀ ਦੇ ਦੋਵਾਂ ਪੁੜਾਂ ਨੂੰ ਰਾਹੁਣ ਤੇ ਲੱਗ ਜਾਂਦਾ ਹੈ। ਛੈਣੀ ਉੱਪਰ ਹਥੌੜਾ ਠਾਹ ਠਾਹ ਵੱਜਦਾ ਰਹਿੰਦਾ ਤੇ ਛੈਣੀ ਟੱਕ ਟੱਕ ਕਰਦੀ ਰਾਮੂ ਨੂੰ ਉਸ ਦਾ ਕਈ ਵਾਰ ਪਿਛਲਾ ਸਾਰਾ ਜੀਵਨ ਯਾਦ ਕਰਾ ਦੇਂਦੀ। ਉਹ ਸੋਚਦਾ : 'ਕੀ ਮੈਂ ਸਦਾ ਏਨ੍ਹਾਂ ਚੱਕੀ ਦੇ ਪੁੜਾਂ ਵਿਚ ਆਟੇ ਦੀ ਤਰ੍ਹਾਂ ਪਿਸਦਾ ਰਵ੍ਹਾਂਗਾ ? ਕਦੇ ਏਹਨਾਂ ਪੁੜਾਂ 'ਚੋਂ ਨਿਕਲ ਕੇ ਖੁਲ੍ਹੇ ਆਕਾਸ਼ ਵਿਚ ਅਜ਼ਾਦ ਵੀ ਹੋਵਾਂਗਾ ?'

ਰਾਮੂ ਉਸ ਤਬਕੇ ਵਿਚ ਪੈਦਾ ਹੋਇਆ ਸੀ, ਜੁ ਸਦੀਆਂ ਤੋਂ ਗੁਲਾਮ ਸੀ ਅਤੇ ਏਸ ਤਬਕੇ ਦਾ ਨਾਂ ਸਮੇਂ ਸਮੇਂ ਕਈ ਕੁਝ ਸੀ, ਕਦੀ ਅਛੂਤ, ਕਦੀ ਚੂੜ੍ਹੇ, ਚਮਾਰ, ਸੈਂਸੀ ਗੰਧਲੇ – ਕਮੀਨ ਆਦਿ। ਤੇ ਅੱਜ ਕਲ ਏਨ੍ਹਾਂ ਲੋਕਾਂ ਦਾ ਨਾਉਂ 'ਹਰੀਜਨ' ਚੱਲ ਰਿਹਾ ਹੈ। ਰਾਮੂ ਨੂੰ ਯਾਦ ਸੀ : ਕਿ ਮੇਰਾ ਬਾਪ ਏਹੋ ਜਿਹੇ ਹੀ ਅਮੀਰ ਸਰਦਾਰਾਂ ਦੇ ਘਰ ਵਿਚ ਮਿਟੀ ਨਾਲ ਮਿਟੀ ਹੁੰਦਾ ਦੋ ਰੋਟੀਆਂ ਦੀ ਖਾਤਰ ਉਨ੍ਹਾਂ ਦੇ ਡੰਡੇ ਖਾਂਦਾ ਜ਼ਿੰਦਗੀ ਦੇ ਦਿਨ ਪੂਰੇ ਕਰ ਗਿਆ ਸੀ। ਤੇ ਰਾਮੂ ਦੋ ਚਾਰ ਜਮਾਤਾਂ ਪੜ੍ਹ ਕੇ ਗੁਜ਼ਾਰਾ ਕਰਨ ਲਈ ਏਹਨਾਂ ਲੋਕਾਂ ਦੇ ਵਸ ਪੈ ਗਿਆ ਸੀ। ਜਾਂ ਉਹ ਇਉਂ ਸਮਝ ਲੈਂਦਾ ਸੀ ਕਿ ਗੁਜ਼ਾਰੇ ਖ਼ਾਤਰ ਮਜ਼ਦੂਰੀ ਕਰਨ ਲਈ ਉਹ ਖ਼ੁਦ ਆਪ ਇਹਨਾਂ ਲੋਕਾਂ ਦੇ ਵਸ ਪੈ ਪੈ ਗਿਆ ਸੀ।

ਇਹ ਲੋਕ — ਜਿਨ੍ਹਾਂ ਕੋਲ ਵਧੀਆ ਬੰਗਲੇ, ਵਧੀਆ ਖਾਣੇ, ਕਾਰਾਂ ਅਤੇ ਹਰ ਐਸ਼ ਦਾ ਸਮਾਨ ਸੀ। ਜੁ ਆਪ ਆਪਣੇ ਹੱਥੀਂ ਕੱਖ ਭੰਨ ਕੇ ਵੀ ਦੂਹਰਾ ਨਹੀਂ ਕਰਦੇ ਸਨ। ਕਿਉਂਕਿ ਉਨ੍ਹਾਂ ਕੋਲ ਆਪਣੀ ਜਾਇਦਾਦ ਬਹੁਤ ਸੀ। ਕੰਮ ਕਰਨ ਵਾਲੇ ਤਾਂ ਰਾਮੂ ਵਰਗੇ ਹੋਰ ਬਹੁਤ ਸਾਰੇ ਗ਼ੁਲਾਮ ਸਨ । ਕੁਝ ਖੇਤਾਂ ਵਿਚ ਤੇ ਕੁਝ ਕਾਰਖਾਨੇ ਵਿਚ।

ਛੈਣੀ ਦੀ ਟੱਕ ਟੱਕ ਵਿਚ ਰਾਮੂ ਨੂੰ ਸਰਦਾਰ ਦੇ ਆਉਂਦੇ ਦੇ ਬੂਟਾਂ ਦੀ ਪੈੜ-ਚਾਲ ਵੀ ਨਾ ਸੁਣੀ ਜਦ ਸਰਦਾਰ ਉਸ ਦੇ ਸਿਰ ਉੱਪਰ ਫੇਰ ਆ ਧਮਕਿਆ, "ਰਾਮੂ ! ਫਿਕਰ ਨਾ ਕਰ ਪੈਸਿਆਂ ਪੁਸਿਆਂ ਦੀ ਗੱਲ ਨਾ ਦਿਲ ਵਿਚ ਲਿਆਂਵੀਂ । ਲੈ ਲਵੀਂ ਜਿਹੜੇ ਮਰਜ਼ੀ ਐ। ਪਰ ਐਵੇਂ ਉਨ੍ਹਾਂ ਸਿਰ-ਫਿਰਿਆਂ ਮਗਰ ਨਾ ਲੱਗੀਂ ! ਉਨ੍ਹਾਂ ਦੀ ਤਾਂ ਮੌਤ ਚੁੱਕੀ ਫਿਰਦੀ ਐ... ।" ਤੇ ਸਰਦਾਰ ਕਹਿੰਦਾ ਗਿਆ ਬਹੁਤ ਕੁਛ।

ਰਾਮੂ ਨੂੰ ਪਤਾ ਸੀ ਕਿ ਜਦ ਉਸ ਦੀ ਭੈਣ ਦਾ ਵਿਆਹ ਸੀ, ਉਸ ਵਕਤ ਵੀ ਸਰਦਾਰ ਜੀ ਨੇ ਇਵੇਂ

ਹੀ ਕਿਹਾ ਸੀ ਕਿ 'ਫਿਕਰ ਨਾ ਕਰੀਂ ਪੈਸੇ ਦੇ ਦੇਵਾਂਗਾ।' ਪਰ ਜਦ ਐਨ ਉਸ ਦੀ ਭੈਣ ਦੀ ਜੰਵ ਆਉਣੀ ਸੀ ਤਾਂ ਮੌਕੇ ਉੱਪਰ ਪੈਸਿਆਂ ਨੂੰ ਜਵਾਬ ਦੇ ਦਿਤਾ ਸੀ ਤੇ ਕੜਕ ਕੇ ਆਖਿਆ ਸੀ, "ਹੁਣ ਪੈਰ 'ਤੇ ਮੈਂ ਹਰੇ ਕਰ ਦਿਆਂ ਪੈਸੇ ? ਸਾਡੇ ਕੋਈ ਘਰੇ ਮਸ਼ੀਨ ਐਂ ?" ਤੇ ਰਾਮੂ ਬੇਚਾਰਾ ਚੁੱਪ ਕਰ ਗਿਆ ਸੀ। ਹੁਣ ਵੀ ਉਸ ਨੂੰ ਪਤਾ ਸੀ ਕਿ ਉਹ ਉਹੀ ਕੁਝ ਹੋਵੇਗਾ। ਸਰਦਾਰ ਕਾਫ਼ੀ ਝੂਠਾ ਧਰਵਾਸ ਦਿੰਦਾ ਹੋਇਆ ਚੱਕੀ ਕਮਰੇ 'ਚੋਂ ਚਲਾ ਗਿਆ ਤੇ ਰਾਮੂ ਦੀ ਛੈਣੀ ਦੀ ਟੱਕ ਟੱਕ ਧੀਵੀਂ ਤੋਂ ਫੇਰ ਉੱਚੀ ਹੋ ਗਈ। ਉਸ ਦਾ ਖਿਆਲ ਫੇਰ ਆਪਣੇ ਢੱਠੇ ਘਰ ਵਿਚ ਚਲਾ ਗਿਆ। ਉਸ ਨੂੰ ਘਰ ਦੀ ਚਿੰਤਾ ਵੱਢ ਵੱਢ ਖਾਈ ਜਾਂਦੀ ਸੀ। ਉਸ ਦੇ ਅੱਖਾਂ ਸਾਹਮਣੇ ਘਰ ਦਿਆਂ ਸਾਰੇ ਜੀਆਂ ਦੀ ਤਸਵੀਰ ਆ ਗਈ :

ਟੁਟੇ ਜਿਹੇ ਕੱਚੇ ਘਰ ਵਿਚ ਉਸ ਦੀ ਮਾਂ, ਉਸਦੀ ਪਤਨੀ ਤੇ ਪਾਟੇ ਝੱਗਿਆਂ ਵਾਲੇ ਉਸ ਦੇ ਦੋ ਬੱਚੇ। ਮਹੀਨੇ ਦੀ ਤਨਖਾਹ ਨਾਲ ਖਾਣ ਲਈ ਦਾਣੇ ਤੇ ਹੋਰ ਦਾਲ ਮਿਰਚ ਹੀ ਪੂਰਾ ਹੁੰਦਾ। ਉਹ ਵੀ ਕਈ ਵਾਰ ਇਕ ਦਿਨ ਭੁਖੇ ਰਹਿਣਾ ਪੈਂਦਾ। ਉਪਰੋਂ ਵਡੀ ਚਿੰਤਾ ਇਹ ਸੀ ਕਿ ਉਸ ਦੀ ਪਤਨੀ ਨੂੰ ਅੱਜ ਭਲਕ ਬੱਚਾ ਹੋਣ ਵਾਲਾ ਸੀ ਤੇ ਉਸ ਕੋਲ ਆਪਣੀ ਪਤਨੀ ਲਈ ਨਾ ਕੋਈ ਦੁੱਧ ਨਾ ਘਿਓ ਅਤੇ ਨਾ ਪੈਸੇ ਸਨ ਤੇ ਜੇ ਕੋਈ ਦਵਾਈ ਬੂਟੀ ਲਿਆਉਣੀ ਪੈ ਗਈ ਤਾਂ ....... । ਸਰਦਾਰ ਜੀ ਦੇ ਅੱਗੇ ਹੀ ਉਧਾਰੇ ਪੈਸੇ ਦੇਣੇ ਸਨ ਜੁ ਉਸ ਨੇ ਪ੍ਰੋਨੋਟ ਉੱਪਰ ਲਿਖਵਾਏ ਹੋਏ ਸਨ। ਉਸ ਨੇ ਸਰਦਾਰ ਜੀ ਦੇ ਕਈ ਵਾਰ ਹੋਰ ਉਧਾਰੇ ਪੈਸੇ ਲੈਣ ਲਈ ਤਰਲੇ ਕੀਤੇ ਸਨ, ਪਰ ਹੁਣ ਤਕ ਉਹਨਾਂ ਨੇ ਲਾਰੇ ਲਾਈ ਰੱਖੇ ਸੀ। ਰਾਮੂ ਨੂੰ ਰਾਤ ਨੂੰ ਨੀਂਦ ਨਾ ਆਉਂਦੀ ਤੇ ਆਪਣੀ ਪਤਨੀ ਦੀ ਆਉਣ ਵਾਲੀ ਜ਼ਹਿਮਤ ਬਾਰੇ ਸੋਚਦਾ ਸੋਚਦਾ ਰੋ ਪੈਂਦਾ ਕਿ ਇਨ੍ਹਾਂ ਚਕੀ ਦੇ ਪੁੜਾਂ ਵਿਚੋਂ ਨਾ ਹੀ ਜੀਵਨ-ਨਿਰਬਾਹ ਹੁੰਦਾ ਹੈ ਤੇ ਨਾ ਹੀ ਇਨ੍ਹਾਂ ਨੂੰ ਛੱਡ ਸਕਦਾ ਹਾਂ।

ਹੁਣ ਰਾਮੂ ਨੂੰ ਪੈਸੇ ਲੈਣ ਲਈ ਇਕ ਜ਼ਰੂਰੀ ਸ਼ਰਤ ਰੱਖ ਦਿੱਤੀ ਸੀ ਤੇ ਕਿਹਾ ਸੀ, "ਪੈਸੇ ਤਾਂ ਤੂੰ ਜਿੱਥੇ ਸਾਡੇ ਹੋਰ ਦੇਣੇ ਨੇ ਉਥੇ ਹੋਰ ਦੇ ਦੇਵਾਂਗੇ, ਪਰ ਮਜ਼ਦੂਰ-ਯੂਨੀਅਨ ਵਿਚ ਵਿਚ ਜਾਣਾ ਛੱਡ ਦੇਹ। ਸਾਨੂੰ ਬੜੀ ਚੰਗੀ ਤਰ੍ਹਾਂ ਪਤਾ ਹੈ ਕਿ ਤੂੰ ਲੀਡਰੀ ਨੂੰ ਹੱਥ ਮਾਰਦੈਂ। ਤੁਸੀਂ ਕਮੀਨ ਲੋਕ ਸਾਡੀ ਬਰਾਬਰੀ ਕਿਵੇਂ ਕਰ ਸਕਦੇ ਹੋ ?.........ਦੇਖ ਲੈ ਰੋਟੀਉਂ ਜਾਵੇਂਗਾ.........ਤੈਨੂੰ ਕਿੰਨੇ ਵਾਰ ਸਮਝਾਇਐ।" ਰਾਮੂ ਨੂੰ ਇਕ ਪਲ ਗੁੱਸਾ ਆਇਆ ਪਰ ਦੂਸਰੇ ਪਲ ਉਸ ਨੂੰ ਆਪਣੀ ਪਤਨੀ ਰੋਂਦੀ ਵਿਖਾਈ ਦਿੱਤੀ। ਦੋਵੇਂ ਬੱਚੇ ਗਲ ਨਾਲ ਚੰਬੜੇ ਰੋਂਦੇ ਵਿਖਾਈ ਦਿੱਤੇ। ਮਜਬੂਰੀ ਦਾ ਬੋਝ ਪੈਣ ਨਾਲ ਉਹ ਚੁੱਪ ਕਰ ਗਿਆ।

ਫੇਰ ਰਾਮੂ ਆਪਣੇ ਮੂੰਹ ਵਿਚ ਬੁੜਬੜਾਇਆ, 'ਇਹ ਕਿਵੇਂ ਹੋ ਸਕਦਾ ਹੈ......ਇਹ ਸ਼ਰਤ ਤਾਂ......।' ਫੇਰ ਸਰਦਾਰ ਦੇ ਕਹੇ ਹੋਏ ਸ਼ਬਦ ਕੰਨਾਂ ਵਿਚ ਗੂੰਜੇ : 'ਮਜ਼ਦੂਰ-ਯੂਨੀਅਨ ਵਿਚ ਜਾਣਾ ਛੱਡ ਦੇਹ......ਨਹੀਂ ...ਤਾਂ......।'

ਰਾਮੂ ਨੇ ਸੋਚਿਆ : 'ਆਪਣੇ ਹਮ-ਸਫ਼ਰਾਂ ਨੂੰ ਕਿਵੇਂ ਤਿਆਗ ਦੇਵਾਂ, ਜਿਨ੍ਹਾਂ ਵਿਚ ਜਾ ਕੇ ਮੇਰੇ ਸਾਰੇ ਗ਼ਮ ਭੁੱਲ ਜਾਂਦੇ ਨੇ। ਜੁ ਮੇਰੀ ਜ਼ਿੰਦਗੀ ਦੇ ਭਾਈਵਾਲ ਹਨ। ਜੁ ਸਾਰੇ ਮੇਰੀ ਤਰ੍ਹਾਂ ਹੀ ਸਾਰਾ ਦਿਨ ਹੱਡ ਤੋੜ ਕੇ ਮਜ਼ਦੂਰੀ ਕਰਦੇ ਹਨ। ਜੁ ਆਪਣੇ ਹੱਕਾਂ ਦੀ ਗੱਲ ਕਰਦੇ ਨੇ। ਜੁ ਇਹ ਸਦੀਆਂ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਇਕੱਠੇ ਹੁੰਦੇ ਨੇ। ਅਤੇ ਜੁ ਆਪਣੇ ਮਜ਼ਦੂਰ ਸਾਥੀਆਂ ਨੂੰ ਜੱਫੀਆਂ ਪਾ ਪਾ ਆਪਣਾ ਪਿਆਰ ਵਧਾਂਦੇ ਨੇ। ਇਨ੍ਹਾਂ ਦਿਲ ਦਿਆਂ ਮਹਿਰਮਾਂ ਨੂੰ ਮੈਂ ਕਿਵੇਂ ਛੱਡ ਦੇਵਾਂ ਤੇਰੇ ਇਕ ਰੋਟੀ ਦੇ ਟੁੱਕੜੇ ਲਈ।'

ਫੇਰ ਉਸ ਨੂੰ ਆਪਣੇ ਪਿਆਰੇ ਨੇਤਾ ਧਰਮਬੀਰ ਦਾ ਭਾਸ਼ਨ ਯਾਦ ਆਇਆ : '...... ਮੇਰੇ ਮਜ਼ਦੂਰ ਸਾਥੀਓ ਇਕ ਹੋ ਜਾਉ। ਜਿੰਨਾ ਚਿਰ ਅਸੀਂ ਇਕੱਠੇ ਹੋ ਕੇ ਦੁਸ਼ਮਣ ਦੀ ਛਾਤੀ 'ਤੇ ਨਹੀਂ ਚੜ੍ਹਦੇ ਓਨਾ ਚਿਰ ਸਾਨੂੰ ਸਾਡੇ ਹੱਕ ਨਹੀਂ ਮਿਲਣਗੇ......ਤੇ ਇਕੱਲਾ ਇਕੱਲਾ ਮਜ਼ਦੂਰ ਕੁਚਲਿਆ ਜਾਵੇਗਾ, ਜਿਵੇਂ ਸਦੀਆਂ ਤੋਂ ਕੁਚਲਦਾ ਚਲਿਆ ਆ ਰਿਹਾ ਹੈ। ਮੈਂ ਸਾਰੇ ਸਾਥੀਆਂ ਨੂੰ ਅਪੀਲ ਕਰਾਂਗਾ ਕਿ ਸਾਰੇ ਸਾਥੀ ਵੱਧ ਤੋਂ ਵੱਧ......? ਤਾਰੀਕ ਨੂੰ ਇਕੱਠੇ ਹੋ ਕੇ ਜਲੂਸ ਵਿਚ ਸ਼ਾਮਲ ਹੋਣ...... ਸਾਡੀਆਂ ਦੁੱਖ ਤਕਲੀਫ਼ਾਂ ਅਤੇ ਮੰਗਾਂ ਦਾ ਮੁਜ਼ਾਹਰਾ ਜੋਰ ਸ਼ੋਰ ਨਾਲ ਹੋਵੇ......।"

ਰਾਮੂ ਨੂੰ ਯਾਦ ਆਇਆ ਕਿ ਉਸ ਵਕਤ ਸੀਤਾ, ਨਰਿੰਜਣ, ਰਹੀਮੂ ਸੰਸਾਰੀ......ਆਦਿ ਸਾਰੇ ਸਾਥੀਆਂ ਨੇ ਬੁੜਕ ਬੁੜਕ ਕੇ ਹਿੱਕਾਂ ਥਾਪੜੀਆਂ ਸੀ। ਤੇ ਉਸ ਨੇ ਚਾਰ ਅੱਖਰ ਪੜ੍ਹੇ ਹੋਣ ਕਰਕੇ ਛੋਟੇ ਜਿਹੇ ਭਾਸ਼ਨ ਵਿਚ ਕਿਹਾ ਸੀ, "ਸਾਥੀਓ ! ਮੈਂ ਤੁਹਾਡੇ ਵਲੋਂ ਸਾਥੀ ਧਰਮਬੀਰ ਜੀ ਨੂੰ ਪੂਰਨ ਯਕੀਨ ਦਿਵਾਂਦਾ ਹਾਂ ਕਿ ਅਸੀਂ ਜਲੂਸ ਵਿਚ ਵੱਧ ਚੜ੍ਹ ਕੇ ਹਿੱਸਾ ਪਾਵਾਂਗੇ......।'

ਮਜ਼ਦੂਰਾਂ ਦੇ ਰੁੱਖਿਆਂ ਚਿਹਰਿਆਂ ਉੱਪਰ ਖ਼ੁਸ਼ੀ ਦੀ

ਲਾਲੀ ਸੀ। ਹਰ ਇਕ ਮਜ਼ਦੂਰ ਦੇ ਦਿਲ ਵਿਚ ਮੁਜ਼ਾਹਰੇ ਦੀ ਖ਼ੁਸ਼ੀ ਕਾਰਨ ਦਲੇਰੀ ਆ ਗਈ। ਨੀਯਤ ਤਾਰੀਕ 'ਤੇ ਉਨ੍ਹਾਂ ਸਾਰਾ ਪ੍ਰਬੰਧ ਕਰ ਲਿਆ।

ਪਰ ਰਾਮੂ ਬੇਚਾਰਾ ਐਸਾ ਚੱਕੀ ਦੇ ਪੁੜਾਂ ਵਿਚਕਾਰ ਫੱਸਿਆ ਹੋਇਆ ਸੀ ਕਿ ਨਿਕਲਣਾ ਬਹੁਤ ਮੁਸ਼ਕਲ ਸੀ। ਕਦੀ ਉਹ ਆਪਣੀ ਪਤਨੀ ਬਾਰੇ ਖ਼ਿਆਲ ਕਰਕੇ ਕਿ 'ਜੇ ਉਸ ਨੂੰ ਕੁਝ ਹੋ ਗਿਆ ਤਾਂ ਮੇਰੇ ਬੱਚੇ ਰੁਲ ਕੇ ਮਰ ਜਾਣਗੇ।' ਪਰ ਜੇ ਸਰਦਾਰ ਕੁਝ ਪੈਸੇ ਹੋਰ ਦੇ ਦੇਵੇ ਤਾਂ ਚੰਗੀ ਤਰ੍ਹਾਂ ਦਵਾ-ਦਾਰੂ ਅਤੇ ਦਾਲ-ਦਲੀਆ ਲਿਆਂਦਾ ਜਾਵੇਗਾ। ਪਰ ਦੂਜੇ ਹੀ ਪਲ ਸਰਦਾਰ ਸਾਹਿਬ ਦੀ ਪੈਸੇ ਦੇਣ ਬਾਰੇ ਸ਼ਰਤ ਯਾਦ ਆਉਂਦੀ ਤਾਂ ਉਸ ਨੂੰ ਉਸ ਦੇ ਸਾਥੀ ਮਜ਼ਦੂਰ ਉਸ ਦੇ ਮੂੰਹ ਉੱਪਰ ਥੁੱਕਦੇ ਨਜ਼ਰ ਆਉਂਦੇ, ਜਿਨ੍ਹਾਂ ਨੂੰ ਉਸ ਨੇ ਆਪ ਅੱਗੇ ਲੱਗ ਕੇ ਅਗਵਾਈ ਦਿੱਤੀ ਸੀ। ਅਤੇ ਹੜਤਾਲ ਕਰਕੇ ਜਲੂਸ ਕੱਢਣ ਲਈ ਪ੍ਰੇਰਿਆ ਸੀ।

ਅੱਜ ਉਸ ਨੂੰ ਆਪਣੇ ਹੱਥਲਾ ਹਥੌੜਾ ਛੈਣੀ ਉੱਪਰ ਨਹੀਂ ਆਪਣੇ ਸਿਰ ਉੱਤੇ ਠਾਹ ਠਾਹ ਵੱਜਦਾ ਮਹਿਸੂਸ ਹੁੰਦਾ ਸੀ। ਕਿਉਂਕਿ ਅੱਜ ਓਹੀ ਤਾਰੀਕ ਆ ਗਈ ਸੀ ਜਿਸ ਦੀ ਮਜ਼ਦੂਰ ਕਾਫ਼ੀ ਚਿਰ ਦੇ ਬੰਦੋਬਸਤ ਕਰ ਰਹੇ ਸੀ। ਜਾਣਾ ਤਾਂ ਉਸ ਨੇ ਮਜ਼ਦੂਰ-ਯੂਨੀਅਨ ਵਿਚ ਸੀ, ਪਰ ਮੋਇਆਂ ਦੀ ਤਰ੍ਹਾਂ ਡਗ-ਮਗਾਉਂਦੇ ਕਦਮਾਂ ਨਾਲ ਰੋਜ਼ ਵਾਂਗੂ ਕਾਰਖਾਨੇ ਵਿਚ ਆ ਗਿਆ। ਕਿਉਂਕਿ ਰਾਤ ਉਸ ਦੀ ਮਾਂ ਤੇ ਉਸ ਦੀ ਪਤਨੀ ਨੇ ਰੋਂਦੀਆਂ ਰੋਂਦੀਆਂ ਹੱਥ ਬੰਨ੍ਹ ਕੇ ਆਪਣੇ ਛੋਟੇ ਜਿਹੇ ਪਰਵਾਰ ਨੂੰ ਜਿਉਂਦਿਆਂ ਰੱਖਣ ਲਈ ਮਿੰਨਤਾਂ ਕੀਤੀਆਂ ਸਨ। ਸਾਰੇ ਟੱਬਰ ਨੂੰ ਰੋਂਦਾ ਵੇਖ ਉਸ ਦੇ ਬੱਚੇ ਵੀ ਭੌਰ ਭੌਰ ਹੋ ਗਏ ਸਨ। ਅਤੇ ਉਹ ਪੈਸੇ ਮੰਗਣ ਖ਼ਾਤਰ ਸਰਦਾਰ ਦੇ ਪੈਰੀਂ ਫੇਰ ਆ ਪਿਆ।

ਸਰਦਾਰ ਸਾਹਬ ਨੇ ਵੀ ਅੱਜ ਕਾਰਖ਼ਾਨੇ ਦੇ ਖ਼ਾਸ ਕਮਰੇ ਵਿਚ ਉਹਦੀ ਡਿਊਟੀ ਲਾ ਰੱਖੀ ਸੀ, ਜਿਵੇਂ ਕੈਦੀਆਂ ਉੱਪਰ ਹੁੰਦੀ ਹੈ।

ਇਕ ਸੇਠ ਤੇ ਦੋ ਹੋਰ ਸਰਦਾਰ ਕਾਰ ਉੱਪਰ ਕਾਰਖ਼ਾਨੇ ਆਏ ਤੇ ਮਾਲਕ ਸਰਦਾਰ ਨਾਲ ਘੁਸਰ-ਮੁਸਰ ਕਰ ਕੇ ਚਲੇ ਗਏ। ਰਾਮੂ ਨੂੰ ਕੁਝ ਸਮਝ ਨਾ ਆਈ।

ਰਾਮੂ ਦਾ ਚੱਕੀ ਰਾਂਹੁਦੇ ਰਾਂਹੁਦੇ ਦਾ ਇਕ ਵਾਰ ਜੀਅ ਕੀਤਾ ਕਿ ਉਹ ਥੱਲੇ ਪੈ ਕੇ ਆਪਣੇ ਸਿਰ ਉੱਪਰ ਚੱਕੀ ਦਾ ਪੁੜ ਸੁੱਟ ਲਵੇ, ਪਰ ਇੰਜ ਕਰਨਾ ਵੀ ਉਸ ਨੂੰ ਜ਼ਿੰਦਗੀ ਤੋਂ ਭੱਜਣਾ ਬੁਜ਼ਦਿਲੀ ਜਾਪੀ।

ਅੱਜ ਪਤਾ ਨਹੀਂ ਕਿਉਂ ਸਰਦਾਰ ਨੇ ਕਾਰਖ਼ਾਨੇ ਵਿਚ ਕੁਰਸੀ ਡਾਹ ਰੱਖੀ ਸੀ ਤੇ ਰਾਮੂ ਕੋਲ ਆ ਕੇ ਮਿੱਠੀਆਂ ਗੱਲਾਂ ਕਰ ਰਿਹਾ ਸੀ।

'ਟੱਕ ਟੱਕ ਟੱਕ......' ਕਰਦੇ ਰਾਮੂ ਤੋਂ ਹਥੌੜਾ ਇਕ ਦਮ ਰੁਕਿਆ। ਜਦ ਉਸ ਦੇ ਕੰਨਾਂ ਵਿਚ ਕੁਝ ਉੱਚੀਆਂ ਆਵਾਜ਼ਾਂ ਪਈਆਂ। ਉਸ ਨੇ ਕੰਨ ਚੁੱਕ ਕੇ ਫੇਰ ਸੁਣਿਆ:

"ਦੁਨੀਆਂ ਭਰ ਦੇ ਮਜ਼ਦੂਰੋ!"

"ਇਕ ਹੋ ਜਾਓ!"

ਰਾਮੂ ਦਾ ਦਿਲ ਠਾਹ ਕਰ ਕੇ ਧੱਕ ਧੱਕ ਕਰਨ ਲੱਗ ਪਿਆ। ਇਕ ਦਮ ਸਾਰਾ ਨਕਸ਼ਾ ਅੱਖਾਂ ਅੱਗੇ ਆ ਗਿਆ। ਉਸ ਦਾ ਸਿਰ ਚਕਰਾ ਗਿਆ, ਅੱਖਾਂ ਮਿਟ ਗਈਆਂ, ਮਾਨੋਂ ਸੀਤਾ, ਰਹੀਮੂ, ਦਿਆਲਾ, ਸੰਸਾਰੀ...... ਸਾਰੇ ਦੇ ਸਾਰੇ ਮਜ਼ਦੂਰ ਉਸ ਨੂੰ ਲਾਹਨਤਾਂ ਪਾ ਰਹੇ ਸਨ। ਤੇ ਮਾਨੋਂ ਕਹਿ ਰਹੇ ਸੀ, "ਆਪ ਅਗਵਾਈ ਕਰ ਕੇ ਗੱਦਾਰ ਬਣ ਗਿਆ?......ਬੁਜ਼ਦਿਲ! ਡਰਪੋਕ!...... ...ਕਮੀਨੇ!.........ਅਸੀਂ ਤੈਨੂੰ ਕਦੀ ਮਾਫ਼ ਨਹੀਂ ਕਰਾਂਗੇ......।"

ਸਰਦਾਰ ਨੂੰ ਵੀ ਸ਼ਾਇਦ ਜਲੂਸ ਦੀ ਆਵਾਜ਼ ਸੁਣ ਗਈ ਸੀ। ਉਹ ਵੀ ਹੌਲੀ ਹੌਲੀ ਚੱਕੀ-ਕਮਰੇ ਵੱਲ ਆ ਰਿਹਾ ਸੀ। ਰਾਮੂ ਛੈਣੀ ਪੱਥਰ ਉੱਪਰ ਸੁੱਟ, ਚੱਕੀ-ਕਮਰੇ ਦੇ ਬੂਹੇ ਵਿਚ ਆ ਗਿਆ। ਹਥੌੜਾ ਰੱਖਣਾ ਸ਼ਾਇਦ ਭੁੱਲ ਈ ਗਿਆ, ਉਹ ਸੱਜੇ ਹੱਥ ਵਿਚ ਫੜਿਆ ਹੀ ਰਿਹਾ। ਮਜ਼ਦੂਰ-ਜਲੂਸ ਸੜਕੇ ਸੜਕ ਕਾਰਖ਼ਾਨੇ ਵੱਲ ਅੱਗੇ ਜਾਣ ਲਈ ਵਧ ਰਿਹਾ ਸੀ। ਤੇ ਹੁਣ ਉਸ ਨੂੰ ਬਿਲਕੁਲ ਸਾਫ਼ ਆਵਾਜ਼ਾਂ ਸੁਣ ਰਹੀਆਂ ਸਨ:

"ਆਪਣੇ ਹੱਕ!"

"ਲੈ ਕੇ ਰਹਾਂਗੇ!!"

ਰਾਮੂ ਦੇ ਦਿਲ ਵਿਚ ਭਾਂਬੜ ਬਲ ਪਿਆ। ਹੁਣ ਉਹ ਦੋ ਕਦਮਾਂ ਹੋਰ ਅੱਗੇ ਹੋ ਗਿਆ। ਉਧਰੋਂ ਸਰਦਾਰ ਜੀ ਵੀ ਰਾਮੂ ਦੇ ਸਾਹਮਣੇ ਆ ਗਏ।

"ਕੁਝ ਨਹੀਂ ਰਾਮੂ! ਉਨ੍ਹਾਂ ਲੋਕਾਂ ਦੀ ਤਾਂ ਮੌਤ ਚੁੱਕੀ ਫਿਰਦੀ ਐ........." ਤੂੰ ਆਪਣਾ ਕੰਮ ਕਰ ਜਾ ਕੇ। ਸਰਦਾਰ ਨੇ ਕਿਹਾ।

"ਨਹੀਂ ਸਰਦਾਰ ਜੀ ਮੈਂ ਉਨ੍ਹਾਂ ਲੋਕਾਂ ਦੇ ਨਾਲ ਜਾਵਾਂਗਾ।" ਰਾਮੂ ਦਾ ਲੂੰ ਲੂੰ ਖੜਾ ਹੋ ਗਿਆ।

"ਪਹਿਲਾਂ ਮੇਰੇ ਸਾਰੇ ਪੈਸੇ ਦੇ ਜਾ ਫੇਰ ਚਲਾ ਜਾਵੀਂ। ਨਹੀਂ ਤਾਂ ਮੇਰਾ ਕੰਮ ਕਰ ਜਾ ਕੇ ਚੱਕੀ ਰ੍ਹਾਅ ....ਨਹੀਂ ਦੇਖ ਲੈ ਫੇਰ।" ਸਰਦਾਰ ਨੇ ਅੱਖਾਂ ਲਾਲ ਕਰ ਲਈਆਂ।

"ਹੈਂ?" ਰਾਮੂ ਦਾ ਖ਼ੂਨ ਉਬਾਲੇ ਖਾਣ ਲੱਗ

ਪਿਆ, "ਕੀ ਤੁਸੀਂ ਮੈਨੂੰ ਖ਼ਰੀਦ ਲਿਆ ? ਕੀ ਮੈਂ ਥੋੜਾ ਕੁਛ ਪੈਸਿਆਂ ਬਦਲੇ ਗੁਲਾਮ ਬਣ ਗਿਆ ?......... (ਕੁਝ ਰੁਕ ਕੇ)........ਤੁਸੀਂ ਹੁਣ ਸਾਨੂੰ ਨਹੀਂ ਦਬਾਅ ਸਕਦੇ। ਅਸੀਂ ਹੁਣ ਉੱਠ ਖੜ੍ਹੇ ਆਂ......ਤੇਰੇ ਵਰਗੇ ਜ਼ਾਲਮਾਂ ਦਾ ਖ਼ੂਨ ਪੀ ਜਾਵਾਂਗੇ।" ਰਾਮੂ ਇਕ ਕਦਮ ਹੋਰ ਅੱਗੇ ਵਧ ਗਿਆ। ਪਰ ਸਰਦਾਰ ਜੀ ਦੀ ਦੀਆਂ ਅੱਖਾਂ ਹੋਰ ਲਾਲ ਹੋ ਗਈਆਂ, ਮੋਟੀਆਂ ਮੁੱਛਾਂ ਫ਼ਰਕੀਆਂ ਤੇ ਰਾਮੂ ਦੇ ਮੂੰਹ ਉੱਪਰ 'ਫਾਅੜ'- ਕਰਦਾ ਇਕ ਥੱਪੜ ਪਿਆ।

"ਕੁੱਤੇ ਦਿਆ ਪੁੱਤਾ !.........ਰੋਅਬ ਦੇਨੈ ?" ਸ਼ਰਦਾਰ ਕੜਕਿਆ ਰਾਮੂ ਦਾ ਹਥੌੜੇ ਵਾਲਾ ਹੱਥ ਕੰਬਿਆ ਤੇ 'ਕਾਅੜ' ਕਰਦਾ ਹਥੌੜਾ ਸਰਦਾਰ ਦੇ ਮੱਥੇ ਵਿਚ ਅੱਖ ਉੱਪਰ ਵੱਜਿਆ। ਰਾਮੂ ਹਨੇਰੀ ਦੀ ਤਰ੍ਹਾਂ ਭੱਜਿਆ ਤੇ ਕਾਰਖ਼ਾਨੇ ਦੇ ਦਰਵਾਜ਼ੇ 'ਤੇ ਆ ਗਿਆ। ਪਿੱਛੇ ਮੁੜ ਕੇ ਝਾਕਿਆ, ਉਂਗਲ ਵਰਗੀ ਲਹੂ ਦੀ ਧਾਰ ਸਰਦਾਰ ਦੇ ਮੱਥੇ ਚੋਂ ਆ ਰਹੀ ਸੀ। ਤੇ ਸ਼ਰਦਾਰ ਪੱਥਰ ਵਾਂਗੂ ਖੜਾ ਭੱਜੇ ਜਾਂਦੇ ਰਾਮੂ ਵੱਲ ਤੱਕ ਰਿਹਾ ਸੀ।

ਰਾਮੂ ਸੜਕ 'ਤੇ ਆ ਗਿਆ। ਉਸ ਨੇ ਮਹਿਸੂਸ ਕੀਤਾ ਕਿ ਉਹ ਚੱਕੀ ਦੇ ਪੁੜਾਂ ਵਿਚੋਂ ਆਜ਼ਾਦ ਹੋ ਕੇ ਨਿਕਲ ਆਇਆ ਹੈ। ਉਹ ਭੱਜ ਕੇ ਜਲੂਸ ਵਿਚ ਆਪਣੇ ਸਾਥੀਆਂ 'ਚ ਰਲ ਕੇ ਬਾਂਹ ਉੱਚੀ ਕਰ ਕੇ ਜ਼ੋਰ ਦੀ ਚਿੰਘਾੜਿਆ :

"ਇਨਕਲਾਬ !"

ਤੇ ਜਵਾਬ ਵਿਚ ਹਜ਼ਾਰਾਂ ਈ ਆਵਾਜ਼ਾਂ ਨੇ ਆਕਾਸ਼ ਗੂੰਜਾਅ ਦਿੱਤਾ :

"ਜ਼ਿੰਦਾਬਾਦ !"

O

ਕਹਾਣੀ—

# ਪਾਰਟਨਰ

—ਚੰਦਰ ਮੋਹਨ ਸਿੰਘ ਜੌਲੀ

'ਸੁਮਨ ! ਇਥੇ ਤਾਂ ਬਹੁਤ ਹਨੇਰਾ ਏ। ਸ਼ਾਇਦ ਲਾਈਟ ਫੇਲ੍ਹ ਹੋ ਗਈ ਏ।' ਡਿਸਕੋਥਿਕ ਦਾ ਮੁਖ ਦੁਆਰ ਲੰਘਦਿਆਂ ਨਵ-ਪ੍ਰੇਮ ਨੇ ਕਿਹਾ।

'ਨਹੀਂ ਲਾਈਟ ਫੇਲ੍ਹ ਨਹੀਂ ਹੋਈ—ਦੇਖੋ ਬੱਲਬ ਜਗ ਰਿਹੈ।' ਸੁਮਨ ਨੇ ਆਪਣੀ ਬਾਂਹ ਉਸ ਦੀਆਂ ਬਾਹਾਂ ਵਿਚ ਪਾਂਦਿਆਂ ਕਿਹਾ। 'ਦੋ ਕਦਮ ਚੱਲਣ ਤੇ ਸ਼ਾਅਦ ਪੌੜੀਆਂ ਆ ਜਾਣਗੀਆਂ ਜ਼ਰਾ ਸੰਭਲ ਕੇ ਉਤਰਨਾ।"

'ਤੂੰ ਨਾਲ ਏਂ ਸੁਮਨ—ਮੈਨੂੰ ਸੰਭਲਣ ਦੀ ਕੋਈ ਲੋੜ ਨਹੀਂ—ਸ਼ਾਇਦ ਇਹ ਬੱਤੀ ਪੌੜੀਆਂ ਕਰਕੇ ਹੀ ਇਥੇ ਲਾਈ ਹੋਈ ਏ।'

'ਹਾਂ ਕਿਧਰੇ ਕੋਈ ਅਨਾੜੀ ਡਿਗ ਨਾ ਪਵੇ।'

'ਇੰਝ ਹੀ ਪ੍ਰਤੀਤ ਹੁੰਦਾ ਏ।'

ਤੇ ਉਹ ਪਉੜੀਆਂ ਉਤਰ ਕੇ ਹਾਲ ਵਿਚ ਪੁਜ ਗਏ। ਉਥੇ ਵੀ ਹਰ ਪਾਸੇ ਹਨੇਰਾ ਹੀ ਪਸਰਿਆ ਹੋਇਆ ਸੀ। ਸਿਰਫ਼ ਦੋ ਮੱਧਮ ਜਗਾਈਆਂ ਬੱਤੀਆਂ ਹੀ ਜਗ ਰਹੀਆਂ ਸਨ। ਇਕ ਡਾਂਸਿੰਗ ਫਲੋਰ ਤੇ ਅਤੇ ਦੂਜੀ ਕਾਊਂਟਰ ਤੇ ਜਿੱਥੇ ਪੌਪ ਸੰਗੀਤ ਦੇ ਰੀਕਾਰਡ ਵਜਾਏ ਜਾ ਰਹੇ ਸਨ।

'ਇਥੇ ਵੀ ਬਹੁਤ ਹਨੇਰਾ ਏ ?'

'ਇਥੇ ਇੰਝ ਹੀ ਹੁੰਦਾ ਏ।'

'ਪਰ ਸੁਮਨ ਇਸ ਹਨੇਰੇ ਵਿਚ ਅਸੀਂ ਬੈਠਣ ਦੀ ਥਾਂ ਕਿਵੇਂ ਲੱਭਾਂਗੇ।'

'ਇਥੇ ਮੇਜ਼ ਕੁਰਸੀਆਂ ਨਹੀਂ ਹੁੰਦੀਆਂ।'

'ਤਾਂ ਕੀ ਫ਼ਰਸ਼ ਤੇ ਬੈਠ ਕੇ ਹੀ ਖਾਣਾ ਪਵੇਗਾ ?'

'ਨਹੀਂ ਇਥੇ ਸਾਫਟ ਡ੍ਰਿੰਕਸ-ਬੀਅਰ, ਐਪਲਜੂਸ ਆਦਿ ਤੇ ਸਨੈਕਸ ਹੀ ਮਿਲਦੇ ਹਨ।'

'ਬਸ........'

'ਹਾਂ—ਬਸ ਖੜੇ ਖੜੇ ਹੀ ਸਨੈਕਸ ਖਾਈਦੇ ਨੇ ਤੇ ਜੂਸ ਸਿਪ ਕਰੀਦਾ ਏ ਤੇ — ਤੇ ਡਾਂਸ ਵੀ ਕਰੀ ਜਾਈਦਾ ਏ।'

'ਡਾਂਸ ? ਕੀ ਸਾਨੂੰ ਡਾਂਸ ਵੀ ਕਰਨਾ ਪਵੇਗਾ ?'

'ਹਾਂ—ਉਹ ਦੇਖ ਫਲੋਰ ਤੇ ਕਈ ਲੋਕ ਡਾਂਸ ਕਰ ਰਹੇ ਨੇ।'

'ਉਹ ਤਾਂ ਸਾਰੇ ਹਿਪੀ ਲਗਦੇ ਨੇ।'

'ਹਿਪੀ—ਨਹੀਂ ਡਾਰਲਿੰਗ। ਉਹ ਮਾਡਰਨ ਨੇ ਮੇਰੇ ਵਾਂਗ—ਲੈਟ ਅਸ ਡਾਂਸ—' ਕਹਿੰਦਿਆਂ ਸੁਮਨ ਦੀਆਂ ਅੱਖਾਂ ਵਿਚ ਅਨੋਖੀ ਚਮਕ ਆ ਗਈ।

ਤੇ ਉਹ ਦੋਵੇਂ ਫਲੋਰ ਵਲ ਚਲ ਪਏ।

ਰੀਕਾਰਡ ਪਲੇਅਰ ਤੇ ਬੜੀ ਤੇਜ਼ ਧੁਨ ਵਜ ਰਹੀ ਸੀ। ਇਸ ਲਈ ਦੋਹਾਂ ਨੂੰ ਅਲੱਗ ਅਲੱਗ ਸ਼ੇਕ ਕਰਨਾ ਪੈ ਰਿਹਾ ਸੀ। ਫਿਰ ਉਹ ਰੀਕਾਰਡ ਖ਼ਤਮ ਹੋ ਗਿਆ। ਥਿਰਕਦੇ ਜਿਸਮ ਰੁਕ ਗਏ। ਹਾਲ ਤਾੜੀਆਂ ਨਾਲ ਗੂੰਜ ਉਠਿਆ। ਇਸ ਗੂੰਜ ਵਿਚੋਂ ਸੰਗੀਤ ਦੀਆਂ ਮੱਧਮ ਤੇ ਮਧੁਰ ਲਹਿਰਾਂ ਉਭਰਨ ਲਗ ਪਈਆਂ। ਫਲੋਰ ਤੇ

ਖੜੇ ਜੋੜੇ ਬਾਹਾਂ ਵਿਚ ਬਾਹਾਂ ਪਾ ਕੇ 'ਬਾਲ' ਕਰਨ ਲਗ ਪਏ। ਡਾਂਸ ਕਰਦੇ ਕਰਦੇ ਜਦੋਂ ਉਹ ਦੋਵੇਂ ਫਲੋਰ ਉਪਰ ਜਗ ਰਹੀ ਮੱਧਮ ਬੱਤੀ ਹੇਠ ਆਏ ਤਾਂ ਨਵ-ਪ੍ਰੇਮ ਤ੍ਰਬਕ ਉਠਿਆ। ਉਸ ਦੀਆਂ ਬਾਹਾਂ ਵਿਚ ਸੁਮਨ ਨਹੀਂ ਸੀ। ਕੋਈ ਹੋਰ ਸੀ—ਕੋਈ ਹੋਰ ਜਿਸ ਨੂੰ ਕਦੀ ਉਸ ਨੇ ਆਪਣਾ ਬਣਾਣ ਦਾ ਸੁਪਨਾ ਵੇਖਿਆ ਸੀ। ਤੇ ਸੁਮਨ—।

ਹਨੇਰੇ ਵਿਚ ਉਸ ਨੇ ਇਧਰ ਉਧਰ ਤਕਿਆ। ਪਰ ਸੁਮਨ —

'ਤੂੰ ਮੈਨੂੰ ਪਛਾਣਿਆ ਨਹੀਂ ਪ੍ਰੇਮ ?' ਉਸ ਦੇ ਕੰਨਾਂ ਵਿਚ ਆਵਾਜ਼ ਪਈ।

"ਪ੍ਰੇਮ–ਮੇਰਾ ਨਾ ਪ੍ਰੇਮ ਨਹੀਂ।" ਉਸ ਦੀਆਂ ਨਜ਼ਰਾਂ ਸੁਮਨ ਨੂੰ ਲੱਭਣ ਲਈ ਹਨੇਰੇ ਨੂੰ ਟਟੋਲ ਰਹੀਆਂ ਸਨ।

"ਮੇਰੇ ਨਾਲ ਮਜ਼ਾਕ ਕਿਉਂ ਕਰ ਰਿਹਾ ਏਂ ? ਪ੍ਰੇਮ। ਮੈਂ ਅਜੇ ਤੈਨੂੰ ਭੁੱਲੀ ਨਹੀਂ–ਮੈਂ ਹਾਲੀ ਵੀ ਤੈਨੂੰ ਉਸੇ ਤਰ੍ਹਾਂ ਪਿਆਰ ਕਰਦੀ ਹਾਂ—ਭਾਵੇਂ ਮੈਂ—ਮੈਂ—"

"ਪਰ ਮੈਂ ਹੁਣ ਪ੍ਰੇਮ ਨਹੀਂ ਰਿਹਾ—ਮੇਰਾ ਨਾਂ ਨਵ ਪ੍ਰੇਮ ਏ।"

'ਨਵ ਪ੍ਰੇਮ–ਤੂੰ ਆਪਣਾ ਨਾਂ ਕਿਉਂ ਬਦਲ ਲਿਐ ?'

'ਮੈਂ ਨਹੀਂ ਬਦਲਿਆ—ਇਹ ਨਾਂ ਮੈਨੂੰ ਮੇਰੀ ਪਤਨੀ ਨੇ ਦਿਤੈ।'

'ਪਰ ਮੈਨੂੰ ਮੇਰੇ ਪਤੀ ਨੇ—'

'ਹਾਂ ਸਚ ਕਮਲ। ਮੈਨੂੰ ਅਫਸੋਸ ਏ ਕਿ ਮੈਂ ਤੇਰੇ ਵਿਆਹ ਤੇ ਨਹੀਂ ਆ ਸਕਿਆ।'

'ਮੈਂ ਜਾਣਦੀ ਸਾਂ ਕਿ ਤੂੰ ਨਹੀਂ ਆਏਂਗਾ।'

'ਕਿਉਂ ?'

'ਕਿਉਂਕਿ ਕੋਈ ਵੀ ਆਪਣੀ ਪ੍ਰੇਮਕਾ.........।'

'ਕੀ ਕਰਦੇ ਨੇ ਉਹ ?'

'ਬਿਜਨੱਸ—ਇੰਮਪੋਰਟ—ਐਕਸਪੋਰਟ–'

'ਕਿਥੇ ਨੇ ਉਹ—ਮੈਨੂੰ ਉਹਨਾਂ ਨਾਲ ਇੰਟਰ ਡੀਊਸ ਨਹੀਂ ਕਰਾਏਂਗੀ।'

'ਕਰਾਂਵਾਂਗੀ।'

'ਇਸ ਆਈਟਮ ਤੋਂ ਬਾਅਦ—'

'ਪ੍ਰੇਮ ਤੈਨੂੰ ਕੀ ਹੋ ਗਿਆ ?'

'ਕਿਉਂ ?'

'ਇਹੋ ਜਿਹੀ ਥਾਂ ਤੇ ਕਦੀ ਕੋਈ ਪਤਨੀ ਆਪਣੇ ਪਤੀ ਨਾਲ ਆਂਦੀ ਏ ?'

'ਓ—ਮੈਨੂੰ ਇਸ ਗਲ ਦਾ ਪਤਾ ਨਹੀਂ ਸੀ ਪਰ—ਪਰ—'

'ਪਰ—ਕੀ ?'

'ਪਰ—ਮੈਂ ਤੇ ਆਪਣੀ—ਨਹੀਂ—ਤੂੰ ਤਾਂ ਆਪਣੇ ਪਤੀ ਬਾਰੇ ਕੁਝ ਦਸਿਆ ਹੀ ਨਹੀਂ। ਕਿਹੋ ਜਿਹੇ ਨੇ ਉਹ ? ਤੂੰ ਖੁਸ਼ ਤਾਂ ਹੋਵੇਂਗੀ—ਬਹੁਤ ਖੁਸ਼—।' ਉਸ ਨੇ ਆਪਣੇ ਮਨ ਵਿਚ ਉਠ ਰਹੇ ਭਾਵ ਨੂੰ ਲੁਕਾਂਦਿਆਂ ਹੋਇਆਂ ਕਿਹਾ।'

'ਖੁਸ਼ ਤੇ ਹਾਂ ਪਰ ਬਹੁਤੀ ਨਹੀਂ।'

'ਕਿਉਂ ?'

'ਇਹ ਤੂੰ ਮੇਰੇ ਕੋਲੋਂ ਪੁਛ ਰਿਹਾ ਏ ?'

'ਹਾਂ।'

'ਜੇ ਤੂੰ ਇਹ ਨਾ ਪੁਛਦਾ ਤਾਂ ਠੀਕ ਸੀ।'

'ਕੀ ਗੱਲ ?'

'... .. ...'

'ਤੂੰ ਚੁਪ ਕਿਉਂ ਏ ?"

'ਅੱਛਾ...ਸੁਣ...ਮੈਂ ਤੈਨੂੰ ਦਸਦੀ ਹਾਂ—ਔਰਤ ਆਪਣੇ ਪਹਿਲੇ ਪਿਆਰ ਨੂੰ ਕਦੀ ਨਹੀਂ ਭੁਲਾ ਸਕਦੀ। ਦੁਨੀਆਂ ਤੇ ਸਭ ਸੁਖ ਆਰਾਮ ਉਸ ਦੇ ਮਨ ਵਿਚੋਂ ਇਹ ਚੀਸ ਨਹੀਂ ਕੱਢ ਸਕਦੇ।'

'ਕਮਲ ਮੈਨੂੰ ਮੁਆਫ ਕਰ ਦੇ ਮੈਂ ਤੈਨੂੰ ਗਲਤ ਸਮਝਿਆ ਸੀ। ਇਕ ਮੁਦਤ ਤੋਂ ਬਾਅਦ ਅੱਜ ਮੈਨੂੰ ਤੂੰ ਮਿਲੀਏਂ। ਚਲ ਕਿਧਰੇ ਬੈਠ ਕੇ ਗੱਲਾਂ ਕਰਦੇ ਹਾਂ।'

'ਨਹੀਂ ਪ੍ਰੇਮ—ਇਹ ਥਾਂ ਦੋ ਪ੍ਰੇਮੀਆਂ ਦੇ ਮਿਲਣ ਦੀ ਨਹੀਂ—ਇਥੇ ਤਾਂ–ਨਹੀਂ–ਪ੍ਰੇਮ—ਨਹੀਂ—'

ਤੇ ਉਹ ਉਸ ਦੀਆਂ ਬਾਹਾਂ ਵਿਚੋਂ ਨਿਕਲ ਕੇ ਹਨੇਰੇ ਵਿਚ ਗੁਆਚ ਗਈ। ਉਹ ਉਸ ਨੂੰ ਲਭਦਾ ਲਭਦਾ ਪਉੜੀਆਂ ਦੇ ਕੋਲ ਪੁਜ ਗਿਆ, ਪਰ ਉਹ ਉਥੇ ਵੀ ਨਹੀਂ ਸੀ। ਉਸ ਨੇ ਸੋਚਿਆ ਸ਼ਾਇਦ ਉਹ ਬਾਹਰ ਚਲੀ ਗਈ ਹੈ। ਉਹ ਵੀ ਪਉੜੀਆਂ ਚੜ੍ਹ ਕੇ ਬਾਹਰ ਆ ਗਿਆ।

ਪਰ ਕਮਲ ਬਾਹਰ ਵੀ ਨਹੀਂ ਸੀ। ਕੁਝ ਦਿਰ ਉਹ ਉਸ ਦੀ ਉਡੀਕ ਵਿਚ ਉਥੇ ਖੜਾ ਰਿਹਾ। ਪਰ ਕਮਲ ਨਾਂ ਆਈ। ਹਾਰ ਕੇ ਉਸ ਨੇ ਵਾਪਸ਼ ਜਾਣ ਦਾ ਫੈਸਲਾ ਕੀਤਾ।

ਜਦ ਉਹ ਮੁਖ ਦੁਆਰ ਤੇ ਪੁਜਿਆ ਤਾਂ ਦਰਵਾਜੇ ਦੇ ਪਾਸ ਖੜੇ ਚੌਕੀਦਾਰ ਨੇ ਉਸ ਦਾ ਰਾਹ ਰੋਕ ਲਿਆ।

'ਕਿਧਰ ਕੋ ਜਾਤਾ ਹੈ ਸਾਹਬ ?'

'ਅੰਦਰ।' ਹੈਰਾਨੀ ਭਰੀਆਂ ਨਜ਼ਰਾਂ ਨਾਲ ਉਸ ਵਲ ਤਕਦਿਆਂ ਉਸ ਕਿਹਾ।

'ਅੰਦਰ ਜਾਨੇ ਕੀ ਅਜਾਜਤ ਨਹੀਂ ।'

'ਕਿਉਂ ?'

'ਕਿਉਂਕਿ ਆਪ ਅਕੇਲੇ ਹੈਂ ।'

'ਅਕੇਲਾ ?'

'ਹਾਂ—ਇਧਰ ਅਕੇਲੇ ਅੰਦਰ ਜਾਨੇ ਕੀ ਅਜਾਜਤ ਨਹੀਂ—ਆਪ ਸਾਥ ਮੇਂ ਆਪਨਾ ਗਰਲ ਪਾਰਟਨਰ ਭੀ ਲਾਏਂ ।'

'ਗਰਲ ਪਾਰਟਨਰ—ਮੇਰੀ ਬੀਵੀ ਅੰਦਰ ਹੈ ।'

'ਵੋਹ ਅਪਨੇ ਬੁਆਏ ਪਾਰਟਨਰ ਕੇ ਸਾਥ ਆਈ ਹੋਗੀ । ਅਗਰ ਆਪ ਕੋ ਅੰਦਰ ਜਾਨਾ ਹੈ ਤੋ ਅਪਨਾ ਪਾਰਟਨਰ ਲਾਨਾ ਹੋਗਾ ।'

O

ਕਹਾਣੀ—

## ਬੱਗਾ ਬੱਗੇ ਕਪੜੇ

—ਸੁਰਿੰਦਰ ਸਿੰਘ ਵਿਰਦੀ

ਠਕ ! ਠਕ !! ਠਕ !!!

ਮੈਂ ਕਿਹਾ ਲਾਂਗਰੀ ਜੀ, "ਚਾਨਣ ਸਿੰਘ ਨੇ ਦੋ ਤਿੰਨ ਵਾਰ ਦਰਵਾਜ਼ਾ ਖੜਕਾਇਆ ਅਤੇ ਵਾਜਾਂ ਵੀ ਮਾਰੀਆਂ ਪਰ ਕੋਠੜੀ ਦੇ ਅੰਦਰੋਂ ਅਵਾਜ਼ ਤਾਂ ਕੀ ਸਾਹ ਤਕ ਵੀ ਕਨਸੋ ਵੀ ਨਾ ਮਿਲੀ। ਅਖੀਰ ਅੱਕ ਕੇ ਲਾਂਗਰੀ ਦੀ ਕੋਠੜੀ ਦੇ ਗੇਟ ਪਾਸ ਹੀ ਬੈਠ ਗਿਆ ਤੇ ਸੋਚਣ ਲੱਗਾ ਕਿ ਵਿਚਾਰਾ ਗੂੜ੍ਹੀ ਨੀਂਦਰ ਸੌਂ ਰਿਹਾ ਹੋਵੇਗਾ, ਕਿਉਂ ਕਿਸੇ ਦੀ ਨੀਂਦ ਖ਼ਰਾਬ ਕੀਤੀ ਜਾਵੇ। ਅਖੀਰ ਲਾਂਗਰੀ ਵੀ ਮਨੁੱਖ ਹੈ ਸਾਰਾ ਦਿਨ ਕੰਮ ਕਰਦਾ ਹੈ ਸਵੇਰੇ ਉਠਦਾ ਰਾਤ ਦੇ ਬਚੇ ਦੁੱਧ ਦੀ ਚਾਹ ਪੀਂਦਾ ਗੁੱਥੀ ਨੂੰ ਪਿਉਂਦਾ ਫੇਰ ਦੱਸ ਮਿੰਟ ਲੱਕ ਸਿੱਧਾ ਕਰਦਾ। ਕਰਦੇ ਕਰਾਉਂਦੇ ਨੌਂ ਤਾਂ ਉਂਜ ਹੀ ਵਜ ਜਾਂਦੇ ਆ। ਆਹ ਸਮਾਂ ਲਾਂਗਰੀ ਲਈ ਬੜਾ ਔਖਾ ਹੁੰਦਾ। ਲਾਂਗਰੀ ਦੇ ਆਪਣੇ ਸ਼ਬਦਾਂ ਵਿੱਚ "ਸਾਰੇ ਪਿੰਡ ਦਾ ਚੱਕਰ ਲਗਾਉਣਾ ਪੈਂਦਾ ਤੇ ਉਹ ਵੀ ਖਾਲੀ ਨਹੀਂ ਸਗੋਂ ਹੱਥ ਵਿੱਚ ਸਬਜੀ ਲਈ ਡੋਲੂ, ਰੋਟੀਆਂ ਲਈ ਬਗਲੀ ਅਤੇ ਦੁੱਧ ਲਈ ਬਾਲਟੀ ਵੀ ਤਾਂ ਚੁੱਕਣੀ ਪੈਂਦੀ ਆ। ਇਹੀ ਚੱਕਰ ਸ਼ਾਮ ਨੂੰ ਜਾਰੀ ਰਹਿੰਦਾ ਹੈ।'

ਸਿਆਲਾਂ ਦੇ ਦਿਨ ਵੀ ਤਾਂ ਬੜੇ ਜ਼ਾਲਮ ਹੁੰਦੇ ਆ ਪਰ ਕਰੀਏ ਕੀ ਆਹ ਦੋ ਕਪੜੇ ਪਾਏ ਆ ਤੇ ਪਾਟਿਆ ਖੇਸ । ਜੋ ਸਰੀਰ ਨੂੰ ਕਜਣੋਂ ਵੀ ਅਸਮਰਥ ਸੀ ਤੇ ਉਸ ਤੇ ਲੱਗੀਆਂ ਰੰਗ ਬਰੰਗੀਆਂ ਟਾਕੀਆਂ ਚੰਨਣ ਸਿੰਘ ਦੀ ਗਰੀਬੀ, ਭੁਖ ਮਰੀ ਤੇ ਲਾਚਾਰੀ ਨੂੰ ਪੂਰੀ ਤਰ੍ਹਾਂ ਪੇਸ਼ ਕਰ ਰਹੀਆਂ ਸਨ। ਟਾਕੀਆਂ ਵਾਲਾ ਖੇਸ ਇਉਂ ਲੱਗ ਰਿਹਾ ਸੀ ਜਿਵੇਂ ਫੌਜ ਵਾਲੇ ਕਿਸੇ ਸਮੇਂ ਕੰਧ ਤੇ ਚਾਂਗ ਮਾਰੀ ਕਰਦੇ ਹੁੰਦੇ ਹੋਣ ਤੇ ਸਾਹਮਣੀ ਦੀਵਾਰ ਤੇ ਪਏ ਲਾਲ ਲਾਲ ਟੋਏ ਅੱਲੇ ਜ਼ਖਮਾਂ ਦਾ ਅਹਿਸਾਸ ਕਰਵਾ ਰਹੇ ਹੋਣ।

ਭਾਈ ਜੀ ! ਭਾਈ ਜੀ !! ਭਾਈ ਜੀ !!!

ਚਾਨਣ ਨੇ ਹੋਰ ਉਚੀ ਅਵਾਜ਼ ਕੱਸੇ ਮਤੇ ਲਾਂਗਰੀ ਨੂੰ ਇਉਂ ਹੀ ਸੁਣ ਪਵੇ। ਪਰ ਲਾਂਗਰੀ ਦੀ ਨੀਂਦ ਕਿ ਕੁੰਭ ਕਰਨ। ਕਈ ਵਾਰੀ ਇਸ ਤਰ੍ਹਾਂ ਕਰਨ ਤੇ ਜਦੋਂ ਲਾਂਗਰੀ ਨਾਂ ਉਠਿਆ ਤਾਂ ਚਨਣ ਨੇ ਗੁਰੂ ਘਰ ਵਿੱਚ ਟਹਿਲਣਾ ਸ਼ੁਰੂ ਕਰ ਦਿੱਤਾ। ਬਚਪਨ ਦੇ ਦਿਨਾਂ ਵਿਚ ਪੜ੍ਹੀਆਂ ਦੋ ਜਮਾਤਾਂ ਨੇ ਚਨਣ ਨੂੰ ਗੁਰਮੁਖੀ ਪੜ੍ਹਨ ਲਾਇਕ ਬਣਾ ਦਿੱਤਾ ਸੀ। ਪਰ ਜਦੋਂ ਤੋਂ ਬਾਪੂ ਨੇ ਉਹਨੂੰ ਵੱਡੇ ਸਰਦਾਰਾਂ ਦੇ ਸੀਰੀ ਰਲਾਇਆ ਸੀ ਸਭ ਪੜ੍ਹਾਈ ਭੁਲ ਚੁਕਿਆ ਸੀ ਤੇ ਕੇਵਲ ਅੱਖਰ ਜੋੜ ਕੇ ਹੀ ਪੜ੍ਹ ਸਕਦਾ ਸੀ।

'ਕੋ ਠ ਰੀ ਲਾਂ ਗ ਰੀ'

ਚਨਣ ਦਾ ਸ਼ੱਕ ਜਾਂਦਾ ਰਿਹਾ, ਕੋਠੜੀ ਲਾਂਗਰੀ ਦੀ ਹੈ ਚਲੋ ਖੈਰ ਘੁੰਮ ਫਿਰ ਲਈਏ ਫੇਰ ਦਰਵੱਜਾ ਖੜਕਾਵਾਂਗੇ।

"ਲੰਗਰ ਚੌਵੀ ਘੰਟੇ ਚਲਦਾ ਹੈ।" ਪਰ ਇਥੇ ਤਾਂ ਸਵੇਰ ਤੋਂ ਹੀ ਬੰਦ ਹੋਇਆ ਪਿਆ। ਪਤਾ ਨਹੀਂ ਕਦੋਂ ਚਲਦਾ ਤੇ ਬੰਦ ਹੋ ਜਾਂਦਾ ਪਰ ਨਾਲ ਦੀ ਹੀ ਲੱਗੀ ਤਖਤੀ ਨੇ ਚਨਣ ਨੂੰ ਝੰਝੋਲ ਸੁਟਿਆ। "ਮੰਜਾ ਬਿਸਤਰਾ ਲਾਂਗਰੀ ਤੋਂ ਲਵੋ।" ਪਰ ਉਹ ਤਾਂ ਤਕਰੀਬਨ ਡੇਢ ਦੋ ਘੰਟਿਆਂ ਤੋਂ ਮੰਜੇ ਬਿਸਤਰੇ ਲਈ ਅਵਾਜ਼ਾਂ ਮਾਰ ਰਿਹਾ। ਖੈਰ ਇਕ ਵਾਰੀ ਹੋਰ ਦੇਖ ਲਈਏ ਲਾਂਗਰੀ ਸ਼ਾਇਦ ਤਰਸ ਹੀ ਖਾ ਲਵੇ।

ਲਾਂਗਰੀ ਨੰਬਰਦਾਰ ! ਲਾਂਗਰੀ !! ਲਾਂਗਰੀ !!! ਤੇ ਜ਼ੋਰ ਦੀ ਠੱਕ ਠੱਕ ਕੀਤੀ ਸਵਾਏ ਇਸ ਗਲ ਦੇ ਕਿ ਕੁਝ ਪੱਲੇ ਪੈਂਦਾ ਅੰਦਰੋਂ ਟਿਕ ਐਨੀ ਕੁ ਅਵਾਜ਼ ਸੁਣਾਈ ਦਿਤੀ।

ਕੌਣ ਆ ਬਈ।

ਇਕ ਉਮੀਦ ਦੀ ਕਿਰਨ ਚਮਕਦੀ ਦਿਸੀ ਤੇ ਕਾਲੀ ਬੋਲੀ ਰਾਤ ਵਿਚ ਮਧਮ ਰੌਸ਼ਨੀ ਵੀ ਵਡ ਖਾਉ ਕਰਦੀ ਜਾਪੀ।

'ਮੈਂ ਯਾਤਰੂ ਆਂ ਜੀ।'

ਚਨਣ ਸਿੰਘ ਦੀ ਇਕ ਅਵਾਜ਼ ਸ਼ਾਂਤ ਵਾਤਾਵਰਨ ਵਿਚ ਗੂੰਜੀ ਅਤੇ ਇਸ ਤੋਂ ਮਗਰੋਂ ਕਈ ਅਵਾਜ਼ਾਂ ਮਾਰਨ ਤੇ ਵੀ ਲਾਂਗਰੀ ਨਾ ਬੋਲਿਆ, ਮਤੇ ਸਪ ਸੁੰਘ ਗਿਆ ਹੋਵੇ।

ਚੰਗਾ ਹੋਰ ਤੁਰ ਫਿਰ ਲਈਏ ਫੇਰ ਭਾਵੇਂ ਗੇਟ ਕਿਉਂ ਨਾ ਭੰਨਣਾ ਪਵੇ। ਮਨ ਵਿਚ ਇਹ ਵਿਚਾਰ ਲੈ ਕੇ ਚਨਣ ਸਿੰਘ ਘੁੰਮਣ ਫਿਰਨ ਲਗਾ।

ਦ ਰ ਬਾ ਰ ਸਾ ਹਿ ਬ ਵਾਲੀ ਤਖ਼ਤੀ ਪੜ੍ਹ ਕੇ ਅੱਜ ਸਿਰ ਝੁਕਾਉਣ ਦੀ ਬਜਾਏ ਚਨਣ ਨੇ ਹੋਰ ਅਰੜਾ ਲਿਆ। ਪਤਾ ਨਹੀਂ ਉਸ ਨੂੰ ਪਤਾ ਸੀ ਕਿ ਅੰਦਰ ਇਕ ਪੋਥੀ ਕਿੰਨੇ ਹੀ ਰੁਮਾਲਿਆਂ ਵਿਚ ਵਲੇਟੀ ਮੰਜੀ ਤੇ ਪਈ ਹੈ ਜੋ ਕਿ ਠੰਡ ਵੀ ਨਹੀਂ ਮਹਿਸੂਸਦੀ ਤੇ ਗਰਮੀ ਵੀ ਨਹੀਂ। ਪਰ ਫੇਰ ਵੀ ਉਹਨੂੰ ਏਨਾ ਕਜਣ ਦੀ ਲੋੜ ਪੈਂਦੀ ਹੈ ਤੇ ਇਕ ਮਸੂਮ ਜਿਸ ਨੇ ਕਦੇ ਇਸੇ ਗੁਰਦੁਆਰੇ ਵਿਚ ਮਜ਼ਦੂਰੀ ਕੀਤੀ ਸੀ ਸਸਤੀ, ਇਹ ਗੁਰੂ ਘਰ ਸਮਝ ਕੇ, ਬਾਹਰ ਸਿਆਲ ਦੀ ਠੰਡ ਕਾਰਨ ਆਕੜ ਰਿਹਾ ਸੀ।

ਕਾਲਖ ਪੂਰੀ ਤਰ੍ਹਾਂ ਪਸਰ ਚੁਕੀ ਸੀ ਅਤੇ ਠੰਡੀ ਸੀਤ ਪੌਣ ਵਾਤਾਵਰਨ ਨੂੰ ਹੋਰ ਮਾਰੂ ਬਣਾ ਰਹੀ ਸੀ। ਸਿਆਲ ਦੀ ਰਾਤ ਤੇ ਉਤੋਂ ਦਸ ਵਜਣ ਨੂੰ ਹੁਣ ਚਨਣ ਤੋਂ ਰਿਹਾ ਨਾ ਗਿਆ ਤੇ ਮੁੜ ਪੂਰੀ ਵਾਹ ਨਾਲ ਕੋਠੜੀ ਭੰਨਣ ਦੀ ਆਪਣੀ ਪਹਿਲੀ ਸਕੀਮ ਤੇ ਅਮਲ ਕਰਨ ਲਈ ਮੁੜ ਆਇਆ।

ਲਾਂਗਰੀ, ਉਏ ਲਾਂਗਰੀ, ਤੇ ਐਤਕੀਂ ਅਵਾਜ਼ ਦੇ ਨਾਲ ਉਹ ਸ਼ਾਇਦ ਕੁਝ ਬੁਰੜ ਬੁਰੜ ਵੀ ਕਰ ਰਿਹਾ ਸੀ। ਪਤਾ ਨਹੀਂ ਗਾਲ੍ਹਾਂ ਹੀ ਕਢ ਰਿਹਾ ਹੋਵੇ।

ਲਾਂਗਰੀ, ਉਏ ਲਾਂਗਰੀ ਦੇ ਬੱਚੇ, ਬੂਹਾ ਖੋਲ੍ਹ।

ਤੇ ਅੰਦਰੋਂ ਇਕ ਪਤਲੀ ਜਿਹੀ ਅਵਾਜ਼ ਸੁਣਾਈ ਦਿਤੀ ਸ਼ਾਇਦ ਜ਼ਨਾਨੀ ਦੀ ਸੀ। ਜੋ ਲਾਂਗਰੀ ਨੂੰ ਬੂਹਾ ਖੋਲ੍ਹਣ ਲਈ ਕਹਿ ਰਹੀ ਸੀ। ਲਾਂਗਰੀ ਨੇ ਉਠ ਕੇ ਬੂਹਾ ਖੋਲ੍ਹਿਆ ਤੇ ਪੁੱਛਿਆ :

'ਕੌਣ ਏ ਬਈ ?'

'ਮੈਂ ਆਂ, ਲਾਂਗਰੀ, ਚਨਣ' ਤੇ ਰਾਤ ਕੱਟਣ ਆਇਆ ਲਾਗਲੇ ਪਿੰਡੋਂ ਆਂ, ਬਾਹਰੋਂ ਆਇਆ ਗਰਾਂ ਜਾ ਕੇ ਰਾਤ ਪੈ ਗਈ ਰਾਹ ਵਿਚ ਮੈਂ ਕਿਹਾ ਗੁਰਦੁਆਰੇ ਰਾਤ ਕਟ ਲਈਏ !"

'ਆਹ ਵੇਲੇ ਨੀਂਦ ਖ਼ਰਾਬ ਕਰ ਦਿਤੀ ਪ੍ਰਸ਼ਾਦਾ ਪੁਰਸ਼ਾਦਾ ਕੋਈ ਨੀ ਤੇ ਕੁੰਜੀਆਂ ਵੀ ਸਟੋਰ ਦੀਆਂ ਪ੍ਰਧਾਨ ਪਾਸ' ਲਾਂਗਰੀ ਨੇ ਇਕੋ ਸਾਹ ਸਭ ਕੁਝ ਕਹਿ ਦਿਤਾ ਮਤੇ ਹੋਰ ਕੁਝ ਨਾ ਚਨਣ ਪੁੱਛ ਲਏ।

"ਰਾਤ ਤਾਂ ਮੈਂ ਜ਼ਰੂਰ ਕਟਣੀ ਆ ਭਰਾ ਹੁਣ ਕਿਤੇ ਜਾਣ ਜੋਗਾ ਨਹੀਂ।" ਚਨਣ ਨੇ ਤਰਲਾ ਭਰਿਆ। "ਮੈਂ ਕੀ ਕਰਾਂ ਮੇਰੇ ਕੋਈ ਬਸ ਨਹੀਂ" ਲਾਂਗਰੀ ਨੇ ਧੌਂਸ ਕਸਿਆ "ਨਹੀਂ ਬਸ ਤਾਂ ਨਾ ਸਹੀ ਮੈਂ ਤਾਂ ਇਕ ਖੂੰਜੇ ਲੱਗ ਕੇ ਪੈ ਜੂ, ਤੇ ਧੁਸ ਦੇ ਕੇ ਅੰਦਰ ਵੜ ਗਿਆ।" ਚਨਣ ਭਾਵੇਂ ਕੱਦ ਦਾ ਛੋਟਾ ਸੀ ਪਰ ਸਰੀਰ ਦਾ ਗੁੰਦਵਾ ਜ਼ਰੂਰ ਸੀ। ਇਸੇ ਕਰਕੇ ਤਾਂ ਲਾਂਗਰੀ ਨੂੰ ਝੁਕਣਾ ਪਿਆ। ਪਰ ਅੰਦਰੋਂ ਸ਼ਾਇਦ ਕੁਝ ਡਰ ਮਹਿਸੂਸ ਕਰ ਰਿਹਾ ਸੀ। ਜਿਵੇਂ ਚਨਣ ਨੇ ਉਸ ਦੀ ਕੋਈ ਗੋਡੀ ਪਕੜ ਲਈ ਹੁੰਦੀ ਹੈ।

"ਸਰਦਾਰਾ ਯਾਤਰੂਆਂ ਲਈ ਉਧਰ ਕੋਠੜੀਆਂ। ਇਹ ਮੇਰੀ ਆਪਣੀ ਆਂ, ਤੇ ਬਾਲ ਬੱਚੇ ਨਾਲ ਰਹਿਨਾ। ਇਧਰ ਚਨਣ ਨੂੰ ਨਾਲ ਲੈ ਉਧਰ ਚਲ ਪਿਆ।

ਰਾਹ ਵਿਚ ਇਕ ਖਿਆਲ ਚਨਣ ਦੇ ਮਨ ਫੁਰਿਆ ਲਾਂਗਰੀ ਤਾਂ ਜਮਾਂਦਰੂ ਛੜਾ ਇਹ ਕਹਿ ਰਿਹਾ ਬਾਲ ਬੱਚੇ ਆ! ਖੈਰ ਹੋ ਸਕਦਾ ਵਿਆਹ ਕਰਵਾ ਲਿਆ ਹੋਵੇ। ਪਰ ਆਹ ਉਮਰ ਵਿਆਹ ਦੀ ਨਹੀਂ। ਚਲੋ ਖੈਰ ਸਵੇਰੇ ਦੇਖਾਂਗੇ ਤੇ ਖਿਆਲਾਂ ਦੀ ਲੜੀ ਉਦੋਂ ਟੁੱਟੀ ਜਦੋਂ ਚਨਣ ਨੂੰ ਲਾਂਗਰੀ ਕਹਿ ਰਿਹਾ ਸੀ : "ਲੈ ਬਈ ਸਿੰਘਾ ਆਰਾਮ ਕਰ ਇਥੇ ਮੰਜਾ ਵੀ ਤੇ ਬਿਸਤਰਾ ਵੀ ਲੈ" ਕਹਿੰਦਾ ਲਾਂਗਰੀ ਚਲਾ ਗਿਆ।

ਚਨਣ ਪੈ ਜ਼ਰੂਰ ਗਿਆ ਪਰ ਮਨ ਵਿੱਚ ਖਿਆਲਾਂ ਦਾ ਇਕ ਗੇੜ ਘੁੰਮਦਾ ਰਿਹਾ। ਲਾਂਗਰੀ, ਲਾਂਗਰੀ ਦਾ ਵਿਆਹ, ਬਾਲ ਬੱਚੇ ਇਹ ਸਭ ਕੀ ਤੇ ਪਤਾ ਨਹੀਂ ਕਿਉਂ ਚਨਣ ਦੀ ਨੀਂਦ ਪਰ ਲਾ ਕੇ ਉਡ ਗਈ। ਉਸ ਨੂੰ ਪਤਾ ਸੀ ਕਿ ਹਾਲੇ ਲਾਂਗਰੀ ਨਹੀਂ ਵਿਆਹਿਆ ਤੇ ਮੈਨੂੰ ਨਾ ਪਹਿਚਾਣ ਕੇ ਆਪਣੀ ਕੋਈ ਚੀਜ਼ ਮੈਥੋਂ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਚਨਣ ਨੇ ਲਾਂਗਰੀ ਦੀ ਕੋਠੜੀ ਵਿੱਚ ਮੰਜੇ ਤੇ ਪਏ ਇਕ ਸਰੀਰ ਨੂੰ ਦੇਖ ਲਿਆ ਸੀ। ਭਾਵੇਂ ਉਹ ਕਜਿਆ ਹੋਇਆ ਸੀ। ਪਰ ਧਰਤੀ ਤੇ ਪਈਆਂ ਚੱਪਲਾਂ ਔਰਤ ਹੋਣ ਦਾ ਅਹਿਸਾਸ ਕਰਵਾ ਰਹੀਆਂ ਸਨ। ਚੰਦ ਮਿੰਟਾਂ ਬਾਅਦ ਹੀ ਕਨਣ ਦਾ ਖਿਆਲ ਬਾਹਰ ਹੁੰਦੇ ਘੁਸਰ-ਮੁਸਰ ਨੇ ਖਿੱਚ ਲਿਆ।

"ਮੈਂ ਕਿਹਾ ਉਹਨੇ ਮੈਨੂੰ ਦੇਖ ਲਿਆ, ਤੂੰ ਕੰਜਰ ਏਂ ਮੇਰੀ ਪਤ———?" ਨਹੀਂ, ਨਹੀਂ, ਉਹ ਤੇ ਹਨੇਰੇ ਵਿਚ ਦੀ ਖੜ੍ਹਾ ਸੀ ਤੇ ਮੈਂ ਲੈ ਕੇ ਬਾਹਰ ਹੋ ਗਿਆ; ਤੂੰ ਵਿਆਹਿਆਂ ਕਿਦੇ ਨਾਲ, ਸਾਈਆਂ ਕਿਤੇ ਵਧਾਈਆਂ

ਕਿਤੇ, ਮੈਂ ਭੰਡੀ ਕਰੂੰ ਤੇਰੀ ਕੰਜਰਾ, ਰੌਲਾ ਪਾਊਂ, ਮੁੰਨੀ ਦਾਹੜੀ ਵਾਲਾ, ਕੀ ਕਰਤੂਤਾਂ ਕਰਦਾ।" ਇਹ ਮਰਦ ਤੇ ਔਰਤ ਦੀ ਰਲਵੀਂ ਅਵਾਜ਼ ਮਹਿਸੂਸ ਹੋ ਰਹੀ ਸੀ। ਪਤਾ ਨਹੀਂ ਕਦੋਂ ਚਾਨਣ ਦੀ ਅੱਖ ਲੱਗ ਗਈ ਤੇ ਉਦੋਂ ਖੁਲ੍ਹੀ ਜਦੋਂ ਸਵੇਰੇ ਪੰਜ ਵਜੇ ਘੜਿਆਲ ਨੇ ਵਡੇ ਤੜਕੇ ਦਾ ਅਹਿਸਾਸ ਕਰਵਾਇਆ ਤੇ ਭਾਈ ਕਹਿ ਰਿਹਾ ਸੀ :

"ਭਰੀਐ ਮਤੁ ਪਾਪਾ ਕੈ ਸੰਗ।"

O

ਕਹਾਣੀ —

# ਟੱਕਰ

— ਜੇ. ਐਸ. ਬਾਵਾ

23 ਨੰਬਰ ਸੈਂਟਰ ਦੇ ਹਾਲ ਵਿਚ ਅੱਜ ਇਮਤਿਹਾਨ ਦਾ ਪਹਿਲਾ ਪਰਚਾ ਖ਼ਤਮ ਹੁੰਦਿਆਂ ਹੀ ਕੁਹਰਾਮ ਮੱਚ ਗਿਆ। ਸਭ ਚੇਹਰੇ ਉਦਾਸ ਸਨ ਭਾਵੇਂ ਵਿਚ ਵਿਚ ਕੋਈ ਕੋਈ ਮੁੰਡਾ ਕੁੜੀ ਪਰਚਾ ਚੰਗਾ ਨਾ ਹੁੰਦਿਆਂ ਹੋਇਆਂ ਵੀ ਹਾਸੇ ਦੀ ਕਿਲਕਾਰੀ ਮਾਰ ਕੇ ਆਪਣਾ ਦਿਲ ਬਹਿਲਾ ਰਹੇ ਸਨ ਜਾਂ ਸ਼ਾਇਦ ਆਪਣੀ ਬੇਸ਼ਰਮੀ ਦਾ ਸਬੂਤ ਦੇ ਰਹੇ ਸਨ। ਹਾਲ ਵਿਚ ਉੱਕਾ ਚੁੱਕਾ ਹੀ ਕੋਈ ਵਿਦਿਆਰਥੀ ਹੋਵੇਗਾ ਜਿਸ ਆਪਣਾ ਪਰਚਾ ਪੂਰਾ ਕੀਤਾ ਹੋਵੇ। ਪਰਚਾ ਤਾਂ ਕੋਈ ਖ਼ਾਸ ਮੁਸ਼ਕਲ ਨਹੀਂ ਸੀ ਪਰ ਅਫ਼ਸੋਸ ਜਿਸ ਨਕਲ ਦੇ ਆਸਰੇ ਉਹ ਇਮਤਿਹਾਨ ਦੇਣ ਆਏ ਸਨ, ਉਹ ਚਲ ਨਹੀਂ ਸੀ ਸਕੀ। ਉਨ੍ਹਾਂ ਦੀ ਮਾੜੀ ਕਿਸਮਤ ਨੂੰ ਸੈਂਟਰ ਸੁਪਰਟੈਂਡੈਂਟ ਬਹੁਤ ਸਖ਼ਤ ਆ ਟਕਰਿਆ ਸੀ। ਪਰਚਾ ਸ਼ੁਰੂ ਹੁੰਦਿਆਂ ਹੀ ਉਸ ਤਲਾਸ਼ੀ ਲੈ ਕੇ ਨਕਲ ਦਾ ਸਾਰਾ ਮਸਾਲਾ ਕਢਵਾ ਲਿਆ ਸੀ ਤੇ ਪਰਚੇ ਦੇ ਦੌਰਾਨ ਉਸ ਕਿਸੇ ਨੂੰ ਚੂੰ ਨਹੀਂ ਕਰਨ ਦਿਤੀ ਸੀ। ਉਸ ਦੀ ਹੁਸ਼ਿਆਰੀ ਸਾਹਮਣੇ ਸੁਪਰਵਾਈਜ਼ਰ ਵੀ ਬੇਵੱਸ ਹੋ ਕੇ ਰਹਿ ਗਏ ਜਾਪਦੇ ਸਨ। ਉਨ੍ਹਾਂ ਨੂੰ ਕੀ ਪਤਾ ਸੀ ਕਿ ਅੱਜ ਦੇ ਜ਼ਮਾਨੇ ਵਿਚ ਵੀ ਅਜਿਹੇ ਸਿਰ ਸੜੇ ਬੰਦੇ ਹਾਲੇ ਤਕ ਮੌਜੂਦ ਹਨ। ਉਹ ਤਾਂ ਕੇਵਲ ਜਾਣਦੇ ਸਨ ਕਿ ਅਜਿਹੇ ਸਮਿਆਂ ਵਿਚ ਜਦੋਂ ਕਿ ਹਰ ਕੋਈ ਨਕਲ ਮਾਰ ਕੇ ਚੰਗੇ ਨੰਬਰਾਂ ਤੇ ਪਾਸ ਹੋ ਸਕਦਾ ਹੈ ਮਿਹਨਤ ਨਾਲ ਪੜ੍ਹਾਈ ਕਰਨਾ ਵਡੀ ਮੂਰਖਤਾ ਤੋਂ ਘੱਟ ਕੁਝ ਨਹੀਂ। ਪਰ ਅੱਜ ਪਹਿਲੇ ਹੀ ਦਿਨ ਉਨ੍ਹਾਂ ਦੀਆਂ ਆਸਾਂ ਤੇ ਪਾਣੀ ਫਿਰਦਾ ਜਾਪਦਾ ਸੀ। ਕਿਲਕਾਰੀਆਂ ਮਾਰਦੇ ਗੁੰਡਿਆਂ ਦੀ ਇਕ ਟੋਲੀ ਵਿਚ ਸਤੀਸ਼ ਵੀ ਖੜਾ ਸੀ, ਅਠਾਰਾਂ ਸਾਲਾਂ ਦਾ ਸੋਹਣੇ ਤਿੱਖੇ ਨਕਸ਼ ਨੈਣਾਂ ਵਾਲਾ ਮੁੰਡਾ—ਮੌਲਵੀ ਕੱਟ ਦਾੜ੍ਹੀ, ਗਲ ਤਾਸ਼ ਦੇ ਪੱਤਿਆਂ ਦੇ ਪ੍ਰਿੰਟ ਵਾਲੀ ਬੁਰਸ਼ਟ, ਤੇੜ 14" ਮੋਰੀ ਦੀ ਪੈਂਟ ਤੇ ਕਮਰ ਦਵਾਲੇ ਸਟੀਲ ਦੀ ਲਿਸ਼ਕਦੀ ਹੋਈ ਪੇਟੀ ਜਿਸ ਦੇ ਬਟਨ ਉਤੇ ਇਕ ਬਗਲਾ ਮੂੰਹ ਵਿਚ ਮੱਛੀ ਫੜੀ ਖੜਾ ਸੀ। ਸੁਪਰਟੈਂਡੈਂਟ ਕਿਸੇ ਕੰਮ ਅਚਾਨਕ ਹੀ ਉਨ੍ਹਾਂ ਦੇ ਕੋਲੋਂ ਦੀ ਲੰਘਿਆ। ਮੁੰਡਿਆਂ ਨੇ ਕਈ ਤਰ੍ਹਾਂ ਦੇ ਆਵਾਜ਼ੇ ਉਸ ਉਤੇ ਕੱਸੇ ਜਦੋਂ ਕਿ ਸਤੀਸ਼ ਨੇ ਘੂਰ ਕੇ ਉਸ ਵੱਲ ਇੰਝ ਵੇਖਿਆ ਜਿਵੇਂ ਕਹਿ ਰਿਹਾ ਹੋਵੇ ਕਿ ਜੇ ਅੱਜ ਨਹੀਂ ਹੋ ਸਕਿਆ ਤਾਂ ਕਲ੍ਹ ਤਕ ਤੇਰਾ ਪ੍ਰਬੰਧ ਜ਼ਰੂਰ ਕਰ ਦੇਵਾਂਗਾ।

ਸ਼ਾਮ ਦੇ ਕੋਈ ਅੱਠ ਵਜੇ ਹੋਣਗੇ। ਕਾਲੇ ਰੰਗ ਦੀ ਐਂਬੈਸਡਰ ਗੱਡੀ ਤੰਗ ਜਿਹੇ ਬਾਜ਼ਾਰ ਵਿਚ ਸਥਿਤ ਸ਼੍ਰੀ ਏ. ਰਾਏ ਦੇ ਬੂਹੇ ਅੱਗੇ ਆ ਕੇ ਰੁਕੀ। ਕਾਰ ਦਾ ਦਰਵਾਜ਼ਾ ਖੋਲ੍ਹ ਕੇ ਇਕ ਭੱਦਰ ਪੁਰਸ਼ ਹੇਠਾਂ ਉਤਰੇ। ਉਹ ਮਿਸਟਰ ਡੀ. ਆਰ. ਸਿੰਘ। ਉਹ ਸ਼ਹਿਰ ਦੇ ਇਕ ਮੰਨੇ ਪ੍ਰਮੰਨੇ ਸਕੂਲ ਦੇ ਪ੍ਰਿੰਸੀਪਲ ਸਨ। ਉਨ੍ਹਾਂ ਦੀ ਹੁਸ਼ਿਆਰੀ ਸਦਕਾ ਸਾਰੇ ਮਹਿਕਮੇ ਵਿਚ ਉਨ੍ਹਾਂ ਦੀ ਬਹੁਤ ਮੰਨੀਦੀ ਤੇ ਸ਼ਹਿਰ ਵਿਚ ਉਨ੍ਹਾਂ ਦੀ ਵਾਕਫ਼ੀਅਤ ਦਾ ਦਾਇਰਾ ਬਹੁਤ ਵਸੀਹ ਸੀ। ਸ਼ਾਇਦ ਹੀ ਸ਼ਹਿਰ ਦਾ ਕੋਈ ਅਫ਼ਸਰ ਜਾਂ ਬਿਜ਼ਨਸਮੈਨ ਹੋਵੇਗਾ ਜਿਸ ਨਾਲ ਉਨ੍ਹਾਂ ਦੀ ਜਾਣ ਪਹਿਚਾਣ ਨਾ ਹੋਵੇ। ਅੱਜ ਕਲ੍ਹ ਦੇ ਜ਼ਮਾਨੇ ਵਿਚ ਮੁੰਡੇ ਕੁੜੀਆਂ ਤਾਂ ਸਭ ਨੂੰ ਪੜ੍ਹਾਉਣੇ ਤੇ ਪਾਸ ਕਰਾਉਣੇ ਹੀ ਪੈਂਦੇ ਸਨ। ਤੇ ਇਸ ਕੰਮ ਲਈ ਹਰ ਕੋਈ ਮਿਸਟਰ ਸਿੰਘ ਦੇ ਅਸਰ ਰਸੂਖ਼ ਦਾ ਲਾਭ ਉਠਾ ਸਕਦਾ ਸੀ। ਨਾਲੇ ਉਨ੍ਹਾਂ ਕਦੇ ਕਿਸੇ ਵੱਡੇ ਅਫ਼ਸਰ ਨੂੰ ਨਾਂਹ ਨਹੀਂ ਸੀ ਕੀਤੀ। ਕੀ ਪਤਾ ਕਿਸ ਵੇਲੇ ਉਸ ਅਫ਼ਸਰ ਪਾਸੋਂ ਉਨ੍ਹਾਂ ਨੂੰ ਕੰਮ ਕਢਾਉਣਾ ਪੈ ਜਾਵੇ। ਆਪਣੀ ਵਾਕਫ਼ੀਅਤ ਦੇ ਸਦਕੇ ਹੀ ਤਾਂ ਉਹ ਦਿਨੋ ਦਿਨ ਉਪਰ ਪੌੜੀਆਂ ਚੜ੍ਹਦੇ ਗਏ ਸਨ। ਕੁਝ ਸਾਲ ਪਹਿਲਾਂ ਉਹ ਇਮਤਿਹਾਨਾਂ ਵਿਚ ਸੁਪਰਟੈਂਡੈਂਟ ਲਗਦੇ ਸਨ ਤੇ ਉਹ ਇਸ ਕੰਮ ਵਿਚ ਬੜੇ ਕਾਮਯਾਬ ਮੰਨੇ ਗਏ ਸਨ। ਆਪ ਵੀ ਖ਼ੁਸ਼ ਰਹਿਣਾ, ਆਪਣੇ ਸਾਥੀਆਂ ਨੂੰ ਵੀ ਖ਼ੁਸ਼ ਰਖਣਾ ਤੇ ਇਮਤਿਹਾਨ ਦਾ ਸਾਰਾ ਪ੍ਰਬੰਧ ਬੜੇ ਸ਼ਾਂਤਮਈ ਢੰਗ ਨਾਲ ਕਰਨਾ ਉਨ੍ਹਾਂ ਦੀ ਕਾਮਯਾਬੀ ਦਾ ਇਕ

ਵਡਾ ਰਾਜ਼ ਸੀ। ਤੇ ਫੇਰ ਉਨ੍ਹਾਂ ਨੂੰ ਸ਼ਹਿਰ ਵਿਚ ਸਥਿਤ ਇਮਤਿਹਾਨੀ ਸੈਂਟਰਾਂ ਦਾ ਇੰਸਪੈਕਟਰ ਬਣਾ ਦਿਤਾ ਗਿਆ ਤੇ ਹੁਣ ਉਹ ਫਲਾਈਂਗ ਸਕਵੈਡ ਦੇ ਮੈਂਬਰ ਸਨ। ਸਾਰੇ ਜ਼ਿਲੇ ਵਿਚ ਸਥਿਤ ਕਿਸੇ ਵੀ ਇਮਤਿਹਾਨੀ ਸੈਂਟਰ ਦਾ ਉਹ ਕਿਸੇ ਵੇਲੇ ਵੀ ਮੁਆਇਨਾ ਕਰ ਸਕਦੇ ਸਨ। ਸਤੀਸ਼ ਦੇ ਪਿਤਾ, ਸ਼ਹਿਰ ਦੇ ਉੱਘੇ ਅਫ਼ਸਰ ਉਨ੍ਹਾਂ ਦੇ ਖ਼ਾਸ ਮਿੱਤ੍ਰ ਸਨ। ਖਾਣੇ ਦੀ ਮੇਜ਼ ਉਤੇ ਇਕੱਠਿਆਂ ਹੋਣ ਦੇ ਕਈ ਮੌਕੇ ਉਨ੍ਹਾਂ ਨੂੰ ਮਿਲ ਚੁਕੇ ਸਨ। ਆਪਣੇ ਤੇ ਆਪਣੇ ਮਿੱਤ੍ਰਾਂ ਦੇ ਕਈ ਅੜੇ ਹੋਏ ਕੰਮ ਵੀ ਤਾਂ ਉਨ੍ਹਾਂ ਸਤੀਸ਼ ਦੇ ਪਿਤਾ ਰਾਹੀਂ ਕਢਵਾਏ ਸਨ। ਹੁਣ ਸੁਨਹਿਰੀ ਮੌਕਾ ਸੀ ਕਿ ਉਹ ਸਤੀਸ਼ ਦੇ ਪਿਤਾ ਦੇ ਅਹਿਸਾਨਾਂ ਦਾ ਕੁਝ ਬਦਲਾ ਚੁਕਾ ਸਕਣ। ਵੈਸੇ ਸਤੀਸ਼ ਦੇ ਵਡੇ ਭਰਾ ਦੇ ਦੂਸਰੇ ਸਾਲ ਪਾਸ ਹੋਣ ਦਾ ਪ੍ਰਬੰਧ ਵੀ ਉਨ੍ਹਾਂ ਹੀ ਕੀਤਾ ਸੀ। ਬਸ ਇਮਤਿਹਾਨ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਆਪਣੇ ਆਦਮੀ ਭੇਜ ਕੇ ਡਿਪਟੀ ਸੁਪਰਿਟੈਂਡੈਂਟ ਤੇ ਦੂਸਰੇ ਸੁਪਰਵਾਈਜ਼ਰਾਂ ਨਾਲ ਸਤੀਸ਼ ਦੀ ਸੀਟੀ ਮਿਲਾ ਦਿਤੀ ਸੀ। ਸੁਪਰਿਟੈਂਡੈਂਟ ਤਕ ਪਹੁੰਚ ਕਰਨ ਦੀ ਉਨ੍ਹਾਂ ਕੋਈ ਲੋੜ ਨਹੀਂ ਸੀ ਸਮਝੀ। ਭਲਾ ਕਿਹੜਾ ਸੁਪਰਿਟੈਂਡੈਂਟ ਸੀ ਜੋ ਉਨ੍ਹਾਂ ਦੇ ਕੇਸ ਨੂੰ ਹੱਥ ਪਾਉਣ ਦੀ ਹਿੰਮਤ ਕਰ ਸਕਦਾ ਸੀ, ਪਰ ਅੱਜ ਉਨ੍ਹਾਂ ਨੂੰ ਆਪ ਸੁਪਰਿਟੈਂਡੈਂਟ ਤਕ ਆਪ-ਰਸਾਈ ਕਰਨ ਆਉਣਾ ਹੀ ਪਿਆ ਸੀ। ਇਕ ਅਜੀਬ ਨਵੇਂ ਸੁਪਰਿਟੈਂਡੈਂਟ ਨਾਲ ਵਾਹ ਪੈ ਗਿਆ ਸੀ। ਅੱਜ ਪਹਿਲੇ ਦਿਨ ਦੇ ਪ੍ਰਬੰਧ ਨੇ ਹੀ ਇਹ ਦਸ ਦਿੱਤਾ ਸੀ ਕਿ ਸੁਪਰਿਟੈਂਡੈਂਟ ਮਿਸਟਰ ਰਾਏ ਆਮ ਨਾਲੋਂ ਕੁਝ ਵੱਖਰੀ ਮਿੱਟੀ ਦੇ ਬਣੇ ਹੋਏ ਹਨ। ਉਨ੍ਹਾਂ ਦੀ ਹੁਸ਼ਿਆਰੀ ਕਾਰਨ ਕੋਈ ਵੀ ਸੁਪਰਵਾਈਜ਼ਰ ਆਪਣੀਆਂ ਸਿਫ਼ਾਰਸ਼ਾਂ ਪੂਰੀਆਂ ਨਹੀਂ ਕਰ ਸਕਿਆ ਸੀ ਤੇ ਸ਼ਾਮ ਹੋਣ ਤਕ ਸਤੀਸ਼ ਦੇ ਪਿਤਾ ਨੇ ਟੈਲੀਫ਼ੋਨ ਉਤੇ ਮਿਸਟਰ ਸਿੰਘ ਨੂੰ ਇਹ ਦਸ ਦਿੱਤਾ ਸੀ ਕਿ ਜੇ ਇਸ ਸੁਪਰਿਟੈਂਡੈਂਟ ਦਾ ਕੋਈ ਪ੍ਰਬੰਧ ਨਾ ਕੀਤਾ ਗਿਆ ਤਾਂ ਫੇਰ ਮੁੰਡਾ ਪਾਸ ਨਹੀਂ ਹੋ ਸਕੇਗਾ।

"ਤੁਸੀਂ ਫ਼ਿਕਰ ਨਾ ਕਰੋ, ਭਾਈ ਸਾਹਿਬ! ਇਹ ਨਵਾਂ ਨਵਾਂ ਸੁਪਰਿਟੈਂਡੈਂਟ ਲੱਗਾ ਏ, ਇਹਨੂੰ ਕੀ ਪਤਾ ਦੁਨੀਆਦਾਰੀ ਕਿਵੇਂ ਰਖੀਦੀ ਏ। ਮੈਂ ਅੱਜ ਹੀ ਇਸ ਦਾ ਪ੍ਰਬੰਧ ਕਰ ਦਿੰਦਾ ਹਾਂ। ਜੇ ਸਿੱਧੇ ਰਸਤੇ ਨਾ ਆਇਆ ਤਾਂ ਫੇਰ ਉਝ ਹੀ ਚਲਤਾ ਕਰ ਦੇਵਾਂਗੇ।" ਤੇ ਟੈਲੀਫ਼ੋਨ ਉਤੇ ਇਹ ਆਖਦੇ ਹੋਏ ਉਹ ਖਿੜ ਖਿੜ ਕੇ ਹੱਸ ਪਏ ਸਨ।

ਤੇ ਹੁਣ ਮਿਸਟਰ ਸਿੰਘ ਆਪਣੀ ਕਾਰ ਵਿਚੋਂ ਉਤਰ ਕੇ ਮਿਸਟਰ ਰਾਏ ਦੇ ਮਕਾਨ ਦੇ ਦਰਵਾਜ਼ੇ ਵਲ ਵਧ ਰਹੇ ਸਨ। ਗਲੀ ਵਿਚ ਦਰਵਾਜ਼ੇ ਦੇ ਇਕ ਲੱਗੀ ਗੰਦ ਦੇ ਢੇਰ ਦੀ ਤਿੱਖੀ ਬੂ ਤੋਂ ਬਚਣ ਲਈ ਉਨ੍ਹਾਂ ਰੁਮਾਲ ਕੱਢ ਕੇ ਨੱਕ ਉਤੇ ਰੱਖ ਲਿਆ। ਦਰਵਾਜ਼ੇ ਉੱਤੇ ਬੈੱਲ ਦਾ ਕੋਈ ਬਟਨ ਨਜ਼ਰ ਨਹੀਂ ਆ ਰਿਹਾ ਸੀ। ਉਨ੍ਹਾਂ ਦਰਵਾਜ਼ੇ ਉਤੇ ਦਸਤਕ ਦਿੱਤੀ। ਇਕ ਛੋਟੇ ਜਿਹੇ ਮੁੰਡੇ ਨੇ ਆ ਕੇ ਦਰਵਾਜ਼ਾ ਖੋਲ੍ਹਿਆ।

'ਮਿਸਟਰ ਰਾਏ ਘਰ ਹਨ?'

'ਜੀ ਹਾਂ, ਮੈਂ ਹੁਣੇ ਉਨ੍ਹਾਂ ਨੂੰ ਬੁਲਾਂਦਾ ਹਾਂ' ਕਹਿ ਕੇ ਮੁੰਡਾ ਦੌੜਦਾ ਹੋਇਆ ਪੌੜੀਆਂ ਉੱਪਰ ਚੜ੍ਹ ਗਿਆ।

ਕੁਝ ਹੀ ਪਲਾਂ ਵਿਚ ਉਹ ਹੱਥ ਮਿਲਾਂਦੇ ਹੋਏ ਮਿਸਟਰ ਰਾਏ ਨੂੰ ਆਪਣਾ ਪਰੀਚਯ ਦੇ ਰਹੇ ਸਨ। ਏਨੇ ਵਿਚ ਮੁੰਡੇ ਨੇ ਬੈਠਕ ਦਾ ਦਰਵਾਜ਼ਾ ਖੋਲ੍ਹ ਦਿਤਾ ਸੀ ਜਿਥੇ ਮਿਸਟਰ ਸਿੰਘ ਨੂੰ ਬਿਠਾ ਕੇ ਮਿਸਟਰ ਰਾਏ ਸ਼ਾਇਦ ਅੰਦਰ ਬੀਵੀ ਨੂੰ ਆਏ ਪ੍ਰਾਹੁਣੇ ਲਈ ਚਾਹ ਤਿਆਰ ਕਰਨ ਲਈ ਕਹਿਣ ਚਲੇ ਗਏ ਸਨ। ਬੈਠਕ ਵਿਚ ਮੁੜਦਿਆਂ ਹੀ ਉਨ੍ਹਾਂ ਮਿਸਟਰ ਸਿੰਘ ਨੂੰ ਸੰਬੋਧਨ ਕੀਤਾ, 'ਤੁਸਾਂ ਤਾਂ ਕੀੜੀ ਦੇ ਘਰ ਨਾਰਾਇਣ ਦੇ ਆਉਣ ਵਾਲੀ ਗੱਲ ਕੀਤੀ। ਹੁਕਮ ਕਰੋ ਤੁਸਾਂ ਕਿਵੇਂ ਤਕਲੀਫ਼ ਕੀਤੀ। ਤੁਸੀਂ ਮੈਨੂੰ ਸੁਨੇਹਾ ਭੇਜ ਦਿੰਦੇ, ਮੈਂ ਆਪ ਹਾਜ਼ਰ ਹੋ ਜਾਂਦਾ।'

'ਅੱਛਾ ਇਹ ਦਸੋ ਤੁਹਾਡਾ ਸੈਂਟਰ ਕਿਵੇਂ ਚਲ ਰਿਹਾ ਏ। ਕੋਈ ਮੁਸ਼ਕਲ ਤਾਂ ਨਹੀਂ ਪੇਸ਼ ਆ ਰਹੀ। ਬਈ ਅੱਜ ਕਲ੍ਹ ਜ਼ਮਾਨਾ ਬਹੁਤ ਗੰਦਾ ਜਾ ਰਿਹਾ ਏ। ਦੇਖੋ ਨਾ, ਅਜ ਕਲ ਦੇ ਮੁੰਡੇ ਕੁੜੀਆਂ ਪੜ੍ਹਣ ਲਈ ਤਾਂ ਉਕੇ ਹੀ ਤਿਆਰ ਨਹੀਂ।ਚਾਹੁੰਦੇ ਹਨ ਘਰ ਬੈਠੇ ਬਿਠਾਇਆਂ ਨੂੰ ਹੀ ਡਿਗਰੀਆਂ ਮਿਲ ਜਾਣ। ਹਰ ਕੋਈ ਨਕਲ ਮਾਰਕੇ ਪਾਸ ਹੋਣਾ ਚਾਹੁੰਦਾ ਏ। ਜ਼ਰਾ ਕਿਸੇ ਨੂੰ ਨਕਲ ਤੋਂ ਰੋਕੋ ਤਾਂ ਸਿਰ ਦੇ ਵਾਲਾਂ ਨੂੰ ਆਉਂਦਾ ਏ। ਮੈਂ ਇਧਰੋਂ ਲੰਘ ਰਿਹਾ ਸੀ ਸੋਚਿਆ ਤੁਸੀਂ ਹਾਲੇ ਨਵੇਂ ਹੋ, ਤਜਰਬੇ ਨਾਲ ਗਲਾਂ ਆਉਂਦੀਆਂ ਹਨ, ਸੋ ਮਿਲ ਚਲਾਂ ਤੇ ਕੋਈ ਮੁਸ਼ਕਲ ਹੋਵੇ ਤਾਂ ਉਸ ਦਾ ਹਲ ਕਰ ਦਿਆਂ। ਨਾਲੇ ਅਸੀਂ ਫਲਾਈਂਗ ਸਕਵੈਡ ਦੇ ਮੈਂਬਰ ਕਿਸ ਮਰਜ਼ ਦੀ ਦਵਾ ਹਾਂ।"

"ਤੁਹਾਡੀ ਬੜੀ ਕ੍ਰਿਪਾ ਏ ਜੋ ਤੁਸਾਂ ਮੈਨੂੰ ਨਿਵਾਜ਼ਿਆ ਏ। ਬਾਕੀ ਕੰਮ ਠੀਕ ਚਲ ਰਿਹਾ ਏ। ਕੋਈ ਮੁਸ਼ਕਲ ਨਹੀਂ। ਸਾਰੇ ਵਿਦਿਆਰਥੀਆਂ ਦੀ ਤਲਾਸ਼ੀ ਲੈ ਕੇ ਮਾਲ ਮੈਂ ਪਰਚਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਢਾ

ਲਿਆ ਸੀ। ਬਾਕੀ ਪਰਚੇ ਦੇ ਦੌਰਾਨ ਮੈਂ ਕਿਸੇ ਕਲਾਸ ਫੋਰ ਦੇ ਕਰਮਚਾਰੀ ਨੂੰ ਬਾਹਰ ਨਹੀਂ ਜਾਣ ਦਿੰਦਾ। ਵੇਖੋ ਨਾ ਇਹੀ ਬਹੁਤੀ ਮੁਸੀਬਤ ਦਾ ਕਾਰਨ ਬਣਦੇ ਹਨ। ਪੈਸੇ ਲੈ ਕੇ ਜੁਤੀਆਂ ਵਿਚ, ਪਗਾਂ ਵਿਚ ਪਰਚੀਆਂ ਲੁਕਾ ਲਿਆਉਂਦੇ ਹਨ। ਬਾਕੀ ਇਕ ਦੋ ਸੁਪਰਵਾਈਜ਼ਰ ਕੁਝ ਚਨਾਕ ਜਾਪਦੇ ਹਨ। ਪਰ ਅੱਜ ਤਾਂ ਮੈਂ ਉਨ੍ਹਾਂ ਦਾ ਕੋਈ ਦਾਹ ਨਹੀਂ ਫਬਣ ਦਿਤਾ। ਉਮੀਦ ਹੈ ਅਗੇ ਤੋਂ ਵੀ ਕੰਮ ਠੀਕ ਹੀ ਚਲੇਗਾ।"

ਇਕ ਮਿੰਟ ਲਈ ਬਿਸਕੁਟ ਦਾ ਟੁਕੜਾ ਮਿਸਟਰ ਸਿੰਘ ਦੇ ਸੰਘ ਵਿਚ ਅੜ ਕੇ ਰਹਿ ਗਿਆ। ਮਿਸਟਰ ਰਾਏ, ਬੰਦਾ ਕੁਝ ਖਵੀਸ ਪਰਵਰ ਹੀ ਜਾਪਦਾ ਸੀ। ਖੈਰ ਕੋਈ ਨਹੀਂ ਸਾਡੇ ਕੋਲੋਂ ਦੌੜਕੇ ਕਿਥੇ ਜਾਏਗਾ ਇਹ। ਸੋਚਦਿਆਂ ਮਿਸਟਰ ਸਿੰਘ ਨੇ ਸਿਖਿਆ ਭਰੇ ਲਹਿਜੇ ਵਿਚ ਕਹਿਣਾ ਸ਼ੁਰੂ ਕੀਤਾ, "ਮਿਸਟਰ ਰਾਏ ਤੁਸੀਂ ਬਹੁਤ ਚੰਗੇ ਪ੍ਰਬੰਧਕ ਜਾਪਦੇ ਹੋ। ਪਰ ਬਹੁਤ ਸਾਰੀਆਂ ਗਲਾਂ ਫੇਰ ਵੀ ਤੁਹਾਨੂੰ ਤਜਰਬੇ ਨਾਲ ਆਉਣਗੀਆਂ। ਤੁਹਾਨੂੰ ਘਟੋ ਘੱਟ ਆਪਣੇ ਸਟਾਫ ਨੂੰ ਚੰਗੀ ਤਰ੍ਹਾਂ ਆਪਣੇ ਵਿਸ਼ਵਾਸ ਵਿਚ ਰਖਣਾ ਚਾਹੀਦਾ ਹੈ। ਨਹੀਂ ਤਾਂ, ਵੇਖੋ ਨਾ, ਇਹ ਲੋਕ ਕਈ ਤਰ੍ਹਾਂ ਦੀਆਂ ਮੁਸੀਬਤਾਂ ਖੜੀਆਂ ਕਰ ਦਿੰਦੇ ਹਨ।"

"ਖਿਮਾ ਕਰਨਾ, ਮੈਂ ਪੂਰੀ ਤਰ੍ਹਾਂ ਆਪਦਾ ਮਤਲਬ ਨਹੀਂ ਸਮਝਿਆ। ਜਦੋਂ ਮੈਂ ਕੋਈ ਗਲਤ ਕੰਮ ਨਹੀਂ ਕਰਾਂਗਾ ਤਾਂ ਇਹ ਕੀ ਕਰ ਸਕਦੇ ਹਨ।"

"ਤੁਸੀਂ ਮੇਰਾ ਮਤਲਬ ਗਲਤ ਸਮਝ ਗਏ। ਇਨਸਾਨ ਗਲਤੀਆਂ ਦਾ ਪੁਤਲਾ ਹੈ। ਵੈਸੇ ਮੈਂ ਪਹਿਲਾਂ ਵੀ ਅਰਜ ਕੀਤੀ ਏ ਕਿ ਬਹੁਤ ਸਾਰੀਆਂ ਗਲਾਂ ਤਜਰਬੇ ਨਾਲ ਆਉਂਦੀਆਂ ਹਨ। ਇਹ ਲੋਕ ਕਿਸੇ ਮੁੰਡੇ ਕੁੜੀ ਨੂੰ ਚੁਕ ਚੁਕਾਕੇ ਤੁਹਾਡੀ ਝੂਠੀ ਸ਼ਕਾਇਤ ਕਰਵਾ ਦੇਣਗੇ ਜਾਂ ਤੁਹਾਡੇ ਗਲ ਪਵਾ ਦੇਣਗੇ। ਤੁਸਾਂ ਪਿਛਲੇ ਸਾਲ ਇਸੇ ਸੈਂਟਰ ਵਿਚ ਵਾਪਰੀ ਘੱਟਣਾ ਬਾਰੇ ਤਾਂ ਸੁਣਿਆ ਹੀ ਹੋਵੇਗਾ। ਬਸ ਇਹ ਸਭ ਕੁਝ ਸੁਪਰਵਾਈਜਰੀ ਸਟਾਫ ਦੀ ਸ਼ਹਿ ਉਤੇ ਹੀ ਹੋਇਆ। ਵਿਚਾਰਾ ਸਚਾ ਹੁੰਦਾ ਹੋਇਆ ਵੀ, ਸਦਾ ਲਈ ਡਿਸ ਕੁਆਲੀ ਫਾਈ ਹੋਕੇ ਰਹਿ ਗਿਆ", ਮਿਸਟਰ ਸਿੰਘ ਨੇ ਚਾਹ ਦਾ ਖਾਲੀ ਹੋ ਚੁਕਾ ਪਿਆਲਾ ਮੇਜ ਉਤੇ ਟਿਕਾਂਦਿਆ ਕਿਹਾ।

"ਮੈਂ ਯਤਨ ਕਰਾਂਗਾ, ਆਪਦੇ ਤਜਰਬੇ ਤੋਂ ਕੁਝ ਫਾਇਦਾ ਉਠਾਵਾਂ। ਬਾਕੀ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਦਸੋ।"

"ਹਾਂ ਸਚ ਇਕ ਗਲ ਤਾਂ ਮੈਂ ਤੁਹਾਡੇ ਨਾਲ ਕਰਨੀ ਭੁਲ ਹੀ ਗਿਆ। ਤੁਹਾਡੇ ਸੈਂਟਰ ਵਿਚ ਰੋਲ ਨੰਬਰ ੩੬੯੯੯ ਅਪੀਅਰ ਹੋ ਰਿਹਾ ਹੈ, ਸਤੀਸ਼ ਕੁਮਾਰ। ਉਹ ਆਪਣੇ ਸ਼ਹਿਰ ਦੇ ਇਕ ਬਹੁਤ ਵਡੇ ਅਫਸਰ ਦਾ ਪੁਤਰ ਏ। ਉਸਨੂੰ ਬਿਲਕੁਲ ਹੱਥ ਨਾ ਪਾਉਣਾ, ਨਹੀਂ ਤਾਂ ਕੋਈ ਮੁਸੀਬਤ ਖੜੀ ਹੋ ਜਾਏਗੀ। ਨਾਲੇ ਉਸਦਾ ਪਿਓ ਆਪਣਾ ਸਜਣ ਮਿਤ੍ਰ ਏ। ਕੰਮ ਆਉਣ ਵਾਲਾ ਬੰਦਾ ਏ", ਮਿਸਟਰ ਸਿੰਘ ਨੇ ਕਮਰੇ ਤੋਂ ਨਿਕਲ ਕੇ ਕਾਰ ਵੱਲ ਵਧਦਿਆਂ ਹੋਇਆਂ ਆਖਿਆ।

ਮਿਸਟਰ ਰਾਏ ਨੂੰ ਹੁਣ ਮਿਸਟਰ ਸਿੰਘ ਦੇ ਆਉਣ ਦਾ ਅਸਲੀ ਕਾਰਨ ਚੰਗੀ ਤਰ੍ਹਾਂ ਸਮਝ ਪੈ ਗਿਆ। ਉਸ ਨੇ ਸੁਪਰਿਟੈਂਡੈਂਟ ਲੱਗਣ ਤੋਂ ਪਹਿਲਾਂ ਹੀ ਤਹੀਆ ਕੀਤਾ ਸੀ ਕਿ ਉਹ ਕਿਸੇ ਨੂੰ ਨਕਲ ਨਹੀਂ ਮਾਰਨ ਦੇਵੇਗਾ ਭਾਵੇਂ ਉਹ ਡੀ. ਸੀ. ਦਾ ਪੁਤਰ ਹੀ ਕਿਉਂ ਨਾ ਹੋਵੇ। ਅੱਜ ਤਕ ਉਸ ਨੇ ਆਪਣੇ ਅਸੂਲਾਂ ਤੇ ਪੱਕੇ ਰਹਿਣ ਦਾ ਯਤਨ ਕੀਤਾ ਸੀ ਤੇ ਅਗਾਂਹ ਤੋਂ ਵੀ ਉਹ ਅਜਿਹਾ ਕਰਨ ਲਈ ਦ੍ਰਿੜ੍ਹ ਸੰਕਲਪ ਸੀ। ਵਾਧੂ ਦੁਨੀਆਦਾਰੀ ਉਸ ਸਿਖੀ ਨਹੀਂ ਸੀ ਤੇ ਇਕ ਵਾਰੀ ਆਪ-ਮੁਹਾਰੇ ਹੀ ਉਸ ਦੇ ਬੁਲ੍ਹਾਂ ਉਤੇ ਫਿਲਮੀ ਗੀਤ ਦੀ ਇਹ ਤੁਕ ਫਿਰ ਗਈ :

ਸਭ ਕੁਛ ਸੀਖਾ ਹਮ ਨੇ, ਨਾ ਸੀਖੀ ਹੋਸ਼ਿਆਰੀ।
ਸਚ ਹੈ ਦੁਨੀਆ ਵਾਲੋ, ਕਿ ਹਮ ਹੈਂ ਅਨਾੜੀ।

ਮਿਸਟਰ ਸਿੰਘ ਦੇ ਸਾਹਮਣੇ ਉਸ ਨੂੰ ਆਪਣਾ ਆਪ ਅਨਾੜੀ ਜਾਪਿਆ। ਪਰ ਮਿਸਟਰ ਸਿੰਘ ਦੀ ਨਾਰਾਜ਼ਗੀ ਉਹ ਕਿਉਂ ਮੁਲ ਲਵੇਗਾ। ਉਹ ਫਲਾਈਂਗ ਸਕਵੈਡ ਦੇ ਮੈਂਬਰ ਹਨ। ਉਸ ਦੇ ਸੈਂਟਰ ਦੀ ਰੀਪੋਰਟ ਗੰਦੀ ਕਰ ਦੇਣਗੇ ਤੇ ਉਸ ਨੂੰ ਮੁਸ਼ਕਲ ਵਿਚ ਪਾ ਦੇਣਗੇ। ਕਿਸੇ ਭਲੇਮਾਣਸ ਲਈ ਸੁਪਰਿਟੈਂਡੈਂਟ ਬਨਣਾ ਵੀ ਕਿੱਡੀ ਮੁਸੀਬਤ ਹੈ। ਜਾਂ ਬੰਦਾ ਆਪਣੀ ਜਮੀਰ ਵੇਚੇ ਤਾਂ ਫੇਰ ਇਹ ਸਾਰੇ ਲੋਕ ਖੁਸ਼। ਵੇਖੋ ਉਪਰੋਂ ਕਿੱਡੇ ਭੱਦਰ ਪੁਰਸ਼ ਬਣਦੇ ਹਨ। ਗੱਲਾਂ ਸੁਣੋ ਤਾਂ ਜਾਪਦਾ ਏ ਕਿ ਦੇਸ਼ ਦੇ ਸਾਰੇ ਦੁਖ ਕਲੇਸ਼ ਮਿਟਾ ਕੇ ਹੀ ਸਾਹ ਲੈਣਗੇ, ਪਰ ਅਮਲ ਇਸ ਤੋਂ ਸੈ ਕੋਹਾਂ ਦੂਰ। ਜਦੋਂ ਆਪਣੇ ਘਰ ਦੀ ਵਾਰੀ ਆਉਂਦੀ ਹੈ ਤਾਂ ਇਨ੍ਹਾਂ ਦੀਆਂ ਸਾਰੀਆਂ ਨਸੀਹਤਾਂ ਪਤਾ ਨਹੀਂ ਕਿਹੜੇ ਖੂਹ ਵਿਚ ਜਾ ਪੈਂਦੀਆਂ ਹਨ। ਔਰੋਂ ਕੋ ਨਸੀਹਤ ਖੁਦ ਮੀਆਂ ਫਜ਼ੀਅਤ। ਉਲਟੀ ਵਾੜ ਖੇਤ ਨੂੰ ਖਾਏ, ਇਸ ਦੇਸ਼ ਨੂੰ ਰੱਬ ਹੀ ਬਚਾਏ। ਇਨ੍ਹਾਂ ਲੋਕਾਂ ਤੋਂ ਡਰਦੇ ਹੀ ਤਾਂ ਭਲੇ ਲੋਕ ਸੁਪਰਿਟੈਂਡੈਂਟ ਨਹੀਂ ਬਣਦੇ। ਪਰ ਇਹ ਵੀ ਕੋਈ ਗੱਲ ਹੈ। ਅਜਿਹਾ ਕਰਕੇ

ਤਾਂ ਅਸੀਂ ਲੋਕ ਗ਼ਲਤੀ ਕਰਦੇ ਹਾਂ। ਅਜਿਹਾ ਕਰਕੇ ਅਸੀਂ ਬਦਮਾਸ਼ਾਂ ਨੂੰ ਆਪਣੀਆਂ ਕਾਲੀਆਂ ਕਰਤੂਤਾਂ ਕਰਨ ਲਈ ਮੌਕਾ ਦਿੰਦੇ ਹਾਂ। ਅਖ਼ੀਰ ਇਮਤਿਹਾਨੀ ਸੈਂਟਰਾਂ ਦੇ ਸੁਪਰਿਟੈਂਡੈਂਟ ਤਾਂ ਲਗਣੇ ਹੀ ਹਨ। ਮੈਂ ਆਪਣੇ ਅਸੂਲਾਂ ਤੋਂ ਨਹੀਂ ਡਿਗਾਂਗਾ। ਕਿਸੇ ਨੂੰ ਨਕਲ ਨਹੀਂ ਮਾਰਨ ਦੇਵਾਂਗਾ। ਜਦੋਂ ਮੈਂ ਠੀਕ ਹਾਂ ਤਾਂ ਕੋਈ ਮੇਰਾ ਕੀ ਵਿਗਾੜ ਲਵੇਗਾ। ਵਧ ਤੋਂ ਵਧ ਮਿਸਟਰ ਸਿੰਘ ਮੈਨੂੰ ਬਦਲਣ ਦੀ ਸਿਫ਼ਾਰਸ਼ ਹੀ ਕਰ ਦੇਣਗੇ ਜਾਂ ਡਿਸਕੁਆਲੀਫਾਈ ਹੀ ਕਰਾ ਦੇਣਗੇ। ਮੈਂ ਲੜਾਂਗਾ, ਇਸ ਹਨੇਰ ਗ਼ਰਦੀ ਵਿਰੁਧ ਆਵਾਜ਼ ਉਠਾਵਾਂਗਾ, ਇਨ੍ਹਾਂ ਵੱਡੇ ਵੱਡੇ ਬੰਦਿਆਂ ਦਾ ਪਰਦਾ ਉਤਾਰਾਂਗਾ, ਇਨ੍ਹਾਂ ਨਾਲ ਟੱਕਰ ਲਵਾਂਗਾ, ਜੋ ਹੋਊ ਵੇਖੀ ਜਾਊ। ਪਰ ਨਹੀਂ ਮੈਂ ਸੁਪਰਿਟੈਂਡੈਂਟ ਬਣ ਕੇ ਵਾਧੂ ਮੁਸੀਬਤ ਗਲ ਪਾ ਲਈ। ਅੱਗੇ ਇੰਨੇ ਸਾਲ ਸੁਪਰਿਟੈਂਡੈਂਟ ਨਹੀਂ ਸੀ ਲੱਗਾ ਤਾਂ ਵੀ ਤੇ ਗੁਜ਼ਾਰਾ ਚਲਦਾ ਹੀ ਗਿਆ ਸੀ ਐਤਕਾਂ ਐਵੇਂ ਚਾਰ ਛਿਲੜਾਂ ਲਈ ਦਿਲ ਕਰ ਆਇਆ। ਇਸ ਸੌਦੇ ਵਿਚ ਭਲਾ ਕੀ ਪਿਆ ਹੈ। ਮੈਂ ਕਲ੍ਹ ਹੀ ਅਸਤੀਫ਼ਾ ਦੇ ਦੇਵਾਂਗਾ, ਸੁਪਰਿਟੈਂਡੈਂਟੀ ਛਡ ਦੇਵਾਂਗਾ, ਇਹ ਮੁਸੀਬਤ ਗਲੋਂ ਲਾਹ ਦੇਵਾਂਗਾ, ਪਰ.........ਉਸ ਰਾਤ ਆਪਣੇ ਬਿਸਤਰੇ ਤੇ ਲੇਟਿਆਂ ਅਜਿਹੀ ਉਧੇੜ ਬੁਣ ਕਰਦਾ ਹੋਇਆ ਮਿਸਟਰ ਰਾਏ ਸੌਂ ਗਿਆ।

ਅਗਲੇ ਦਿਨ ਪਰਚਾ ਸ਼ੁਰੂ ਹੋ ਚੁਕਾ ਸੀ। ਸਤੀਸ਼ ਦੀ ਸੀਟ ਕਲਰਕ ਨੇ ਇਕ ਨੁੱਕਰ ਵਿਚ ਦਰਵਾਜ਼ੇ ਲਾਗੇ ਲਗਾ ਦਿਤੀ ਸੀ। ਅਚਾਨਕ ਹੀ ਮਿਸਟਰ ਰਾਏ ਦਾ ਧਿਆਨ ਉਧਰ ਗਿਆ। ਉਹਨਾਂ ਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਮੁੰਡਾ ਨਕਲ ਕਰ ਰਿਹਾ ਹੋਵੇ। ਉਹ ਮਲਕੜੇ ਜਿਹੇ ਉਠੇ ਤੇ ਝੱਬਦੇ ਹੀ ਉਹ ਸਤੀਸ਼ ਦੀ ਸੀਟ ਤੇ ਪਹੁੰਚ ਗਏ। ਸਤੀਸ਼ ਬਿਨਾਂ ਕਿਸੇ ਪ੍ਰਵਾਹ ਤੋਂ ਕਿਤਾਬ ਤੋਂ ਨਕਲ ਕਰਦਾ ਚਲਾ ਜਾ ਰਿਹਾ ਸੀ। ਮਿਸਟਰ ਰਾਏ ਨੇ ਇਕੋ ਝੱਟਕੇ ਨਾਲ ਕਿਤਾਬ ਤੇ ਕਾਪੀ ਉਸ ਪਾਸੋਂ ਖੋਹ ਲਈ ਤੇ ਆਪਣੀ ਸੀਟ ਵੱਲ ਨੂੰ ਤੁਰ ਪਏ। 'ਜੀ ਜਾਣ ਦਿਉ, ਸ੍ਰੀ ਡੀ. ਆਰ. ਸਿੰਘ ਦਾ ਕੇਸ ਏ। ਉਹ ਤੁਹਾਨੂੰ ਰਾਤ ਕਹਿ ਵੀ ਗਏ ਸਨ', ਸਬੰਧਤ ਸੁਪਰਵਾਈਜ਼ਰ ਨੇ ਉਹਨਾਂ ਕੋਲ ਆ ਕੇ ਸਹਿਜੇ ਜਿਹੇ ਉਨ੍ਹਾਂ ਦੇ ਕੰਨਾਂ ਵਿਚ ਆਖਿਆ।

'ਨਹੀਂ', ਇਹ ਨਹੀਂ ਹੋ ਸਕਦਾ। ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਤੁਹਾਨੂੰ ਨਕਲ ਰੋਕਣ ਲਈ ਲਗਾਇਆ ਗਿਆ ਹੈ ਨਾ ਕਿ ਨਕਲ ਕਰੌਣ ਲਈ। ਮੈਂ ਇਸ ਮੁੰਡੇ ਨਾਲ ਤੁਹਾਡੀ ਵੀ ਰਿਪੋਰਟ ਕਰਾਂਗਾ।

"ਚੰਗਾ ਜਿਵੇਂ ਤੁਹਾਡਾ ਜੀ ਆਵੇ ਕਰੋ। ਅਜ ਕਲ੍ਹ ਕਿਸੇ ਨੂੰ ਨੇਕ ਸਲਾਹ ਦੇਣੀ ਵੀ ਪਾਪ ਏ', ਸੁਪਰਵਾਈਜ਼ਰ ਬੁੜ-ਬੁੜਾਂਦਾ ਆਪਣੀ ਥਾਂ ਉਤੇ ਜਾ ਖਲੋਤਾ।

ਸਤੀਸ਼ ਉਤੇ ਨਕਲ ਦਾ ਕੇਸ ਬਣਾ ਕੇ ਭੇਜ ਦਿਤਾ ਗਿਆ। ਮਿਸਟਰ ਸਿੰਘ ਵੱਖ ਵੱਖ ਸੈਂਟਰਾਂ ਦਾ ਮੁਆਇਨਾ ਕਰ ਕੇ ਜਦੋਂ ਸ਼ਾਮ ਨੂੰ ਘਰ ਮੁੜੇ ਤਾਂ ਇਹ ਖ਼ਬਰ ਸੁਣ ਕੇ ਅੱਗ ਭਬੂਕਾ ਹੋ ਗਏ।

ਅਗਲੇ ਦਿਨ ਸੈਂਟਰ ਨੰ: ੨੩ ਦੀ ਇਨਕੁਆਇਰੀ ਹੋ ਰਹੀ ਸੀ। ਇਹ ਇਨਕੁਆਇਰੀ ਇਕ ਵਿਦਿਆਰਥੀ ਸਤੀਸ਼ ਕੁਮਾਰ ਦੀ ਰਿਪੋਰਟ ਤੇ ਹੋ ਰਹੀ ਸੀ। ਉਸਦਾ ਕਹਿਣਾ ਸੀ ਕਿ ਸੁਪਰਿਟੈਂਡੈਂਟ ਨੇ ਨਕਲ ਮਰਵਾਉਣ ਲਈ ਉਸ ਪਾਸੋਂ 5 ਸੌ ਰੁਪਏ ਮੰਗੇ ਤੇ ਉਸ ਦੇ ਨਾਂਹ ਕਰਨ ਤੇ ਉਸ ਉਤੇ ਨਕਲ ਦਾ ਝੂਠਾ ਕੇਸ ਬਣਾ ਦਿਤਾ ਗਿਆ ਹੈ। ਸੈਂਟਰ ਦਾ ਕਲਰਕ ਤੇ ਇਕ ਸੁਪਰਵਾਈਜ਼ਰ ਉਸ ਦੇ ਗਵਾਹ ਵਜੋਂ ਪੇਸ਼ ਹੋ ਰਹੇ ਸਨ। ਸ੍ਰੀ ਡੀ. ਆਰ. ਸਿੰਘ ਜੱਜ ਦੀ ਕੁਰਸੀ ਉਤੇ ਸਨ। ਵਿਰੋਧੀਆਂ ਦਾ ਪਲੜਾ ਕਾਫ਼ੀ ਭਾਰੀ ਸੀ। ਪਰ ਮਿਸਟਰ ਰਾਏ ਨੇ ਧਾਰ ਲਈ ਸੀ ਕਿ ਉਹ ਲੜਨਗੇ। ਉਦੋਂ ਤਕ ਲੜਨਗੇ ਜਦੋਂ ਤਕ ਇਥੇ ਮਿਸਟਰ ਸਿੰਘ ਵਰਗੇ ਬਗਲੇ ਭਗਤ ਮੌਜੂਦ ਹਨ, ਜਦੋਂ ਤਕ ਸਚਾਈ ਦੀ ਜਿੱਤ ਨਹੀਂ ਹੋ ਜਾਵੇਗੀ। ਉਨ੍ਹਾਂ ਵਡਿਆਂ ਦਾ ਕਢਿਆ ਹੋਇਆ ਇਹ ਨਿਚੋੜ ਸੁਣ ਰਖਿਆ ਸੀ, 'ਅਖ਼ੀਰ ਜਿੱਤ ਸਚਾਈ ਦੀ ਹੀ ਹੁੰਦੀ ਹੈ।" ਤੇ ਇਸੇ ਆਸ ਉਤੇ ਉਨ੍ਹਾਂ ਝੂਠ, ਕਪਟ ਤੇ ਫ਼ਰੇਬ ਨਾਲ ਟੱਕਰ ਲੈ ਲਈ ਸੀ।

o

ਕਹਾਣੀ —

# ਦੋ ਟੂੰਡਾਂ ਦੀ ਕਮਾਈ

—ਦਲਜੀਤ ਸਿੰਘ

ਜੀ ਹਾਂ, ਮੈਂ ਅਜ ਕਲ੍ਹ ਸੌਖਾ ਹਾਂ। ਅੰਨ-ਦਾਣੇ ਦਾ, ਰਿਹਾਇਸ਼ ਦਾ, ਜ਼ਿੰਮੇਂਵਾਰੀ ਦਾ, ਕਿਸੇ ਤਰ੍ਹਾਂ ਦਾ ਕੋਈ ਫ਼ਿਕਰ ਨਹੀਂ। ਦੁਨੀਆਂ ਨੂੰ ਡੇਲੇ ਵਿਖਾਉਂਦਾ ਹਾਂ, ਆਪਣਾ "ਟੈਕਸ" ਉਗਰਾਹੁੰਦਾ ਹਾਂ, ਵਕਤ ਟਪਾਉਂਦਾ ਹਾਂ।

ਕਦੇ ਕਦੇ ਇਕੱਲ ਵਿਚ ਬੈਠਿਆਂ, ਰਾਤ ਦੀ

ਖਾਮੋਸ਼ੀ ਨੂੰ ਚੀਰਦੀ ਗੱਡੀ ਦੀ ਚੀਕ ਸੁਣਾਈ ਦੇਂਦੀ ਹੈ, ਤਾਂ ਮੇਰਾ ਜੀਅ ਭਰ ਆਉਂਦਾ ਹੈ । ਮਨ ਲੋਚਦਾ ਹੈ ਕਿ ਆਪਣੀ ਕਹਾਣੀ ਕਿਸੇ ਨੇੜੇ ਬੈਠੇ ਊਂਘਦੇ ਜਾਂ ਕਿਸੇ ਲੇਟੇ ਹੋਏ ਨੂੰ ਜਗਾਂ ਕੇ ਸੁਣਾਵਾਂ । ਕਈ ਵਾਰ ਕਿਸੇ ਨੂੰ ਪੂਰੀ ਕਹਾਣੀ ਸੁਨਾਉਣ ਵਿਚ ਵੀ ਸਫਲ ਹੋਇਆ ਹਾਂ, ਪਰ ਬਹੁਤੀ ਵਾਰ ਮੈਨੂੰ ਇਹੀ ਜਵਾਬ ਮਿਲਦਾ ਹੈ, 'ਤੂੰ ਕੋਈ ਨਿਰਾਲਾ ਤਾਂ ਨਹੀਂ', ਸਾਡੇ ਨਾਲ ਵੀ ਘੱਟ ਨਹੀਂ ਗੁਜ਼ਰੀਆਂ ।" ਜਿਸ ਕਿਸੇ ਨੇ ਮੇਰੀ ਕਹਾਣੀ ਪੂਰੀ ਸੁਣਨ ਦਾ ਸਬਰ ਵਿਖਾਇਆ ਹੁੰਦਾ ਹੈ, ਉਸ ਬਾਰੇ ਮੈਨੂੰ ਵਿਸ਼ਵਾਸ ਹੁੰਦਾ ਹੈ ਕਿ ਉਸ ਨੇ ਮੇਰੀ ਕਹਾਣੀ ਠੀਕ ਨਹੀਂ ਸਮਝੀ । ਮੇਰੇ ਪਾਸ ਕੇਵਲ ਇਕ ਹੀ ਕਹਾਣੀ ਹੈ ਜੋ ਮੈਂ ਤੁਹਾਡੇ ਲਈ ਪੇਸ਼ ਕਰਦਾ ਹਾਂ ।

ਮੇਰਾ ਜਨਮ ਹੋਇਆ ਦੇਸ਼ ਦੇ ਆਜ਼ਾਦ ਹੋਣ ਤੋਂ ਸ਼ਾਇਦ ਕੁਝ ਸਾਲ ਪਿਛੋਂ । ਮੇਰੇ ਮਾਂ ਬਾਪ ਕੌਣ ਸਨ, ਅਤੇ ਕੀਹ ਕਰਦੇ ਸਨ, ਮੈਨੂੰ ਕੋਈ ਪਤਾ ਨਹੀਂ । ਕਿਵੇਂ ਤੀਜੀ ਜਮਾਤ ਵਿਚ ਪੜ੍ਹਨੇ ਪੈ ਗਿਆ, ਇਸ ਦਾ ਵੀ ਕੋਈ ਪਤਾ ਨਹੀਂ । ਹਾਂ, ਇਸ ਸਮੇਂ ਤੋਂ ਪਿਛੋਂ ਦਾ ਜ਼ਰੂਰ ਪੱਕਾ ਪਤਾ ਹੈ ਕਿ ਮੈਂ ਯਤੀਮਖ਼ਾਨੇ ਵਿਚ ਪਾਲਿਆ ਗਿਆ, ਕੁਝ ਝਿੜਕ ਕੇ, ਕੁਝ ਪਿਆਰ ਨਾਲ ਅਤੇ ਕੁਝ ਰੱਬ ਦੀ 'ਕਿਰਪਾ' ਨਾਲ । ਇਕ ਡੰਗ ਦੀ ਰੋਟੀ ਕਦੇ ਕਿਸੇ ਦੇ ਘਰ ਵਿਆਹ ਦੀ ਖ਼ੁਸ਼ੀ ਵਿਚ, ਅਤੇ ਦੂਜੇ ਡੰਗ ਦੀ ਰੋਟੀ ਕਿਸੇ ਹੋਰ ਘਰੋਂ, ਕਿਸੇ ਮਰਨ ਵਾਲੇ ਦੀ ਯਾਦ ਵਿਚ । ਕਦੇ ਵੇਲੇ ਸਿਰ ਸਕੂਲ ਪੁੱਜ ਗਿਆ, ਕਦੇ ਲੇਟ ਹੋ ਗਿਆ ਅਤੇ ਕਦੇ ਰਹਿ ਗਿਆ । ਕਦੇ ਮਾਸਟਰ ਨੇ ਕੰਮ ਦੀ ਸ਼ਾਬਾਸ਼ ਦੇ ਦਿਤੀ, ਕਦੇ ਬੈਂਚ ਉਤੇ ਖੜਾ ਕਰ ਦਿਤਾ ਅਤੇ ਕਦੇ ਕਦੇ ਯਤੀਮ-ਖ਼ਾਨੇ ਨੂੰ ਅਤੇ ਨਾਲ ਹੀ ਯਤੀਮਾਂ ਨੂੰ ਗਾਲ੍ਹਾਂ ਕੱਢ ਦਿਤੀਆਂ । ਦੁਨੀਆਂ ਕੀਹ ਹੈ, ਕਿਵੇਂ ਹੈ, ਕਿਉਂ ਹੈ ਅਤੇ ਕੀ ਹੋਵੇਗੀ—ਧਾਰਮਿਕ ਲੀਹਾਂ ਉਤੇ ਹੀ ਰਤਾ ਸਮਝ ਸਕਿਆ । ਮੋਟੇ ਤੌਰ ਉਤੇ ਦਿਮਾਗ ਦੀਆਂ ਬਾਰੀਆਂ ਬੰਦ ਰਹੀਆਂ ਹਨ ਅਤੇ ਇਸੇ ਹੀ ਅਵਸਥਾ ਵਿਚ ਕਾਲਜ ਵਿਚ ਦਾਖ਼ਲ ਹੋ ਗਿਆ ।

ਦੇਸ਼ ਅਜ਼ਾਦ ਹੋਇਆਂ ਪੰਦਰਾਂ ਸਾਲ ਤੋਂ ਵਧ ਹੋ ਗਏ ਮੇਰੇ ਵੇਖਦਿਆਂ ਵੇਖਦਿਆਂ ਯਤੀਮਖ਼ਾਨੇ ਦਾ ਮੈਨੇਜਰ, ਮੰਦਰ ਦੇ ਭਾਈ ਜੀ ਅਤੇ ਹੋਰ ਕਾਰਿੰਦੇ, ਹੋਰ ਹੀ ਹੋਰ ਹੁੰਦੇ ਗਏ । ਯਤੀਮਾਂ ਦੀ ਚਾਹ ਵਿਚੋਂ ਖੰਡ ਘਟਦੀ ਗਈ, ਫੁਲਕੇ ਛੋਟੇ ਹੁੰਦੇ ਗਏ, ਦਾਲ ਵਿਚ ਪਾਣੀ ਵਧਦਾ ਗਿਆ । ਦਾਨ ਹੋਏ ਕਪੜੇ ਬਿਸਤਰੇ ਗ਼ਾਇਬ ਹੁੰਦੇ ਗਏ ਅਤੇ ਮੇਰੇ ਜੇਹਿਆਂ ਉਤੇ ਗਾਲੀ ਗਲੋਚ ਦੀ ਬਾਰਸ਼ ਤੇਜ਼ ਹੁੰਦੀ ਗਈ ।

ਕਾਲਜ ਵਿਚ ਮੇਰੀਆਂ ਅੱਖਾਂ ਖੁਲ੍ਹਣ ਲੱਗ ਪਈਆਂ, ਮੈਨੂੰ ਇੰਜ ਜਾਪਿਆ ਜਿਵੇਂ ਕੁਝ ਸਮਝ ਆਉਣ ਲੱਗ ਪਈ ਹੋਵੇ । ਮੈਨੂੰ ਮਹਿਸੂਸ ਹੋਇਆ ਕਿ ਜਿਸ ਧਰਤੀ ਉਤੇ ਪਹਿਲਾਂ ਪੈਰ ਨਹੀਂ ਸਾਂ ਧਰ ਸਕਦਾ, ਉਸ ਉਤੇ ਸ਼ਾਇਦ ਤੁਰ ਵੀ ਸਕਦਾ ਸਾਂ । ਮੈਂ ਕੋਰਸ ਦੀਆਂ ਕਿਤਾਬਾਂ 'ਰਟਣ' ਦੀ ਥਾਂ ਲਾਇਬਰੇਰੀ ਦੀਆਂ ਕਈ ਕਿਤਾਬਾਂ 'ਘੋਖਣ' ਲਗ ਪਿਆ । ਪਤਾ ਨਹੀਂ ਕਿਉਂ ਅਤੇ ਕਿਵੇਂ ਪ੍ਰਿੰਸੀਪਲ ਸਾਹਿਬ ਨੂੰ ਜਾਪਿਆ ਕਿ ਮੈਂ 'ਕੁਰਾਹੇ' ਪੈ ਰਿਹਾ ਸਾਂ, ਇਸ ਲਈ ਮੈਨੂੰ ਵਾਰਨਿੰਗ ਵੀ ਮਿਲ ਗਈ । ਯਤੀਮਖ਼ਾਨੇ ਵਾਲਿਆਂ ਨੇ ਵੀ ਮੈਨੂੰ ਤਾੜਨਾ ਕੀਤੀ ਕਿ ਜੇ ਮਿਥੇ ਹੋਏ ਮਾਰਗ ਤੋਂ ਏਧਰ ਓਧਰ ਹੋਇਆ ਤਾਂ ਹਸ਼ਰ ਬੁਰਾ ਹੋਵੇਗਾ । ਖੈਰ ਔਖੇ ਸੌਖੇ ਥਰਡ ਕਲਾਸ ਬੀ. ਏ. ਪਾਸ ਕਰ ਲਿਆ ਅਤੇ ਨਿਕਲ ਪਿਆ ਦੁਨੀਆਂ ਵਿਚ ਕੋਈ ਥਾਂ 'ਆਪਣੀ' ਬਨਾਉਣ ਲਈ ।

ਦੇਸ ਦੀ ਸਿਲਵਰ ਜੁਬਲੀ ਨੇੜੇ ਆ ਰਹੀ ਸੀ ਅਤੇ ਗਰੀਬੀ ਅਤੇ ਬੇਰੁਜ਼ਗਾਰੀ ਵਿਰੁਧ ਭਰਪੂਰ ਮੁਹਿੰਮ ਚਲੀ ਹੋਈ ਸੀ । ਮੈਂ ਵੀ ਨਾਲ ਰਲ ਪਿਆ ਪੂਰੇ ਜੋਸ਼ ਨਾਲ । ਮੈਂ ਆਪਣੀ ਅੱਖੀਂ ਡਿੱਠਾ ਕਿ ਬੜੇ ਬੜੇ ਲੋਕਾਂ ਦੀ ਗਰੀਬੀ ਦੂਰ ਹੋ ਰਹੀ ਸੀ, ਹੋਰ ਬੜਿਆਂ ਲਈ ਨਵੇਂ ਰੁਜ਼ਗਾਰ ਮਿਲ ਰਹੇ ਸਨ । ਪਰ ਹਰ ਕਾਮਯਾਬੀ ਲਈ ਇਕ ਫੀਸ ਸੀ ਜੋ ਕਿਸੇ ਨਾ ਕਿਸੇ ਪੱਧਰ ਉਤੇ ਤਾਰਨੀ ਹੀ ਪੈਂਦੀ ਸੀ । ਮੇਰੇ ਪਾਸ ਤਾਂ ਸਨ ਕੁਝ ਸੁਫ਼ਨੇ ਹੀ, ਜਿਨ੍ਹਾਂ ਦਾ ਮੁੱਲ ਮੰਡੀ ਵਿਚ ਸਿਫ਼ਰ ਸੀ । ਮੈਂ ਦਫਤਰ ਵਿਚ ਚਪੜਾਸੀ ਲੱਗਣ ਲਈ ਤਿਆਰ ਹੋਇਆ, ਪਰ ਉਹ ਨੌਕਰੀ ਮੇਰੇ ਸਟੈਂਡਰਡ ਦੀ ਨਾ ਸਮਝ ਕੇ ਮੈਨੂੰ ਨਹੀਂ ਦਿਤੀ ਗਈ — ਨਾਲ ਹੀ ਸਿਫਾਰਸ਼ ਵੀ ਕੋਈ ਨਹੀਂ ਸੀ । ਮੇਰੇ ਅੱਗੇ ਪਿਛੇ ਦਾ ਵੀ ਕੋਈ ਪਤਾ ਨਹੀਂ ਸੀ । ਆਪਣੇ ਸ਼ਹਿਰ ਦੇ ਸਾਰੇ ਕਾਰਖਾਨਿਆਂ ਵਿਚ ਨੌਕਰੀ ਲਈ ਪਤਾ ਕੀਤਾ, ਸਭ ਪਾਸਿਆਂ ਤੋਂ ਜਵਾਬਾ ਹੀ ਮਿਲਿਆ ਅਤੇ ਟਿਚਕਰਾਂ ਵੀ । ਮਾਲ ਰੋਡ ਉਤੇ ਉਸਰ ਰਹੀਆਂ ਕੋਠੀਆਂ ਵਿਚ ਮਜ਼ਦੂਰੀ ਕਰਨ ਲਈ ਗਿਆ, ਰਿਕਸ਼ਾ ਕਿਰਾਏ ਉਤੇ ਲੈਣ ਗਿਆ ਤਾਂ ਮੇਰਾ ਇਕਹਿਰਾ ਸਰੀਰ ਵੇਖ ਕੇ ਸੌ ਸੌ ਮਖੌਲ ਕੀਤੇ ਗਏ ਅਤੇ ਮਿਹਨਤ ਕਰਨ ਦਾ ਮੌਕਾ ਨਾ ਦਿਤਾ । ਬੱਚਿਆਂ ਦੀ ਟਿਊਸ਼ਨ ਲੈਣ ਦੀ ਵੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ । ਪੁਲਸ ਵਿਚ ਭਰਤੀ, ਫੌਜ ਵਿਚ ਭਰਤੀ ਅਤੇ ਸੜਕਾਂ ਬਨਾਉਣ ਵਾਲਿਆਂ ਵਿਚ ਭਰਤੀ

ਸਭ ਪਾਸੇ ਘੋੜੇ ਦੁੜਾਏ ਪਰ ਹਰ ਪਾਸੇ ਨਾ-ਕਾਮਯਾਬੀ।

ਮਜ਼ਦੂਰਾਂ ਦੇ ਇਕ ਵੱਡੇ ਨੇਤਾ ਨੂੰ ਮਿਲਿਆ ਤਾਂ ਉਨ੍ਹਾਂ ਨੇ ਇਹ ਜਵਾਬ ਦਿੱਤਾ, "ਇਸ ਵੇਲੇ ਤਾਂ ਅਸੀਂ ਕੇਵਲ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਹੀ ਸੰਘਰਸ਼ ਕਰ ਸਕਦੇ ਹਾਂ। ਤੁਸੀਂ ਬੇਰੁਜ਼ਗਾਰ ਹੋ, ਸਰਕਾਰ ਦੇ ਪਿੱਛੇ ਪਵੋ। ਇਸ ਵੇਲੇ ਤੁਹਾਡੇ ਲਈ ਸਾਡੇ ਪਾਸ ਕੁਝ ਨਹੀਂ। ਜਦੋਂ ਕਦੇ ਇਨਕਲਾਬ ਆਇਆ ਤਾਂ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਦੋ ਚਾਰ ਹੱਥ ਕਰਾਂਗੇ।"

"ਇਨਕਲਾਬ ਕਦੋਂ ਆਵੇਗਾ ? ਮੇਰਾ ਮਤਲਬ ਹੈ ਕਿ ਕਦੋਂ ਲਿਆਵੋਗੇ ?" ਮੈਂ ਪੁੱਛਿਆ।

ਤਾਂ ਉਨ੍ਹਾਂ ਨੇ ਬੜੀ ਸੰਜੀਦਗੀ ਨਾਲ ਉੱਤਰ ਦਿੱਤਾ, "ਇਸ ਵੇਲੇ ਸਾਡੇ ਹੱਥ ਭਰੇ ਪਏ ਹਨ, ਪੰਚਾਇਤ ਈਲੈਕਸ਼ਨਾਂ, ਮਿਊਂਸਪੈਲਿਟੀ ਈਲੈਕਸ਼ਨਾਂ, ਅਸੈਂਬਲੀ ਈਲੈਕਸ਼ਨਾਂ, ਮਜ਼ਦੂਰ ਜਥੇਬੰਦੀਆਂ ਦੀਆਂ ਈਲੈਕਸ਼ਨਾਂ ਅਤੇ ਪਾਰਟੀ ਦੀਆਂ ਆਪਣੀਆਂ ਈਲੈਕਸ਼ਨਾਂ ਨਾਲ। ਇਸ ਪਿਛੋਂ ਅਸਾਂ ਜਲੂਸ ਕੱਢਣੇ ਨੇ ਬੋਨਸ ਲਈ, ਮਹਿੰਗਾਈ ਦੇ ਖਿਲਾਫ਼ ਅਤੇ ਵਧਦੀ ਹੋਈ ਗ਼ਰੀਬੀ ਅਤੇ ਬੇਰੋਜ਼ਗਾਰੀ ਦੇ ਖਿਲਾਫ਼। ਇਹ ਭੰਬਲਭੂਸੇ ਮੁੱਕਣ ਤਾਂ ਇਨਕਲਾਬ ਬਾਰੇ ਸੋਚਣ ਦੀ ਵਿਹਲ ਮਿਲੇ। ਹਾਂ ਸੱਚ ਕੁਝ ਮਹੀਨਿਆਂ ਤਕ ਸਾਡੇ ਇਨਕਲਾਬੀ ਮਿੱਤਰ ਦੇਸ਼ ਦੇ ਰਾਸ਼ਟਰਪਤੀ ਸਾਡੇ ਦੇਸ਼ ਦਾ/ ਦੌਰਾ ਕਰਨ ਆ ਰਹੇ ਨੇ, ਉਨ੍ਹਾਂ ਦੇ ਸਵਾਗਤ ਲਈ ਅਸਾਂ ਹਕੂਮਤ ਨੂੰ ਪੂਰਾ ਪੂਰਾ ਮਿਲਵਰਤਨ ਦੇਣਾ ਹੈ। ਤੁਸਾਂ ਇਨਕਲਾਬ ਬਾਰੇ ਪੁੱਛਿਆ ਹੈ ? ਹਾਂ ਇਹ ਵੀ ਬੜਾ ਅਹਿਮ ਮਸਲਾ ਹੈ। ਇਸ ਬਾਰੇ ਫਿਰ ਕਦੇ ਵੇਹਲੇ ਵੇਲੇ ਵੀਚਾਰ ਕਰਾਂਗੇ। ਸਾਡਾ ਪਰਚਾ ਲੈ ਕੇ ਪੜ੍ਹਿਆ ਕਰੋ, ਬੜਾ ਗਿਆਨ ਮਿਲੇਗਾ।

ਇਸ ਤਰ੍ਹਾਂ ਧੱਕੇ ਖਾਂਦੇ ਖਾਂਦੇ ਮੈਨੂੰ ਹੋਰ ਵੀ ਕਈ ਆਪਣੇ ਜਿਹੇ ਮਿਲੇ ਜੋ ਸਮੇਂ ਦੀ ਹਵਾ ਅੱਗੇ ਤਿਨਕਿਆਂ ਵਾਂਗ ਉੱਡੇ ਫਿਰਦੇ ਸਨ। ਕਈ ਖਾਂਦੇ ਪੀਂਦੇ ਘਰਾਂ ਤੋਂ ਅਜਿਹੇ ਵੀ ਆ ਰਲੇ ਜੋ ਵਕਤੀ ਵੈਰਾਗ ਵਿਚ ਤਿਨਕੇ ਬਣ ਕੇ ਅਵਾਰਾ ਹੋਏ ਸਨ। ਤੀਲਾ ਤੀਲਾ ਕਰਕੇ ਪੰਡਾਂ ਬੱਝ ਗਈਆਂ।

ਦੇਸ਼ ਦੀ ਸਿਲਵਰ ਜੁਬਲੀ ਹਾਲਾਂ ਕਈ ਮਹੀਨੇ ਦੂਰ ਸੀ। ਇਕ ਕਾਲੀ ਬੋਲੀ ਰਾਤ, ਸਾਡੀ ਪੰਡ ਨੂੰ ਅੱਗ ਲਗ ਗਈ। ਪਤਾ ਨਹੀਂ ਅੱਗ ਬਾਹਰੋਂ ਆਈ ਜਾਂ ਅੰਦਰੋਂ ਹੀ ਕਿਤੇ ਚੰਗਿਆੜੀ ਫੁੱਟੀ ਸੀ। ਤੀਲੇ ਤਿੜਕਣ ਲੱਗੇ, ਪਟਾਕੇ ਵੱਜੇ। ਧੂੰਆਂ ਨਿਕਲਿਆ, ਹਨੇਰੀ ਰਾਤ ਵਿਚ ਕੁਝ ਚਾਨਣ ਵੀ ਹੋਇਆ। ਅਗ ਬੁੱਝ ਗਈ ਜਾਂ ਬੁਝਾਈ ਗਈ, ਮੈਨੂੰ ਖ਼ਬਰ ਨਹੀਂ। ਮੈਂ ਆਪਣੀ ਸੁਲਗਦੀ ਹੋਂਦ ਸਮੇਟ ਕੇ ਸਮੇਂ ਤੋਂ ਬੇਪਰਵਾਹ ਅਵਾਰਾ ਹੋ ਗਿਆ। ਪਹਿਲਾਂ ਆਪਣੇ ਆਪ ਤੋਂ ਕੁਝ ਉਮੀਦਾਂ ਸਨ, ਹੁਣ ਬੇਸਹਾਰਾ ਹੋ ਗਿਆ।

... ਜ਼ਿੰਦਗੀ ਮੇਰੇ ਲਈ ਬੇਅਰਥ ਹੋ ਗਈ। ਮੈਂ ਧਰਤੀ ਅਤੇ ਜ਼ਿੰਦਗੀ ਨਾਲੋਂ ਆਪਣਾ ਸੰਬੰਧ ਤੋੜਣ ਲਈ ਸਰਕਾਰੀ ਹਸਪਤਾਲ ਦੇ ਕੋਲ, ਸਰਕਾਰੀ ਰੇਲਵੇ ਲਾਈਨਾਂ ਦੇ ਉੱਤੇ ਸਰਕਾਰ ਦੇ ਰੇਲਵੇ ਇੰਜਨ ਨਾਲ ਸਿੱਧੀ ਟੱਕਰ ਲੈਣ ਲਈ ਥਾਂ ਟਿਕਾਣੇ ਪਹੁੰਚ ਗਿਆ। ਮੈਂ ਪੂਰੇ ਜ਼ੋਰ ਨਾਲ ਟੱਕਰ ਲਈ।.........

ਜਦ ਹੋਸ਼ ਆਈ ਤਾਂ ਮੈਂ ਸਰਕਾਰ ਦੇ ਹਸਪਤਾਲ ਵਿਚ ਸਾਂ। ਮੇਰੇ ਸੁਫ਼ਨੇ ਹਾਲਾਂ ਵੀ ਸਬੂਤੇ ਸਨ। ਪਰ ਮੇਰੇ 'ਪਰ' ਕੱਟੇ ਜਾ ਚੁੱਕੇ ਸਨ। ਪਹਿਲਾਂ ਤਾਂ ਮੈਨੂੰ ਦੋਵੇਂ ਬਾਹਵਾਂ ਲੱਥ ਜਾਣ ਦਾ ਬਹੁਤ ਗ਼ਮ ਲੱਗਾ, ਪਰ ਫਿਰ ਮੈਂ ਆਪਣੇ ਮਨ ਨੂੰ ਢਾਰਸ ਦਿੱਤੀ ਕਿ ਐ ਮੇਰੇ ਮਨ! ਉਨ੍ਹਾਂ ਹੱਥਾਂ ਤੇ ਬਾਹਵਾਂ ਦੀ ਇਸ ਸਮਾਜ ਨੂੰ ਬਿਲਕੁਲ ਲੋੜ ਨਹੀਂ ਸੀ। ਨਾ ਹੀ ਲੋੜ ਹੈ ਉਨ੍ਹਾਂ ਨੂੰ ਜਿਹੜੇ ਸਮਾਜ ਨੂੰ ਬਦਲ ਦੇਣ ਲਈ ਦੰਮ ਭਰਦੇ ਨੇ — ਉਹ ਤਾਂ ਆਪਣੇ ਹੱਥ ਵੀ ਨਹੀਂ ਸਾਂਭ ਸਕਦੇ,ਉਨ੍ਹਾਂ ਨੇ ਮੇਰੇ ਹੱਥਾਂ ਨੂੰ ਕੀਹ ਕਰਨਾ ਸੀ ? ਚਲੋ ਚੰਗਾ ਹੋਇਆ ਵਾਧੂ ਚੀਜ਼ ਗਲੋਂ ਲੱਥੀ।

ਪੁਲਸ ਵਲੋਂ ਮੇਰੇ ਉਤੇ ਖ਼ੁਦਕਸ਼ੀ ਦਾ ਮੁਕੱਦਮਾ ਦਰਜ ਕੀਤਾ ਗਿਆ। ਕਈ ਦਿਨ ਬਿਆਨ ਆਦਿ ਲਿਖੇ ਜਾਂਦੇ ਰਹੇ।

ਆਜ਼ਾਦੀ ਦੀ ਸਿਲਵਰ ਜੁਬਲੀ ਦੀ ਸ਼ਾਮ ਮੈਨੂੰ ਹਸਪਤਾਲ ਅਤੇ ਸਮਾਜ ਦਿਆਂ ਸਭ ਬੰਧਨਾਂ ਤੋਂ "ਆਜ਼ਾਦ" ਕਰ ਦਿੱਤਾ ਗਿਆ।

ਹੁਣ ਮੈਨੂੰ ਜਾਨ ਪਿਆਰੀ ਹੈ। ਮੈਂ ਦੂਜੀ ਵਾਰ ਖੁਦਕਸ਼ੀ ਨਹੀਂ ਕਰਾਂਗਾ। ਜੋ ਕਮਾਈ ਮੈਂ ਆਪਣੇ ਦੋਹਾਂ ਹੱਥਾਂ ਨਾਲ ਨਹੀਂ ਸਾਂ ਕਰ ਸਕਿਆ, ਉਹ ਬੜੇ ਆਰਾਮ ਨਾਲ ਆਪਣੇ ਦੋ ਟੁੰਡਾਂ ਨਾਲ ਕਰ ਰਿਹਾ ਹਾਂ। ਸ਼ੁਰੂ ਵਿਚ ਮੈਂ ਪੁਰਾਣੇ ਵਾਕਫ਼ਾਂ ਨੂੰ ਵੇਖ ਕੇ ਪਿੱਠ ਭਵਾ ਲੈਂਦਾ ਹੁੰਦਾ ਸਾਂ ਪਰ ਹੌਲੀ ਹੌਲੀ ਮੈਨੂੰ ਯਕੀਨ ਹੋ ਗਿਆ ਕਿ ਮੈਨੂੰ ਕੋਈ ਵੀ ਨਹੀਂ ਪਛਾਣਦਾ ਅਤੇ ਜੇ ਕੋਈ ਪਛਾਣ ਵੀ ਲਵੇ ਤਾਂ ਮੈਨੂੰ ਵਾਜ ਮਾਰਨ ਦੀ ਹਿੰਮਤ ਨਹੀਂ ਰਖਦਾ।

O

ਕਹਾਣੀ—

# ਅਨੀਜ਼ਾ

—ਪਰਸ਼ਾਂਤ

ਮੈਂ ਜਦ ਵੀ ਏਕਾਂਤ ਵਿਚ ਕਦੇ ਕੁਦਰ ਤਦੇ ਰੰਗਾਂ ਨੂੰ ਪਰਖਿਆ ਹੈ, ਉਸ ਦੀ ਹਰਕਤ ਵਿਚ ਪਲ ਰਹੀ ਬੇਚੈਨੀ ਨੂੰ ਅਨੁਭਵ ਕੀਤਾ ਹੈ, ਤਾਂ ਉਹ ਬੇਚੈਨੀ, ਉਹ ਰੰਗ ਇਕ ਚਿਤਰ ਵਿਚ ਬਦਲ ਜਾਂਦੇ ਹਨ। ਮੇਰਾ ਏਕਾਂਤ ਉਦਾਸੀ ਵਿਚ ਢਲ ਜਾਂਦਾ ਹੈ ਤੇ ਮੈਂ ਸੋਚਨ ਲਗ ਪੈਂਦਾ ਹਾਂ, ਰਣਜੀਤ ਅਜ ਤਕ ਪਰਤਿਆ ਕਿਉਂ ਨਹੀਂ ?

ਚਿੱਤਰਕਾਰ ਨੂੰ ਆਪਣੀ ਕਲਾ ਨਾਲ ਪਿਆਰ ਹੁੰਦਾ ਹੈ ਅਤੇ ਉਸ ਦੀ ਪੂਰਤੀ ਲਈ, ਜਿਥੇ ਵੀ ਜੋ ਵੀ ਮਿਲੇ, ਖੋਜ ਲਿਆਂਦਾ ਹੈ। ਉਸ ਦਾ ਆਸ਼ਾ ਹੁੰਦਾ ਹੈ, ਜੀਵਨ ਵਿਚ ਇਕ ਮਹਾਨ ਚਿੱਤਰ ਬਨਾਉਣ ਦਾ; ਹਰ ਚੀਜ਼ ਵਿਚੋਂ ਉਸ ਨੂੰ ਕੋਈ ਨਿਰਾਲਾ ਹੀ ਅਕਸ ਦਿਖ ਈ ਦੇਂਦਾ, ਅਤੇ ਕਈ ਅਕਸ਼ ਉਸ ਲਈ ਚਿੱਤਰ ਦਾ ਰੂਪ ਵੀ ਧਾਰਨ ਕਰ ਲੈਂਦੇ ਹਨ — ਪਰ ਇਕ ਮਹਾਨ ਚਿੱਤਰ ਲਈ ਵਿਸ਼ੇ ਦੀ ਸੰਭਾਵਨਾ ਚਿੱਤਰ-ਕਾਰ ਨੂੰ ਬੇਚੈਨ ਕਰੀ ਰਖਦੀ ਹੈ।

ਰਣਜੀਤ ਮੇਰਾ ਇਕ ਮਿਤਰ ਹੈ ਜੋ ਅਜ ਤੋਂ ਦਸ ਸਾਲ ਪਹਿਲਾਂ ਅਨੀਜਾ ਦੀ ਕਮਾਈ ਉਸ ਨੂੰ ਦੇਣ ਗਿਆ ਪਰ ਵਾਪਸ ਨਹੀਂ ਆਇਆ। ਅਨੀਜ਼ਾ ਉਸ ਪਿੰਡ ਦੀ ਕੁੜੀ ਹੈ ਜਿਥੇ ਰਣਜੀਤ ਨੂੰ ਆਪਣੇ ਮਹਾਨ ਚਿੱਤਰ ਦਾ ਵਿਸ਼ਾ ਲੱਭਾ ਸੀ।

ਚਿੱਤਰ ਬਣਿਆ, ਪਰਦਰਸ਼ਨੀ ਹੋਈ, ਇਸ ਤੋਂ ਪਹਿਲਾਂ ਕਿ ਲੋਕ ਰਣਜੀਤ ਨੂੰ ਇਕ ਮਹਾਨ ਚਿੱਤਰ-ਕਾਰ ਕਹਿ ਕੇ ਬੁਲਾਂਦੇ ਉਹ ਗੁਆਚ ਚੁੱਕਾ ਸੀ। ਮੈਂ ਬੜੀ ਹੀ ਉਸ ਦੀ ਤਲਾਸ਼ ਕੀਤੀ, ਬਾਰ ਬਾਰ ਉਸ ਥਾਂ ਤੇ ਵੀ ਗਿਆ ਹਾਂ ਜਿਥੇ ਇਕੱਠੇ ਬਹਿ ਕੇ ਅਸਾਂ ਪਿੰਡ ਦੀ ਗਲੀ ਦਾ ਚਿੱਤਰ ਬਨਾਇਆ ਤੇ ਜਿਸ ਦੇ ਪਰਛਾਵੇਂ ਵਿਚ ਅਨੀਜਾ ਦਾ ਅਕਸ਼ ਉਘੜਿਆ ਸੀ।

ਹਾਂ, ਉਸ ਗਲੀ ਵਿਚ ਆਂਦਿਆਂ ਜਾਂਦਿਆਂ ਮੈਂ ਕਈ ਵਾਰ ਅਨੀਜ਼ਾ ਨੂੰ ਇਕ ਪੂਰਨ ਇਸਤ੍ਰੀ ਦੇ ਰੂਪ ਵਿਚ ਤੱਕਿਐ, ਉਨ੍ਹਾਂ ਦਾ ਕੱਚਾ ਕੋਠਾ ਹੁਣ ਪੱਕੀਆਂ ਇੱਟਾਂ ਦਾ ਬਣ ਚੁੱਕਾ ਹੈ। ਮੇਰਾ ਕਈ ਵਾਰ ਜੀ ਕੀਤਾ ਹੈ ਉਸ ਕੋਲੋਂ ਆਪਣੇ ਸਵਾਲ ਦਾ ਜਵਾਬ ਲੈਣ ਲਈ, ਪਰ ਜਦ ਵੀ ਮੈਂ ਉਸ ਦੀਆਂ ਅੱਖਾਂ ਵਿਚ ਤਕਿਐ, ਮੈਂ ਆਪਣਾ ਹੀ ਸਵਾਲ ਉਨ੍ਹਾਂ ਵਿਚੋਂ ਪੜ੍ਹਿਆ ਹੈ — ਸੁੰਨਸਾਨ ਗਹਿਰਾਈਆਂ ਵਿਚੋਂ ਜਵਾਬ ਕੀ ਮਿਲੇਗਾ। ਕਾਸ਼ ਜਿਸ ਥਾਂ ਇਹ ਸਵਾਲ ਉਤਪੰਨ ਹੋਇਆ ਉਹ ਥਾਂ ਹੀ ਨਾ ਉਗੜੀ ਹੁੰਦੀ, ਨਾ ਉਹ ਜੂਨ ਦੁਪਹਿਰ ਦੇ ਪਰਛਾਵੇਂ ਹੁੰਦੇ ਤੇ ਨਾ ਹੀ ਇਕ ਲਾਲ ਦੁਪਟੇ ਵਾਲੀ ਬਚਪਨ ਨੂੰ ਪਿਛਾੜਦੀ ਹੋਈ ਬਾਲੜੀ, ਉਨ੍ਹਾਂ ਪਰਛਾਵਿਆਂ ਨੂੰ ਖਿੰਡਾਰਦੀ ਰਣਜੀਤ ਦੀਆਂ ਅੱਖਾਂ ਵਿਚ ਆ ਖੜੀ ਹੁੰਦੀ।

ਅਸੀਂ ਉਥੇ ਹੀ ਬੈਠ ਗਏ ਸਾਂ, ਆਪੋ ਆਪਣਾ ਸਮਾਨ ਸਮੇਟ ਕੇ ਅਤੇ ਪਲਾਂ ਵਿਚ ਹੀ ਰਣਜੀਤ ਦੀ ਕੈਨਵਸ ਤੇ ਸੋਹਣੇ ਰੰਗ ਆਪਣਾ ਰੂਪ ਨਿਖਾਰ ਰਹੇ ਸਨ, ਗਲੀ ਦੀ ਗਹਿਰਾਈ ਉਭਰ ਆਈ ਸੀ, ਪਰਛਾਵੇਂ ਧਰਤੀ ਤੇ ਵਿਛ ਗਏ ਸਨ ਤੇ ਰਣਜੀਤ ਦਾ ਬੁਰਸ਼ ਲਾਲ ਚੁੰਨੀ ਨੂੰ ਸਮੇਟ ਰਿਹਾ ਸੀ।

"ਕੁਰਸੀ ਚਾਹੀਦੀ ਹੈ।"

ਮੈਂ ਉੱਪਰ ਤਕਿਆ, ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ ਰਣਜੀਤ ਨੇ ਨਾਹ ਕਰ ਦਿਤੀ, ਜਦ ਉਹ ਤੁਰ ਪਈ ਤਾਂ ਰੋਕ ਕੇ ਬੋਲਿਆ, "ਜਰਾ ਇਨ੍ਹਾਂ, ਪਰਛਾਵਿਆਂ ਵਿਚੋਂ ਇਕ ਵਾਰ ਫੇਰ ਗੁਜ਼ਰੇਂਗੀ ?"

ਮੈਂ ਹੱਸ ਪਿਆ — ਇਹ ਬਾਲੜੀ ਸੀ ਲਾਲ ਚੁੰਨੀ ਵਾਲੀ — ਉਹ ਪਰਛਾਵਿਆਂ ਨੂੰ ਚੀਰਦੀ ਹੋਈ ਭਜ ਗਈ ਤੇ ਰਣਜੀਤ ਦੀ ਕੈਨਵਸ ਤੇ, ਉਨ੍ਹਾਂ ਪਰਛਾਵਿਆਂ ਦੇ ਕੋਲ ਕਈ ਹੋਰ ਰੰਗਾਂ ਨੇ ਘੇਰਾ ਪਾ ਲਿਆ।

ਉਸ ਦਾ ਚਿੱਤਰ ਤਕਰੀਬਨ ਪੂਰਾ ਹੋ ਚੁਕਾ ਸੀ। ਪਰ ਅਜ ਉਹਨਾਂ ਪਰਛਾਵਿਆਂ ਵਿਚਾਲੇ, ਇਕ ਥਾਂ ਸਖਣੀ ਜਾਪਦੀ ਸੀ — ਰਣਜੀਤ ਬੜੀ ਬੇਚੈਨੀ ਨਾਲ ਬਾਰ ਬਾਰ ਕਈ ਰੰਗ ਅਜ਼ਮਾ ਰਿਹਾ ਸੀ। ਅਚਾਨਕ ਉਸ ਦਾ ਬੁਰਸ਼ ਰੁਕ ਗਿਆ ਜਿਵੇਂ ਹਾਰ ਮਨ ਲਈ ਹੋਵੇ, ਜਿਹੜੀ ਨਜ਼ਰ ਕਦੀ ਪਰਛਾਵੇਂ ਵਲ ਤੇ ਕਦੀ ਚਿਤਰ ਤੇ ਦੌੜ ਰਹੀ ਸੀ, ਬੰਦ ਹੋ ਗਈ। ਮੈਂ ਹੌਲੀ ਜਿਹੀ ਬੋਲਿਆ, ਉਹ ਫੇਰ ਆਈ ਰਣਜੀਤ ਤਬਕ ਪਿਆ — ਮੈਂ ਹੱਸਾ ਦਿਤਾ — ਖੈਰ : ਇੰਜ ਹੀ ਕੁਝ ਹੋਰ ਪਲ ਬੀਤ ਗਏ ਚਿੱਤਰ ਵਿਚ ਕੋਈ ਪਰੀਵਰਤਣ ਨਹੀਂ ਸੀ ਆ ਰਿਹਾ।

ਪਿਛੋਂ ਅਵਾਜ਼ ਆਈ—"ਬਸ"।

ਰਣਜੀਤ ਆਪ ਮੁਹਾਰੇ ਬੋਲ ਉਠਿਆ "ਨਹੀਂ"

ਉਸ ਉਪਰ ਵਲ ਪਿਛਾਂ ਨੂੰ ਤਕਿਆ — ਉਹੀ ਲਾਲ ਚੁੰਨੀ ਵਾਲੀ ਬਾਲੜੀ ਖੜੀ ਸੀ । ਰਣਜੀਤ ਹੱਸ ਪਿਆ ।

ਬਾਲੜੀ ਬੋਲੀ, 'ਅਮੀਂ ਕਹਿੰਦੀ ਹੈ ਤੁਹਾਨੂੰ ਪੁਛਾਂ ਪਾਣੀ ਪਿਉਗੇ ਬੜੀ ਦੇਰ ਦੇ ਧੁਪ ਵਿਚ ਬੈਠੇ ਹੋ ।' ਰਣਜੀਤ ਦਾ ਸਿਰ ਨਾਹ ਵਿਚ ਹਿਲਿਆ ਤੇ ਬਾਦ ਵਿਚ ਬੋਲ 'ਹਾਂ' ਵਿਚ ਬਦਲ ਗਏ ।

ਚਿੱਤਰ, ਪੂਰੀ ਕਰਨ ਦੀ ਪਿਆਸ ਸਾੜਨ ਲਈ ਕਲੇਜਾ, ਚਿੱਤਰਕਾਰ ਦਾ ।

ਜਿਉਂ ਹੀ ਉਹ ਪਰਛਾਵਿਆਂ ਨੂੰ ਲਿਤਾੜਦੀ ਹੋਈ ਘਰ ਵਲ ਭੱਜੀ, ਰਣਜੀਤ ਦੇ ਬੁਰਸ਼ਾਂ ਨੇ ਉਸ ਅਕਸ਼ ਨੂੰ ਕੈਨਵਸ ਤੇ ਉਤਾਰ ਲੀਤਾ । ਚਿੱਤਰ ਪੂਰੀ ਹੋ ਗਈ । ਸਿਆਹ ਪਰਛਾਵਿਆਂ ਵਿਚ ਲਾਲ ਚੁੰਨੀ ਦੀ ਪਿਆਸ ਮਿਟ ਗਈ ।

ਇਹ ਚਿਤਰ ਸਚ ਹੀ ਰਣਜੀਤ ਦਾ ਮਹਾਨ ਚਿੱਤਰ ਸੀ — ਖੈਰ ਸਮਾਂ ਬੀਤਦਾ ਗਿਆ । ਕਈ ਚਿਤਰ ਬਣੇ । ਕਈ ਲੋਕਾਂ ਖਰੀਦ ਲਏ । ਕੋਈ ਚਾਰ ਸਾਲ ਬਾਦ ਰਣਜੀਤ ਦੇ ਚਿੱਤਰਾਂ ਦੀ ਇਕ ਪਰਦਰਸ਼ਨੀ ਵਿਚ ਕਿਸੇ ਦੀ ਨਜ਼ਰ ਉਸ ਚਿੱਤਰ ਤੇ ਆ ਟਿਕੀ — ਮੁੱਲ ਪਿਆ ਚਿੱਤਰਕਾਰ ਨੇ ਨਾਹ ਕਰ ਦਿਤੀ । ਨਿਲਾਮੀ ਹੋਈ, ਮੁੱਲ ਵਧੀ ਗਿਆ — ਨਾਹ — ਚੁਪ ਹੋ ਗਈ । ਮਹਾਨ ਚਿਤਰ ਵਿਸ਼ਾਲ ਜੀਵਨ ਦੇ ਸੁਪਨੇ ਵਿਖਾ ਗਈ । ਲੈਣ ਵਾਲੇ ਨੇ ਕੀਮਤ ਚੁਕਾਂਦੇ ਹੋਏ ਕਿਹਾ, 'ਰਣਜੀਤ ਬਾਬੂ ਇਹਨਾਂ ਪੈਸਿਆਂ ਤੇ ਸਾਰਾ ਹੱਕ ਤੁਹਾਡਾ ਹੀ ਨਹੀਂ, ਮਹਾਨਤਾ ਪਰਛਾਵਿਆਂ ਵਿਚ ਉਗੜ ਰਹੀ ਇਸ ਲਹਿਰ ਦੀ ਵੀ ਹੈ ਜਿਹੜੀ ਲਾਲ ਘੁੰਡ ਕੱਢੀ ਤੁਹਾਡੀ ਵਿਚ ਅਟੱਕ ਗਈ ।'

ਪੈਸਿਆਂ ਦਾ ਵਿਉਪਾਰ ਸਦਾ ਜੀਵਨ ਵਿਚ ਲਾਲਸਾ ਹੀ ਭਰਮਾਂਦਾ ਨਹੀਂ, ਕਦੇ ਕਦੇ ਸੂਖਮ ਸਚਾਈ ਦੀਆਂ ਤਾਰਾਂ ਛੇੜ, ਜੀਵਨ ਵੀਨਾ ਦਾ ਗੀਤ ਹੀ ਬਦਲ ਦਿਆ ਕਰਦਾ ਹੈ — ਮੈਂ ਦੂਰ ਖੜਾ ਚਿੱਤਰਕਾਰ ਦੇ ਦਿਲ ਸਥਲ ਤੇ ਮਚਲ ਰਿਹਾ ਇਹ ਜਵਾਰ-ਭਾਟਾ ਕਾਫੀ ਦੇਰ ਤੋਂ ਵੇਖਦਾ ਰਿਹਾ । ਮੈਨੂੰ ਪਤਾ ਸੀ ਇਹ ਉਬੜੀਆਂ ਲਹਿਰਾਂ, ਕਿਨਾਰਿਆਂ ਦੇ ਬੰਧਨ ਪਛਾੜ ਜਾਣਗੀਆਂ — ਮੈਂ ਚੁਪ ਖੜਾ ਰਿਹਾ ਆਸ ਸੀ ਕਿ ਹਮੇਸ਼ਾਂ ਵਾਂਗ ਇਹ ਵਗੋ ਜਲ ਦੇ ਰੂਪ ਵਿਚ ਬਹਿ ਨਿਕਲੇਗਾ ਤੇ ਅਸੀਂ ਇਕੱਠੇ ਘਰ ਜਾ ਸਕਾਂਗੇ ।

ਪੈਸਾ ਦੇ ਖਰੀਦਦਾਰ, ਤਸਵੀਰ ਲੈ ਗਿਆ — ਤੇ ਰਣਜੀਤ ਦੀਆਂ ਅੱਖੀਆਂ ਦੇ ਫਰੇਮ ਦੇ ਵਿਚ ਜੜੀ ਗਈ ਇਕ ਹੋਰ ਤਸਵੀਰ – ਸੂਖਮ — ਭਾਵਕਤਾ ਦੇ ਰੰਗਾਂ ਵਿਚ ਸਜੀ ਹੋਈ ਉਸ ਬਾਲੜੀ ਦੀ ਜਿਹੜੀ ਉਸ ਸਖਣੀ ਥਾਂ ਤੇ ਮਲਹਾਰਾ ਨਾਲ ਭਰਿਆ ਪਾਣੀ ਦਾ ਗਿਲਾਸ ਹਥ ਵਿਚ ਫੜੀ ਆਪਣਾ ਚਿਤਰਕਾਰ ਟਟੋਲ ਰਹੀ ਹੋਵੇ ਲੋਕ ਹਸ ਪਏ ਹੋਣ — ਪਾਣੀ ਡੁਲ੍ਹ ਗਿਆ ਹੋਵੇ ਉਸ ਲਾਲ ਦੁਪਟੇ ਤੇ । ਮੈਲੇ ਦਾਗ਼ ਲਗ ਗਏ ਹੋਣ ਉਹਨਾਂ ਪਰਛਾਵਿਆਂ ਉਪਰ ।

ਉਸ ਦੇ ਪੈਰ ਪੁਟਦਿਆਂ ਮੈਂ ਵੀ ਦਰਵਾਜ਼ੇ ਵਲ ਵਧਿਆ । 'ਅੱਜ ਮੈਂ ਇਕੱਲਿਆਂ ਜਾਣਾ ਹੈ ਇਕ ਥਾਂ !' ਆਖ ਕੇ ਉਹ ਤੁਰ ਗਿਆ ਸੀ ।

O

ਕਹਾਣੀ —

## ਨਕਾਰਾ

—ਬਲਬੀਰ ਮਾਨ

'ਕਿਆ ਆਪ ਕੋ ਪੰਜਾਬ ਮੇਂ ਨੌਕਰੀ ਕਰਨਾ ਭਾਵਤ ਨਹੀਂ ?'

'... ... ?' ਪਰ ਮੁਨਿੰਦਰ ਚੁੱਪ ਸੀ ।

'ਅੱਛਾ–ਤੋ ਤੁਮ ਹਰਿਆਣਾ ਮੇਂ ਨੌਕਰੀ ਕਰਨਾ ਚਾਹਤੇ ਹੋ ?'

'... ... ।' ਪਰ ਮੁਨਿੰਦਰ ਨੇ ਪ੍ਰਸ਼ਨਕਰਤਾ ਦੇ ਦੂਸਰੇ ਸਾਧਾਰਣ ਜਿਹੇ ਵਾਕ ਦਾ ਉੱਤਰ ਵੀ 'ਚੁੱਪ' ਵਿਚ ਦਿਤਾ – ਤੇ ਉਸ ਨੇ ਸਗੋਂ ਆਪਣੇ ਵਲੋਂ ਪ੍ਰਸ਼ਨ ਸੁੱਟਿਆ—

'ਰੀਕੁਐਸਟ ਪਲੀਜ ? ਆਪ ਕੋਈ ਔਰ ਸਵਾਲ ਪੁਟ ਕਰੇਂ ?'

'... ... ?' ਤੇ ਹੁਣ ਪ੍ਰਸ਼ਨਕਰਤਾ ਨੇ ਮੁਨਿੰਦਰ ਦੇ ਸਵਾਲ ਦਾ 'ਚੁੱਪ' ਵਿਚ ਉਤਰ ਦਿਤਾ ।

ਮੁਨਿੰਦਰ ਤੇ ਇੰਟਰਵਿਊ ਅਫਸਰ ਇਕ ਦੂਜੇ ਦੀਆਂ ਅੱਖਾਂ ਵਿਚ ਇੰਜ ਪਾੜ ਪਾੜ ਕੇ ਵੇਖ ਰਹੇ ਸਨ ਜਿਵੇਂ ਉਨ੍ਹਾਂ ਦੇ ਕੋਈ ਪੁਰਾਣੇ ਖ਼ੈਰ ਚੇਤੇ ਆ ਗਏ ਹੋਣ ।

ਬਾਹਰ ਸਵੇਰ ਦੀ ਵਰਖਾ ਹੋ ਰਹੀ ਸੀ ।

ਨਵੀਂ ਨੁੱਕ—'ਵੀ' ਸ਼ੇਪਡ ਈਮਾਰਤ ਦਾ ਬਰਾਂਡਾ ਵਿਹਲੜ ਨੌਜਆਨਾਂ ਨਾਲ ਕਿਸੇ ਸੈਕਸੀ ਫਿਲਮ ਦੇ ਹਾਲ ਵਾਂਗ ਭਰਿਆ ਪਿਆ ਸੀ ਅਤੇ ਆਵਾਜ਼ਾਂ ਦੀ ਚਿੱਧ-ਗਿੱਧ ਦੇ ਮਿਲਗੋਭੇ ਨਾਲ ਸਬਜ਼ੀ ਮੰਡੀ ਵਰਗੇ

ਗਾਮ-ਰੌਲੇ ਦਾ ਗੜ੍ਹ ਬਣਿਆ ਪਿਆ ਸੀ ਜਿਥੋਂ ਕਿ ਸ਼ਾਇਦ ਗਲੇ ਸੜੇ ਆਲੂ ਟਮਾਟਰਾਂ ਦੀ ਥਾਂ ਭਾਰਤ ਦੇ ਨੌਜੁਆਨ ਸਪੂਤਾਂ ਦੀ 'ਬੋਲੀ' ਹੋ ਰਹੀ ਸੀ।

ਸੁੱਕੇ ਭਿੱਜੇ ਗੱਭਰੂ ਵਾਰੀ ਵਾਰੀ ਜਾਲੀਦਾਰ ਦਰਵਾਜ਼ੇ ਤੋਂ ਅੰਦਰ ਬੁਲਾਏ ਸਨ — ਸਲੇਟੀ ਰੋਗਨ ਕੀਤਾ ਦਰਵਾਜ਼ਾ ਹਰ ਵਾਰੀ 'ਖਟਾਕ' ਦੇਣੇ ਖੜਕਿਆ ਸੀ ਤੇ ਅਣਗਿਣਤ ਹੱਥਾਂ ਦੀਆਂ ਉਂਗਲਾਂ ਨਾਲ ਕੁੰਡੇ ਵਾਲੀ ਥਾਂ ਕੁਝ ਚਗਲੀ-ਘਿਚਲੀ ਹੋ ਗਈ ਸੀ।

ਇੰਟਰਵਿਊ ਅਫ਼ਸਰ ਨੇ ਕਿੰਨੇ ਸਾਰੇ ਉਮੀਦਵਾਰਾਂ ਦੇ ਪਿਛੋਂ ਮੁਨਿੰਦਰ ਨੂੰ ਤੱਕਿਆ ਸੀ। ਮੁਨਿੰਦਰ ਦੇ ਕਾਲਜ ਵੇਲੇ ਦੇ ਵਾਲੀਵਾਲ ਖੇਡ ਦੇ ਉੱਘੇ ਪਰਮਾਣ ਪੱਤਰ ਅਤੇ ਬੀ. ਏ. ਦੇ ਚੰਗੇ ਨੰਬਰਾਂ ਵਾਲਾ ਪੱਤਰ ਅਫਸਰ ਦੀ ਕਲਮ ਨੂੰ ਸਿੱਧੀ ਵਗਾਉਣ ਲਈ ਪੂਰੀ ਵਾਹ ਲਾ ਰਹੇ ਸਨ ਪਰ ਸ਼ਾਇਦ ਮੁਨਿੰਦਰ ਕੋਲ ਉਸ ਚੀਜ਼ ਦੀ ਥੁੜ੍ਹ ਸੀ ਜਿਹੜੀ ਕਿ ਅਜ ਕਲ੍ਹ ਨੌਕਰੀ 'ਤੇ ਲੱਗਣ ਸਮੇਂ ਅਤਿ-ਜ਼ਰੂਰੀ ਸਮਝੀ ਜਾਂਦੀ ਹੈ।

ਅਫ਼ਸਰ ਜਿਵੇਂ 'ਮੁਨਿੰਦਰ' ਦੇ ਨਾਉਂ ਤੋਂ ਧੁੜਧੁੜੀ ਜਿਹੀ ਖਾ ਗਿਆ ਸੀ ਅਤੇ ਉਸ ਦੇ ਦੀਮਾਗ 'ਚ ਕੁਝ ਮਹੀਨੇ ਪਹਿਲਾਂ ਦੀ ਅਖਬਾਰ ਵਿਚ ਛਪੀ ਖਬਰ ਯਾਦ ਆ ਗਈ ਜਦੋਂ ਕਿ ਮੁਨਿੰਦਰ ਨੇ ਕੱਚਿਆਂ ਢਾਰਿਆਂ 'ਚ ਵਕਤ ਕਟੀ ਕਰਦੇ — ਨੀਵੀਆਂ ਜਾਤਾਂ ਦੇ ਗ਼ਰੀਬ ਕਮੀਨ ਕੰਦੂਆਂ ਤੋਂ ਕਾਲੀਆਂ ਝੰਡੀਆਂ ਨਾਲ ਉਨ੍ਹਾਂ ਦੇ ਹੱਕਾਂ ਲਈ ਨਾਹਰੇ ਲੁਆਏ ਸਨ ਜਦੋਂ ਕਿ ਨੇਤਾ ਉਨ੍ਹਾਂ ਦੇ ਪਿੰਡ ਪਧਾਰਿਆ ਸੀ ਅਤੇ ਮੁਨਿੰਦਰ ਦਾ ਨਾਉਂ, ਜਿਹੜਾ ਪਿੰਡ ਦੀ ਨੌਜੁਆਨ ਸਭਾ ਦਾ ਸਕੱਤਰ ਚੁਣਿਆ ਗਿਆ ਸੀ—ਅਖ਼ਬਾਰ 'ਚੋਂ ਪੜ੍ਹਿਆ ਸੀ।

ਕੁਝ ਸਮੇਂ ਦੇ ਮੋਨ ਪਿਛੋਂ ਮੋਨਾ ਅਫ਼ਸਰ ਫਿਰ ਬੋਲਿਆ—

'ਅੱਛਾ ਆਪ ਯੇ ਬਤਾਈਏ ਕਿ ਹਮਾਰੇ ਦੇਸ਼ ਮੇਂ ਬੇਰੁਜ਼ਗਾਰੀ ਕੇ ਠੋਸ ਕਾਰਨ ਕਿਆ ਹੈਂ ?'

ਮੁਨਿੰਦਰ ਅਜਿਹੇ ਵਹਿਸ਼ੀ 'ਆਮ-ਵਾਕਫ਼ੀਅਤ' ਦੇ ਪ੍ਰਸ਼ਨਾਂ ਦਾ ਉੱਤਰ ਇਹੋ ਜਿਹੇ ਕਿੰਨੇ ਹੀ ਮੌਕਿਆਂ ਉਤੇ ਦਿੰਦਾ ਦਿੰਦਾ ਤੰਗ ਆ ਚੁਕਾ ਸੀ।

ਉਸ ਦਾ ਭੁੱਖ ਨਾਲ ਲੂਸਿਆ ਚਿਹਰਾ ਕਿਹਰੀ ਸ਼ੇਰ ਵਾਂਗ ਭੱਖ ਉਠਿਆ। ਉਸ ਕੋਲ ਇਸ ਬੇਮਤਲਬੇ ਸਵਾਲ ਦਾ ਜਵਾਬ ਇਕ ਸ਼ਬਦਾ ਨਹੀਂ ਸਗੋਂ ਅਥਾਹ ਸ਼ਬਦਾ ਸੀ। ਉਹ ਚਾਹੁੰਦਾ ਸੀ ਇਸ ਦਾ ਜਵਾਬ ਉਹ ਭਬੁਕਾਂ ਮਾਰ ਕੇ— ਗੜ੍ਹਕੇ ਨਾਲ — ਦੇਵੇ ਅਤੇ ਮੁੱਕੀਆਂ ਮਾਰ ਮਾਰ ਕੇ ਉਹ ਸ਼ੀਸ਼ੇ ਵਾਲੇ ਮੇਜ਼ ਦਾ ਚਕਨਾਚੂਰ ਕਰ ਦੇਵੇ ਤੇ ਆਪਣੇ ਸਖਤ ਮਿਹਨਤੀ ਹੱਥਾਂ ਦੀਆਂ ਹਥੇਲੀਆਂ ਨੂੰ ਖ਼ੂਨ ਨਾਲ ਲਾਲੋ ਲਾਲ ਕਰ ਦੇਵੇ।

ਪਰ ਇਕ ਲੰਬਾ ਸਾਹ — ਨਹੀਂ — ਇਕ ਠੰਢਾ ਹਉਕਾ ਭਰ ਕੇ ਉਸ ਨੇ 'ਚੁੱਪ' ਵਿਚ ਹੀ ਉੱਤਰ ਦਿਤਾ।

'ਅੱਛਾ—ਕ੍ਰਿਪਯਾ ਆਪ ਜਾਈਏ ਔਰ ਕਲ੍ਹ ਕੋ ਪਤਾ ਕੀਜੀਏ।' ਕੇਤਲੀ ਦੇ ਢੱਕਣ ਵਰਗੇ ਟੋਟਣ ਵਾਲੇ—ਦਾੜ੍ਹੀ ਮੁੱਛ ਸਫ਼ਾ ਚੱਟ ਅਫ਼ਸਰ ਨੇ ਰਾਸ਼ਟਰਪਤੀ ਦੇ ਐਲਾਨ ਵਾਂਗ ਆਪਣਾ ਹੁਕਮ ਘੋਸ਼ਿਤ ਕੀਤਾ।

ਮੁਨਿੰਦਰ ਰਾਤ ਭਰ ਸੋਚਦਾ ਰਿਹਾ ਕਿ ਇਹ ਰਾਤ ਤਾਂ ਉਸ ਨੇ ਭੈਣ ਕੋਲ ਕੱਟਣ ਦਾ ਵਾਅਦਾ ਕੀਤਾ ਸੀ। ਰਾਤ ਦੇ ਸੰਘਣੇ ਹਨੇਰੇ ਵਿਚ ਅੱਖਾਂ ਪਾੜ ਪਾੜ ਵੇਖਣ ਨਾਲ ਸਿਵਾਏ ਭੰਬੂਤਾਰਿਆਂ ਤੋਂ ਉਹਨੂੰ ਕੁਝ ਨਾ ਦਿਸਿਆ। ਉਸ ਨੂੰ ਮੁੜ ਮੁੜ ਕੇ ਗੁਰਮੀਤੋ ਭੈਣ ਦੇ ਬੋਲ ਯਾਦ ਆ ਰਹੇ ਸਨ — 'ਵੀਰਾ! ਆਥਣ ਨੂੰ ਜ਼ਰੂਰ ਮੁੜ ਆਈਂ — ਤੜਕੇ ਰੱਖੜੀ ਦਾ ਦਿਨ ਐ। ਚੰਗਾ!'

ਅਗਲੀ ਸਵੇਰ ਪੜ੍ਹੇ ਲਿਖੇ ਵਿਹਲੜਾਂ ਦੀ ਜੁੜੀ ਭੀੜ ਵਿਚੋਂ ਦੀ ਉਹ ਸੂਚਨਾ ਬੋਰਡ ਦੇ ਕੋਲ ਗਿਆ— ਪਰ ਅੱਜ ਬਾਕੀ ਦੇ ਰਹਿੰਦੇ ਉਮੀਦਵਾਰਾਂ ਦੀ ਪਰਖ ਹੋਣੀ ਸੀ। ਉਸ ਦੀ ਕਿਸਮਤ ਦਾ ਬਕਸਾ ਤਾਂ ਸ਼ਾਮ ਦੇ ਪੰਜ ਵਜੇ ਖੁਲ੍ਹਣਾ ਸੀ।

ਮੁਨਿੰਦਰ ਨੇ ਇਕ ਬੰਨੇ ਹੋ ਕੇ 'ਕਿਰਚ ਕਿਰਚ' ਕੇ ਘਸੀ ਹੋਈ ਜੰਜ਼ੀਰੀ ਵਾਲੇ ਬੈਗ ਦਾ ਮੂੰਹ ਖੋਲ੍ਹਿਆ— ਇਕ ਪਤਲੀ ਜਿਹੀ ਪਰੌਂਠੀ – ਗੁਰਮੀਤੋ ਭੈਣ ਦੀ – ਕਲ੍ਹ ਦੀ ਬਚਦੀ ਸੁੱਕੇ ਹੋਏ ਭੂੰਨੇ ਵਤ ਰੜਕੀ। ਫੇਰ ਉਸ ਨੇ ਪੈਂਟ ਦੀ ਪਿਛਲੀ ਜੇਬ 'ਚ ਹੱਥ ਮਾਰਿਆ।

ਕਾਲਜ ਦੇ ਅਡੈਨਟੀ ਕਾਰਡ 'ਚੋਂ — ਦੋ ਤੇ ਤਿੰਨ— ਪੰਜ ਰੁਪਏ ਹੀ ਨਿਕਲੇ — ਸਿਰਫ ਘਰ ਵਾਪਸ ਜਾਣ ਦਾ ਕਿਰਾਇਆ।

ਉਹ ਆ ਕੇ ਬੈਂਚ ਤੇ ਬੈਠ ਗਿਆ। ਉਹ ਹਰੇਕ ਗੱਭਰੂ ਦੇ ਗੁੱਟ ਉਤੇ ਰੱਖੜੀ ਬੰਨੀ ਦੇਖਦਾ ਤੇ ਫੇਰ ਆਪਣੇ ਗੁੱਟ ਵਲ ... ... !

ਉਹਦੇ ਅੰਦਰਲਾ ਮੁਨਿੰਦਰ ਉੱਛਲ ਕੇ ਹੀ ਰਹਿ ਗਿਆ। ਉਹਨੇ ਇਕ ਵਾਰੀ ਤਾਂ ਪਿਆਰ ਨੂੰ ਪਿਛਾੜ ਕੇ ਰੋਜ਼ਗਾਰ ਨੂੰ ਤਰਜ਼ੀਹ ਦੇ ਕੇ ਸਬਰ ਅੰਦਰ ਸਾਬਰੀ ਕਰ ਲਈ—" ਰੱਖੜੀ ਤਾਂ ਜਾ ਕੇ ਬੰਨਵਾ ਲਾਂਗੇ—ਐਧਰਲਾ ਕੰਮ ਸੂਤ ਹੋ ਜੇ!' ਅਤੇ ਫੇਰ ਜਲਦੀ ਤੋਂ ਜਲਦੀ ਘਰ ਪੁੱਜਣ ਲਈ ਉਸ ਅੰਦਰ ਲੂਹਰੀਆਂ ਉੱਠ ਖੜੀਆਂ।

ਅਖ਼ੀਰ ਪੰਜ ਵਜਦੇ ਹੀ ਵੱਜੇ।

ਟੀਰਾ ਜਿਹਾ 'ਹੌਲਦਾਰ-ਹੌਲਦਾਰ' ਚਪੜਾਸੀ ਵੱਡਾ ਸਾਰਾ ਪੁਰਚਾ ਬੋਰਡ 'ਤੇ ਲਾ ਗਿਆ।

ਨੌਜੁਆਨ ਉਲਰੇ।

ਸਭ ਦੀਆਂ ਵੰਨ ਵੰਨ ਦੀਆਂ ਦਮਕਾਂ ਮਾਰਦੀਆਂ—ਸੁੱਚੀ ਸੁਨਹਿਰੀ ਜ਼ਰੀ ਜੜਤ ਰੱਖੜੀਆਂ ਵਾਲੇ ਗੁੱਟਾਂ ਨੂੰ ਆਪਣੇ ਸੁੰਞੇ ਹੱਥ ਨਾਲ ਪਰ੍ਹਾਂ ਕਰਦਾ ਅੱਗੇ ਪਹੁੰਚਿਆ।

ਉਹ ਕਿੰਨੇ ਚਿਰ ਬਾਅਦ ਬੁਝਿਆ ਜਿਹਾ ਚਿਹਰਾ ਬਣਾ ਕੇ ਇਸ ਭੀੜ 'ਚੋਂ ਮਸੀਂ ਹੀ ਬਾਹਰ ਨਿਕਲਿਆ—ਅਤੇ ਦੀਮਾਗ਼ ਦੀਆਂ ਗਹਿਰਾਈਆਂ ਵਿਚ ਨਮੋਸ਼ੀਆਂ ਦੇ ਗਹਿਣੇ ਲਕੋਈ ਥੱਕੇ ਟੁੱਟੇ ਪੈਰੀਂ ਦਫਤਰ ਦਾ ਬੂਹਾ ਬਾਹਰ ਹੋ ਗਿਆ।

ਉਸ ਨੇ ਸਬਰ ਦੀ ਘੁੱਟ ਭਰ ਕੇ ਫ਼ੈਸਲਾ ਕੀਤਾ ਕਿ ਚਾਹ ਦੀ ਘੁੱਟ ਤਾਂ ਜ਼ੁਲਸ ਲੈ ਮਨਾਂ।

ਚਾਹ ਬਨਾਉਣ ਵਾਲੇ ਦੇ ਖੱਬੇ ਗੁੱਟ ਉਤੇ ਸ਼ਰਬਤੀ ਰੰਗ ਦੀ ਸੂਰਜਮੁਖੀ ਦੇ ਫੁੱਲ ਵਰਗੀ ਰੱਖੜੀ ਬੰਨ੍ਹੀ ਸੀ ਜਦ ਉਹ ਦੋ ਤੁੰਮਿਆਂ ਵਿਚਾਲੇ ਚਾਹ ਨੂੰ ਫੈਂਟਦਾ ਉਸਦੀ ਰੱਖੜੀ 'ਚੋਂ ਝਲਕਾਂ ਪੈਂਦੀਆਂ।

ਅਚਾਨਕ ਹੀ ਮੁਨਿੰਦਰ ਦੇ ਮਨ ਰੂਪੀ ਗਧੂਈ ਖਿਆਲਾਂ ਰੂਪੀ ਧਾਗੇ ਨਾਲ ਗੁਰਮੀਤੋ ਭੈਣ ਦੇ ਪਿਆਰ ਭਰੇ ਫੁੱਲਾਂ ਰੂਪੀ ਮਜਬੂਰਨ ਵਾਅਕ ਨੂੰ ਆਮ ਫ਼ਿਜ਼ਾ ਵਿਚੋਂ ਢੂੰਡ ਲੈਂਦੀ ਅਤੇ ਯਾਦਾਂ ਦੀਆਂ ਲੜੀਆਂ ਪਰੋਣ ਡਹਿ ਜਾਂਦੀ ਤੇ ਉਹ ਬੇਧਿਆਨੇ ਹੀ ਆਪਣੇ ਖੱਬੇ ਗੁੱਟ ਤੇ ਫੂਕਾਂ ਮਾਰਨ ਲੱਗ ਪੈਂਦਾ ਜਿਵੇਂ ਕਿ ਕੀੜੀਆਂ ਚੜ੍ਹ ਗਈਆਂ ਹੋਣ ਅਤੇ ਕਫ਼ ਦਾ ਬਟਨ ਖੋਹਲਕੇ ਫੇਰ ਬੰਦ ਕਰ ਲੈਂਦਾ।

ਬਸ ਵਿਚ ਬੈਠਾ ਉਹ ਬੇਚੈਨੀ ਅਨੁਭਵ ਕਰ ਰਿਹਾ ਸੀ ਤੇ ਖਾਲੀ ਪਈ ਸੀਟ ਉਤੇ ਜਿਸ ਤੇ ਕਿ ਇਕ ਛੱਤਰੀ ਤੇ ਬੈਂਤ ਦੀਆਂ ਤਾਰਾਂ ਦਾ ਬੈਗ ਪਿਆ ਸੀ, ਦੜ ਗਿਆ।

ਬਸ ਹਾਲੀਂ ਖੜੀ ਸੀ।

ਜਾਪਦਾ ਸੀ ਕੁੜੀ ਆਪਣੇ ਕੰਮ ਵਿਚ ਸਿਰ ਤੋਂ ਪੈਰਾ ਤੀਕ ਰੁੱਝੀ ਹੋਈ ਸੀ। ਉਹ ਬਾਰ ਬਾਰ ਪੈੱਨ ਨੂੰ ਝਟਕਾ ਦੇ ਕੇ ਕਾਹਲੀ ਕਾਹਲੀ ਕੁਝ ਲਿਖ ਰਹੀ ਸੀ ਤੇ ਅਖੀਰ ਇਕ ਝਟਕੇ ਤੋਂ ਬਾਅਦ ਉਸਦਾ ਪੈੱਨ ਜਵਾਬ ਦੇ ਹੀ ਗਿਆ।

ਪੋਲੇ ਪੋਲੇ ਸਪੰਜ 'ਤੇ ਬੈਠਿਆਂ ਵੀ ਜਿਵੇਂ ਮੁਨਿੰਦਰ ਦੇ ਸੂਈਆਂ ਚੁੱਭ ਰਹੀਆਂ ਸਨ — ਉਹ ਸੀਟ ਉਤੇ ਮਰੋੜਾ ਮਾਰ ਰਿਹਾ ਸੀ ਤੇ ਮੂੰਹ ਇੰਜ ਕਸੀਸ ਜਿਹੀ ਵੱਟ ਕੇ ਵਿੰਗਾ ਬਣਾ ਲੈਂਦਾ ਜਿਵੇਂ ਕਿ ਸਿਰ ਪੀੜ ਪੁੜਪੁੜੀ ਪਾਟਦੀ ਜਾਂਦੀ ਹੋਵੇ।

'ਵੀਰੇ ਪੈੱਨ ਹੈਗਾ ?'

ਉਸ ਮਟਕੋ ਜਿਹੀ ਕੁੜੀ ਨੇ ਮੁਨਿੰਦਰ ਵਲ ਇੰਜ ਮੁਖ਼ਾਤਿਬ ਹੋ ਕੇ ਪੁਛਿਆ ਜਿਵੇਂ ਇਕੋ ਝਟਕੇ ਨਾਲ ਕਿਸੇ ਅੰਞਾਣੇ ਤੋਂ ਚਲਾਕ ਕਾਂਗੜੀ ਰੋਟੀ ਖੋਹ ਲਵੇ।

'ਹੈਗਾ !' ਤੇ ਮੁਨਿੰਦਰ ਨੇ 'ਕਲਿੱਕ' ਕਰ ਕੇ ਲਾਹ ਫੜਾਇਆ।

ਉਹ ਇਕ ਰਸਾਲਾ ਕੱਢ ਕੇ ਪੜ੍ਹਨ ਲੱਗਾ।

'ਸੀਟ-ਵੇਕੈਂਟ ਐ—ਸਰਦਾਰ ਸਾਹਬ ?'

ਪਿਛੋਂ ਇਕ ਬਾਬੂ ਨੇ ਕਿਹਾ। ਮੁਨਿੰਦਰ ਦੀ ਨਿਗਾਹ ਬਾਬੂ ਦੇ ਉਸ ਹੱਥ ਵਾਲੇ ਗੁੱਟ ਵਲ ਭਜੀ ਜਿਸਦੀ ਲੰਬੀ ਉਂਗਲ ਅਜੇ ਵੀ ਉਸ ਦੇ ਮੋਢੇ ਨੂੰ ਛੂਹ ਰਹੀ ਸੀ। ਟੂਲੀ ਰੰਗ ਦੇ ਝੰਮ ਝੰਮ ਕਰਦੇ ਸਿਤਾਰਿਆਂ ਦੇ ਵਿਚਕਾਰ ਇਕ ਤਿੰਨ ਸ਼ੇਰਾਂ ਦੀ ਸਲੇਟੀ ਮੂਰਤ ਰੱਖੜੀ ਦੀ ਠੁਕ ਬੰਨ੍ਹ ਰਹੀ ਸੀ।

ਬਿਨਾਂ ਬੋਲੇ ਹੀ ਮੁਨਿੰਦਰ ਨੇ ਕੁੜੀ ਵਲ ਖਿਸਕ ਕੇ ਥਾਂ ਖਾਲੀ ਕਰ ਦਿਤੀ। ਉਸ ਨੇ ਇਕ ਹੱਡ-ਤੋੜਵੀਂ ਉਬਾਸੀ ਲਈ ਤੇ ਰਸਾਲੇ ਨੂੰ ਮੋੜ ਕੇ ਬੈਗ ਵਿਚ ਡੱਕ ਦਿਤਾ।

ਕੁੜੀ ਦੀ ਕਾਪੀ 'ਤੇ ਸਿਰਲੇਖ ਸੀ 'ਬੇਰੋਜ਼ਗਾਰੀ ਸਮਸਿਆ'—ਤੇ ਉਹ ਵਾਹੋਦਾਹੀ ਲਿਖ ਰਹੀ ਸੀ ਸ਼ਾਇਦ ਸਕੂਲ ਦਾ ਕੰਮ ਰਸਤੇ 'ਚ ਹੀ ਨਿਬੇੜਨਾ ਚਾਹੁੰਦੀ ਹੋਵੇ।

ਬੱਸ ਚੱਲ ਚੁੱਕੀ ਸੀ। ਬਾਹਰ ਸੂਰਜ ਦੇ ਵਿਯੋਗ 'ਚ ਹਨੇਰੇ ਦੀ ਸਾਂਵਲੀ ਚਾਦਰ ਓਢ ਕੇ ਧਰਤੀ ਸੋਗ ਜ਼ਾਹਿਰ ਕਰਨ ਲਗ ਪਈ ਸੀ ਅਤੇ ਕਿਸੇ ਮਦਰਾਸਣ ਦੀਆਂ ਅੱਖਾਂ ਦੇ ਰੰਗ ਵਰਗਾ ਹਨੇਰਾ ਸ਼ੀਸ਼ਿਆਂ ਥਾਣੀਂ ਬਸ ਦੇ ਅੰਦਰ ਵੀ ਘੁਸ ਬੈਠਾ ਸੀ।

ਕੁੜੀ ਨੇ ਕਾਪੀ ਠੱਪ ਕੇ ਪੈੱਨ ਮੋੜ ਦਿਤਾ।

'ਤੂੰ ਏਥੇ ਪੜ੍ਹਨ ਆਂਦੀ ਹੁੰਨੀ ਐਂ ?' ਪੈੱਨ ਫੜਦੇ ਹੋਏ ਮੁਨਿੰਦਰ ਪੁੱਛ ਹੀ ਬੈਠਾ।

'ਹਾਂ ਵੀਰੇ—ਭੂਆ ਜੀ ਕੋਲ ਹੀ ਪੜ੍ਹਨੀਆਂ— ਤੜਕੇ ਇਕ ਟੈਸਟ ਸੀਗਾ—ਅੱਜ ਰੱਖੜੀ ਸੀਗੀ— ਵੀਰ ਜੀ ਨੂੰ ਵੀ ਪਿੰਡ ਮਿਲਣ ਲਈ ਕਿੰਨੀ ਲੇਟ ਹੋ ਗਈ।' ਤੇ ਇਹ ਕਹਿ ਕੇ ਕੁੜੀ ਚੁੱਪ ਵਟ ਗਈ।

ਬਸ ਅੰਦਰ ਹਰੀਆਂ ਬੱਤੀਆਂ ਬਲ ਪਈਆਂ ਸਨ। ਕੁੜੀ ਦਾ ਬੈਂਤ ਦੀਆਂ ਤਾਰਾਂ ਨਾਲ ਬੁਣਿਆ ਬੈਗ ਹਰੀ ਰੋਸ਼ਨੀ ਵਿਚ ਇੰਜ ਚਮਕ ਰਿਹਾ ਸੀ ਜਿਵੇਂ

ਟਟਹਿਣੇ ਰਾਤ ਦੇ ਹਨੇਰੇ ਵਿਚ ਕਤਾਰਾਂ ਬੰਨ੍ਹੀਂ ਪਰੇਡ ਕਰ ਰਹੇ ਹੋਣ । ਕੁੜੀ ਨੇ ਕਾਗਜ਼ ਦੇ ਲਿਫ਼ਾਫ਼ੇ ਦਾ ਮੂੰਹ ਖੋਹਲ ਕੇ ਨਿਗਾਹ ਨੂੰ ਤਸੱਲੀ ਹੋਣ ਲਈ ਝਾਤੀ ਮਾਰੀ ।

ਰੱਖੜੀ ਦੀਆਂ ਤਾਰਾਂ ਦਾ ਲਿਸ਼ਕਾਰਾ ਕੁੜੀ ਦੀਆਂ ਬਦਾਮੀ ਗੱਲ੍ਹਾਂ ਉਤੇ ਹਰੀ ਰੋਸ਼ਨੀ ਦੇ ਰੂਪ ਵਿਚ ਪੈ ਰਿਹਾ ਸੀ ।

ਜਿੰਨਾ ਚਿਰ ਉਹ ਆਪਣੇ ਪੜਾਅ ਤੇ ਆ ਕੇ ਉੱਤਰੀ ਨਹੀਂ — ਮੁਨਿੰਦਰ ਦੀ ਕਫ਼ ਦਾ ਬਟਨ ਕਈ ਵਾਰੀ ਖੁਲ੍ਹਿਆ ਸੀ ਤੇ ਹਰ ਵਾਰ ਕੋਸਾ ਜਿਹਾ ਸਾਹ ਲੈ ਕੇ ਹੀ ਰਹਿ ਜਾਂਦਾ ਸੀ ।

ਗਾੜ੍ਹੀ ਲੱਸੀ ਵਰਗੇ ਸੰਘਣੇ ਹਨੇਰੇ ਵਿਚ ਕੁਝ ਹੋਰ ਮੀਲਾਂ ਦਾ ਪੈਂਡਾ ਮਾਰ ਕੇ ਮੁਨਿੰਦਰ ਦਾ ਪਿੰਡ ਆ ਗਿਆ ।

ਤੇ ਫਿਰ ਕੱਚੀ ਸੜਕ ਕਿਤੇ ਕਿਤੇ ਪੈਰਾਂ ਨਾਲ ਘਿਸਰ ਕੇ ਮਗਰ ਨੂੰ ਨਿਕਲ ਰਹੀ ਸੀ ।

ਪਤਾ ਨਹੀਂ ਕਿਵੇਂ ਫ਼ਿਜ਼ਾ 'ਚੋਂ ਉਸਨੂੰ ਗੁਰਮੀਤੋ ਦੇ ਪੁਰਾਣੇ ਅਰਮਾਨ ਟੱਕਰ ਪਏ—

'ਵੀਰੇ ! ਹੁਣ ਤਾਂ ਇਕ ਵਧੀਆ ਜੀ ਘੜੀ ਲੈ ਲੈ ?' ਉਹ ਕਹਿੰਦੀ ਹੁੰਦੀ ਸੀ ਜਦੋਂ ਹੋਰਨਾਂ ਮੁੰਡਿਆਂ ਦੇ ਉਹ ਘੜੀਆਂ ਬੰਨ੍ਹੀਂ ਵੇਖਦੀ ਹੁੰਦੀ ਸੀ । 'ਮੀਤੋ ! ਤੂੰ ਵੀ ਐਨ ਐਂ—ਮੇਰੇ ਸੁੱਕੇ ਜੇ ਪੌਂਚੇ 'ਤੇ ਘੜੀ ਦਾ ਫ਼ੀਤਾ ਖੜ੍ਹਦਾ ਈ ਨੀ ।' ਤੇ ਉਹ ਆਪਣਾ ਗੁੱਟ ਹੋਰ ਮਾੜਚੂ ਜਿਹਾ ਬਣਾ ਲੈਂਦਾ ਸੀ ।

ਭੈਣ ਮੁਸਕ੍ਰਾ ਛੱਡਦੀ ਸੀ ।

ਪਰ ਅੱਜ ਪਤਾ ਨਹੀਂ ਕਿਉਂ ਉਸ ਨੂੰ ਆਪਣਾ ਸੁੱਕਿਆ ਜਿਹਾ ਪੌਂਚਾ ਨਿਧਾਨੇ ਦਖਣੀਏਂ ਪਹਿਲਵਾਨ ਦੇ ਗੁੱਟ ਵਰਗਾ ਮਹਿਸੂਸ ਹੋ ਰਿਹਾ ਸੀ ।

ਕਿੰਨੀ ਰਾਤ ਗਈ ਤੋਂ ਉਹ ਘਰ ਪਹੁੰਚਿਆ । ਪਹਿਲੇ ਬੋਲ ਨਾਲ ਹੀ ਬੁੱਢੀ ਅੰਬੋ ਨੇ ਉੱਠ ਕੇ ਬੂਹਾ ਖੋਲ੍ਹਿਆ ਜਿਵੇਂ ਕਿ ਉਹ ਪਹਿਲਾਂ ਹੀ ਉਡੀਕ ਰਹੀ ਸੀ ।

ਸੁੰਨਸਾਨ ਵੀਹੀ ਦੇ ਪੌਂ ਖਾਧੇ ਜਿਹੇ ਕਤੂਰੇ ਘੁਰੜ ਘੁਰੜ ਕਰ ਕੇ ਇਕ ਦੋ ਵਾਰੀ ਟੌਂਕਰੇ । ਦੂਰ ਕਿਤੋਂ ਹੋਰ ਅਵਾਰਾ ਕੁਤਿਆਂ ਦੇ ਰੋਣ ਦੀ ਡੂੰਘੇਰੀ ਹੂਕ ਸੁਣਾਈ ਦੇ ਰਹੀ ਸੀ ।

ਗੁਰਮੀਤੋ— ਵੀਰੇ ਨੂੰ ਉਡੀਕਦੀ ਉਡੀਕਦੀ ਥੱਕ ਕੇ ਐਂਡੀ ਜਿਹੀ ਮੰਜੀ ਉਤੇ ਇੰਜ ਨਿੱਕੇ ਨਿੱਕੇ ਘੁਰਾੜੇ ਛੱਡ ਰਹੀ ਸੀ ਜਿਵੇਂ ਕੋਈ ਦੁਖਿਆਰਨ — ਬੇੜੀ ਨੂੰ ਉਡੀਕਦੀ ਉਡੀਕਦੀ ਦਰਿਆ ਦੇ ਕੰਢੇ 'ਤੇ ਹੀ ਨੀਂਦਵਸ ਹੋ ਗਈ ਹੋਵੇ ।

ਪੋਲੇ ਪੋਲੇ ਫੋਮ ਵਾਲੀ — ਭੂਸਲੀ ਜਿਹੀ ਰੱਖੜੀ ਅਜੇ ਵੀ ਗੁਰਮੀਤੋ ਦੀ ਮਲੂਕ ਮੁੱਠ ਵਿਚ ਘੁੱਟੀ ਪਈ ਸੀ ।

O

# ਬਰੂਦੀ ਸੰਦੇਸ਼

—ਬਖਸ਼ਿੰਦਰ

ਫਲੋਰੀਡਾ (ਅਮਰੀਕਾ) ਦੀ ਇਕ ਕੁੜੀ ਨੇ ਵੀਅਤਨਾਮ ਉਪਰ ਹੋ ਰਹੇ ਜ਼ੁਲਮ ਵਿਰੁਧ ਆਵਾਜ਼ ਉਠਾਈ ਤਾਂ ਉਹਨੂੰ ਨੰਗੀ ਕਰ ਕੇ ਬਜ਼ਾਰਾਂ ਵਿਚ ਧੂਹਿਆ ਗਿਆ — ਹੋਰ ਅੰਜੇਲਾ ਡੇਵਿਸ ਨੇ ਵਾਈਟ ਹਾਊਸ ਵਿਚ ਨਿਕਸਨ ਅੱਗੇ ਨਾਚ ਕਰਨ ਲੱਗੀ ਤੇ ਬਲਾਊਜ਼ ਵਿਚੋਂ ਵੀਅਤਨਾਮ ਦਾ ਝੰਡਾ ਸੁਟਿਆ ਸੀ, ਜਿਸ ਕਰ ਕੇ ਜੇਹਲ ਵਿਚ ਰਹੀ । —ਲੇਖਕ

ਵੀਅਤਨਾਮ, ਬੰਗਲਾ ਦੇਸ਼
ਜਾਂ ਕਿਸੇ ਹੋਰ ਦੇਸ਼ ਵਿਚ
ਜਦ 'ਡੰਡੇ ਤੇ ਫੌਲਾਦੀ ਟੋਪ' ਦਾ ਵਿਰੋਧੀ,
ਕੋਈ ਹਠੀਲਾ ਕਾਰਵਾਂ ਚੱਲਦਾ ਹੈ ।

ਤਾਂ ਹਰ ਮੁਲਕ ਦੀ ਨਾੜ ਨਾੜ ਵਿਚ,
ਉਹਦਾ ਸੁਰਖ ਲਹੂ ਜਾ ਰਲਦਾ ਹੈ ।
'ਫਲੋਰੀਡਾ' ਦੀ ਕੋਈ ਮੁਟਿਆਰ—
ਜੇ 'ਡੰਡੇ' ਨੂੰ ਫੜਨ ਲਈ ਹਥ ਉਲਾਰ ਦੇਂਦੀ ਹੈ,
ਤਾਂ ਦੁਨੀਆਂ ਦੀ ਵਡੀ 'ਫੌਲਾਦੀ ਟੋਪੀ'—
ਉਸ ਮਾਸੂਮ ਜਵਾਨੀ ਦਾ ਲਿਬਾਸ,
ਭਰੇ ਬਜ਼ਾਰ ਵਿਚ ਪਾੜ ਦੇਂਦੀ ਹੈ ।
ਜਦ 'ਰਾਕੀ ਹਾਲ' ਦੀ ਤਾਰੀਖ ਦਾ ਪੰਨਾ—
ਸੈਗੌਨ ਦੀ ਜਿਲਦ ਵਿਚ ਜੁੜਨ ਲੱਗਦਾ ਹੈ,
ਤਾਂ ਝੁਲਸੇ ਵਾਲਾਂ ਵਾਲਾ ਵੀਰਾਨ ਚਿਹਰਾ
'ਵਾਈਟ ਹਾਊਸ ਵਿਚ—
'ਅੰਜੇਲਾ ਡੇਵਿਸ' ਦੇ ਨਿਰਤ ਨੂੰ
ਯਾਦ ਕਰਦਾ ਹੈ ।

ਫਿਰ ਉਹ ਧੂੜ ਲਿੱਪਿਆ ਝੁਲਸਿਆ ਚਿਹਰਾ
ਲੰਕਾ ਤੋਂ ਕੰਬੋਡੀਆ ਤੋਂ
ਇਕ ਹਵਾ ਦੇ ਬੁੱਲੇ ਸੰਗ ਆਇਆ
ਕੁੱਲ ਵੀਰਾਨੇ ਚਿਹਰਿਆਂ ਦਾ
ਬਰੂਦੀ ਸੰਦੇਸ਼ ਪੜ੍ਹਦਾ ਹੈ।
ਤਾਂ ਫਿਰ ਟੁੱਟੀਆਂ ਚੂੜੀਆਂ ਵਾਲਾ
ਕੋਈ ਹੱਥ
ਅਚਾਨਕ ਰਾਈਫ਼ਲ ਤੇ ਸੰਗੀਨ ਫੜਦਾ ਹੈ।
ਉਸੇ ਪਲ ਹੀ
'ਡੰਡੇ' ਨੂੰ ਘੁੱਣ ਖਾਣ ਲੱਗਦਾ ਹੈ,
'ਟੋਪ' ਨੂੰ ਜੰਗਾਲ ਲੱਗਦਾ ਹੈ।

O

## ਬਾਡਰ

—ਪਾਸ਼

ਹੁਣ ਭਰ ਜਾਣਗੇ ਧੂੜ ਨਾਲ ਕਸਬਿਆਂ ਦੇ ਸਿਰ
ਫਿਰਨਗੇ ਟਰੱਕ ਬੀ.ਐਸ.ਐਫ. ਦੇ
ਪਲੀਆਂ ਹੋਈਆਂ ਜੂੰਆਂ ਦੇ ਵਾਂਗ
ਅਤਕੀਂ ਨਹੀਂ ਆਵੇਗੀ
ਸਤਵਰਗ ਦੇ ਫੁੱਲਾਂ ਤੇ ਖਿੜਨ ਦੀ ਰੁੱਤ
ਮਿੱਧਿਆ ਘਾਹ ਤੜਫੇਗਾ
ਕਾਲਜਾਂ ਦੇ ਵੇਹੜਿਆਂ ਵਿਚ
ਰਾਤ ਦਿਨ ਪੌਣਾਂ ਭਰਿਸ਼ਟ ਕਰੇਗੀ
ਥਾਣੇ 'ਚ ਲੱਗੀ ਵਾਇਰਲੈੱਸ।
ਦਰ ਅਸਲ
ਏਥੇ ਹਰ ਥਾਂ ਤੇ ਇਕ ਬਾਡਰ ਹੈ
ਜਿਥੇ ਸਾਡੇ ਹੱਕ ਖਤਮ ਹੁੰਦੇ ਹਨ,
ਪਤਵੰਤੇ ਲੋਕਾਂ ਦੇ ਸ਼ੁਰੂ ਹੁੰਦੇ ਹਨ।
ਅਤੇ ਅਸੀਂ ਹਰ ਤਰ੍ਹਾਂ ਅਜ਼ਾਦ ਹਾਂ ਇਸ ਪਾਰ
ਗਾਹਲਾਂ ਕੱਢਣ ਲਈ
ਚੋਣਾਂ ਤਕ ਲੜਨ ਲਈ।
ਸਤਵਰਗਾਂ ਦੀ ਮੁਸਕਾਣ ਚੁੰਮਣ ਤੇ
ਕੋਈ ਬੰਦਸ਼ ਨਹੀਂ ਇਸ ਪਾਰ,
ਤੇ ਅੱਗੇ ਹੈ—
ਕਸਬਿਆਂ ਵਿਚ ਉਡਦੀ ਹੋਈ ਧੂੜ
ਪੱਲੀਆਂ ਹੋਈਆਂ
ਜੂੰਆਂ ਵਾਂਗ ਰੀਂਗਦੇ ਬੀ.ਐਸ.ਐਫ. ਦੇ ਟਰੱਕ......।

O

## ਹੂੰਝਾ

-ਸਿੱਧੂ ਦਮਦਮੀ

ਗੁਲਸ਼ਨ ਵਿਚ ਉੱਗੇ ਝਾੜ ਬੂਟੇ
ਕੂੜਾ ਕਰਕਟ ਨੂੰ
ਸਾਫ਼ ਕਰਨ ਲਈ
ਕਿਸੇ ਬਦੇਸ਼ੀ ਮਸ਼ੀਨ
ਜਾਂ ਕਿਸੇ ਸਭਿਅਕ (?) ਸਫ਼ਾਈ ਤਰੀਕੇ ਨੂੰ
ਦਰਾਮਦ ਕਰਨ ਦੀ ਲੋੜ ਨਹੀਂ
ਦੁਖਤ:
ਜਿਨ੍ਹਾਂ ਦੇ ਸੀਨੇ ਵਿਚ ਦਾਵਾਨਲ ਦਬਕੀ ਬੈਠੀ ਹੈ;
ਇਸ ਦਾ ਇਲਾਜ ਆਪ ਕਰਨਗੇ,
ਸਿਰਫ 'ਇਸ' ਰੁਮਕੀ ਹੋਈ ਹਵਾ ਨੂੰ
ਤਿੱਖੇ ਹੱਥ ਮਾਰਨ ਦੀ ਲੋੜ ਹੈ ... ... ।

O

## ਵਿਦਰੋਹ/ਬਚਨਜੀਤ

ਕਦੀ ਤਾਂ ਸੂਰਜ ਰੁੜੀਆਂ ਓਟੇਂ
ਸੂਹੇ ਸੂਹੇ ਚੜ ਪੈਂਦੇ ਨੇ,
ਜਿਉਂ ਕੱਲਰਾਂ ਵਿਚ ਪੁੰਗਰ ਪੈਂਦੇ
ਦੱਭ ਸਰਕੜੇ ਕਾਹੀਆਂ।

O

## "ਇੰਨਕਲਾਬ"

—ਅਜੈ ਕੁਮਾਰ

ਉੱਫ਼ ਭਿਆਨਕ, ਸੁਨਸਾਨ ਰਾਤ
ਹਨੇਰਾ ਹੈ ਚਾਰੋਂ ਤਰਫ਼।
ਇਹ ਖਾਮੋਸ਼ੀ, ਚੁਪ ਚਾਪ, ਕਾਇਨਾਤ
ਜਾਲਾਂ ਦੀ ਹੈ ਤਾਣੀ ਚਾਰੋਂ ਤਰਫ਼।
ਔਹ ਬੇਬਸ ਇਨਸਾਨ ਦੇ ਹੰਝੂਆਂ ਦੀ ਲਾਸ਼
ਤੇ ਦਰਦਨਾਕ ਚੀਕਾਂ ਦਾ ਕਫਨ
ਔਹ ਲੁੱਟੀ ਇਜ਼ਤ ਇਕ ਮਸੂਮ ਦੀ
ਬੇਰਹਮ ਸਮੇਂ ਦੇ ਵਧਦੇ ਹੋਏ ਹੱਥੋਂ।
ਜਿਉਂ ਸਾਹਮਣੇਂ ਪੁਕਾਰਦੀ ਹੋਵੇ
ਚੀਖਦੀ ਲਲਕਾਰਦੀ ਹੋਵੇ
ਜ਼ਮਾਨੇ ਦੇ ਖ਼ੁਦਾ ਨੂੰ
ਇਨਸਾਨਾਂ ਦੇ ਖ਼ੁਦਾ ਨੂੰ
ਕਿ ਕਦੀ ਇੰਨਕਲਾਬ ਆਏਗਾ।

O

# ਇਕ ਅੰਨ੍ਹਾ-ਗੂੰਗਾ-ਬੋਲਾ ਸ਼ਾਇਰ

—ਰਸ਼ਿਮ

ਸ਼ੀਸ਼ੇ ਦੀ ਇਕ ਚਾਰ-ਦਿਵਾਰੀ ਵਿਚ,
ਮੈਂ ਖ਼ੁਦ ਨੂੰ ਕੈਦ ਕਰ ਲਿਆ
ਸਭ ਵਿਚ ਰਹਿ ਕੇ ਵੀ ਸਭ ਕੋਲੋਂ
ਪਰੇ ਪਰੇ ਹਾਂ ।
ਘਰ ਤੋਂ ਬਾਹਿਰ ਚੁਫੇਰੇ ਲੋਕੀਂ
ਜ਼ਿਬ੍ਹਾ ਹੋ ਰਹੇ, ਮਸਲੇ ਜਾ ਰਹੇ
ਲੱਖਾਂ ਸਿਰ ਸੰਗ-ਸਾਰ ਹੋ ਰਹੇ
ਤਲਵਾਰਾਂ ਦੀ ਖੜਕ ਵੀ ਸੁਣ ਰਹੀ
ਚੀਖ਼ਾਂ ਨਾਰ੍ਹੇ ਗੂੰਜ ਰਹੇ ਹਨ
ਪਰ ਮੈਂ ਚੁੱਪ ਹਾਂ
ਸਭ ਕੁਝ ਤੱਕਦਾ
ਨਾ ਹਮਦਰਦੀ ਦਾ ਇਕ ਅੱਖਰ
ਨਾ ਰੋਹ ਭਰਿਆ ਨਗਮਾਂ ਕੋਈ
ਖ਼ਾਮੋਸ਼ੀ ਦਾ ਕਾਲਾ ਪਰਦਾ
ਕੰਧਾਂ ਉਤੇ ਤਾਣ ਲਿਆ ਏ
ਜੀਭ ਮੇਰੀ ਤਾਲੂ ਨਾਲ ਚਿਪਕੀ,
ਕੰਨ੍ਹਾਂ ਵਿਚ ਮੈਂ ਉਂਗਲਾਂ ਦਿਤੀਆਂ
ਭੌਰ ਭੌਰਾ ਹੈਰਾਨ ਖੜਾ ਹਾਂ
ਸ਼ੀਸ਼-ਮਹੱਲ ਵਲ ਬਿਟ ਬਿਟ ਤੱਕਦਾ
ਮੱਤ ਕੋਈ ਪੱਥਰ ਸਜ਼ਾ ਦੇਣ ਲਈ
ਮੇਰੇ ਘਰ ਤੇ ਹੀ ਆਉਂਦਾ ਹੋਵੇ ।

O

# "ਵਲਵਲੇ"

—ਜਸਵੰਤ ਖਟਕੜ

ਦਿਲ ਦੇ ਅੰਦਰ ਕੁਝ ਵਲਵਲੇ
ਜੋ ਸਾਗਰ ਦੀਆਂ ਛੱਲਾਂ ਵਾਂਗਰ
ਚੜ੍ਹਦੇ ਰਹਿੰਦੇ ਲਹਿੰਦੇ ਰਹਿੰਦੇ
ਇਕ ਘੜੀ ਵਿਚ ਲਖ ਹਜ਼ਾਰਾਂ ਸੈਂਕੜੇ ਵਾਰਾਂ ।
ਅੱਖਾਂ ਦੇ ਵਿਚ ਲਾਲੀ ਆਉਂਦੀ
ਡੌਲਿਆਂ ਅੰਦਰ ਖ਼ੂਨ ਫਰਕਦਾ
ਮੱਲੋ ਮੱਲੀ ਮੁੱਕੇ ਤਣਦੇ
ਦਿਲ 'ਚੋਂ ਇਕ ਧੂਹ ਜੇਹੀ ਉੱਠਦੀ
ਆਪਣੇ ਆਪ ਤੇ ਗੁੱਸਾ ਆਉਂਦਾ
ਕਿ ਮੈਂ ਹਾਂ ਇਕ ਬੁਜ਼ਦਿਲ ਬੰਦਾ
ਜੋ ਪੌਣਾਂ ਸੰਗ ਚੱਲ ਨਹੀਂ ਸਕਦਾ
ਦਿਲ ਕਰਦਾ ਹੈ
ਜੰਗਲੇ ਸੀਖਾਂ ਤੋੜ ਦਿਆਂ ਸਭ
ਹਥਾਂ ਨਾਲ ਮਰੋੜ ਦਿਆਂ ਸਭ
ਤੇ ਮੁੜ ਪੌਣਾਂ ਦੇ ਸੰਗ
ਸਫਰ ਕਰਾਂ ਮੈਂ ।

O

# ਮਾਇਆ ਜਾਲ

—ਦਲਜੀਤ

ਨੇਤਾ ਜੀ !
ਇਹ ਕੇਹਾ ਮਾਇਆ ਜਾਲ ?
ਥਾਂ ਥਾਂ ਤਾਲਾਬੰਦੀ ਜਾਂ ਹੈ ਹੜਤਾਲ
ਕਿਤੇ ਡਰ ਭਿਆਨਕ ਕਾਲ ਦਾ ਹੈ
ਕਿਤੇ ਹੈ ਸਚ ਮੁਚ ਦਾ ਕਾਲ
ਕੀਮਤਾਂ ਨਿੱਤ ਨਵੀਆਂ ਸਿਖਰਾਂ ਛੁਹਣ ਪਈਆਂ
ਤਦ ਵੀ ਲਭਦਾ ਨਹੀਂ ਕਿਤੇ ਸ਼ੁੱਧ ਮਾਲ
ਨੌਕਰੀਆਂ ਵਾਲੇ ਦੁਹੱਥੜ ਪਏ ਪਿੱਟਣ
ਕਰੋੜਾਂ ਬੇਰੁਜ਼ਗਾਰਾਂ ਦਾ ਕੀਹ ਹਾਲ ?
ਡਾਕੂ ਸਾਧਾਂ ਦੇ ਭੇਸ ਵਿਚ ਪਏ ਲੁੱਟਣ
ਅਣਡਿੱਠ ਕਰਨ ਡਾਕੇ, ਫਿੱਟੇ ਦਲਾਲ
ਨਾਅਰਿਆਂ ਨਾਲ ਰੱਜੇ ਹੋਏ ਢਿੱਡ ਭੁੱਖੇ
ਫਿਕਰਾਂ ਵਿਚ-ਬਹੇ ਟੁੱਕਰ ਦੀ ਭਾਲ
ਏਹਾ ਕੇਹਾ ਸਮਾਜਵਾਦ ? ਨੇਤਾ ਜੀ !
ਕੌਣ ਕਰੂ ਇਸਦੀ ਪੜਤਾਲ ?

O

# "ਚੁੱਪ"

—ਪ੍ਰੇਮ ਸਾਹਿਲ

ਮੇਰੇ ਅੰਤਰੀਵ ਤੇ
ਜ਼ਖਮਾਂ ਦੀ ਅੱਤ ਹੋ ਗਈ
ਦਰਦ ਹਾਏ ਦਰਦ
ਔਖੀ ਚੁੱਪ ਸਹਿਣੀ ਹੋ ਗਈ
ਖਬਰ ਹੈ-ਗੋਲਾ ਅੱਗ ਦਾ
ਅੰਦਰ ਮੇਰੇ ਅੱਜ ਵੜ ਗਿਆ
ਮੇਰੀ ਨਿਤਾਣੀ ਤੇ ਨਿਮਾਣੀ ਚੁੱਪ ਦਾ
ਭੋਲਾ ਪਿਆ, ਹਰ ਅੰਗ ਹੀ
ਅੱਜ ਸੜ ਗਿਆ !
ਚੁੱਪ ! ਜੋ ਚੁੱਪ ਹੀ ਬਣਕੇ ਰਹੀ

ਕੀ ਪਤਾ ਸੀ—
ਇਸ ਚੁੱਪ ਦੀ ਵੀ ਜੀਭ ਹੈ ?
ਹਾਂ ਜੀਭ ਹੈ —
ਇਕ ਅੱਗ ਦਾ ਸ਼ੋਅਲਾ
ਜੋ ਸਾੜ ਦੇਵੇਗਾ
ਤਾਰਿਆਂ ਤੇ ਚੰਨ ਦੀ ਇਸ ਮਹਿਕ ਨੂੰ
ਧਰਤੀ ਲਈ—
ਬਸ ਧਰਤ ਦੀ ਪਰਵਾਹ ਲਈ ।
ਸਮੇਂ ਦੀ ਕੈਨਵਸ ਤੇ ਬੈਠੇ ਕਾਤਲੋ !
ਏਸ ਅੱਥਰੀ ਚੁੱਪ ਨੇ
ਕਿਸੇ ਬਿਜੀਅਰ ਤੋਂ ਵੀ
ਹੁਣ ਖੌਫ ਨਹੀਂ ਖਾਣਾ
ਇਸ ਨੂੰ ਵੀ ਹੁਣ ਬੋਲਣ ਦੀ ਜਾਚ ਆ ਗਈ !

O

## ਧਰਤ ਦੇ ਪੁੱਤਰ

—ਅਮਲਤਾਸ਼

A.S. College
Khanna

ਲੋਕ ਕਹਿੰਦੇ ਨੇ :
ਧਰਤੀ ਬਾਂਝ ਨਹੀਂ ਹੁੰਦੀ
ਫ਼ਾਂਸੀ ਵਿਧਵਾ ਨਹੀਂ ਹੁੰਦੀ
ਸੋ ਅਸਾਂ ਧਰਤ ਦੇ ਪੁੱਤਰਾਂ
ਧਰਤ ਮਾਂ ਦੀ ਆਹ ਸੁਣ ਕੇ
ਖਿਜ਼ਰ ਵਿਚ ਬਹਾਰ ਦੀ ਗੱਲ
ਛੇੜ ਲਈ ਹੈ ।
ਤੇ ਵਿਧਵਾ ਫ਼ਾਂਸੀ ਨੂੰ ਵਿਆਹੁਣ
ਸੁ ਸਿਹਰੇ ਬੰਨ੍ਹ ਲਏ ਨੇ ।
ਅਸਾਂ ਮੁੱਛ ਨੂੰ ਵੱਟ ਦੇਣ ਦੀ
ਸਹੁੰ ਚੁੱਕ ਲਈ ਹੈ ।
ਤੇ ਚਿਤੌੜ ਗੜ੍ਹ ਜਿੱਤਣ
ਤੱਕ ਭੁੰਜੇ ਸੌਵਾਂਗੇ
ਅਸਾਂ ਢਿੱਡਾਂ ਨਾਲ ਕਾਠ ਬੰਨ੍ਹ ਕੇ
ਜੀਭ ਉੱਤੇ ਪਾਰਾ ਧਰ ਕੇ
ਬਨ੍ਹਬਾਸ ਨਹੀਂ ਕੱਟਣਾ
ਤੇ ਬਾਹਵਾਂ ਚਾੜ੍ਹ ਲਈਆਂ ਨੇ
ਕੈਰਵਾਂ ਨਾਲ ਯੁੱਧ ਕਰਨ ਲਈ ।
ਕਲਯੁਗ ਨੂੰ ਕਰਵਟ ਦੇਣ ਲਈ
ਅਸਾਂ ਡੰਡੇ ਦੀ ਤਾੜ
ਭਰ ਲਈ ਹੈ ।
ਸਮੇਂ ਦੇ ਹਾਣੀਓ !
ਨਗਾਰੇ ਚੋਟ ਮਾਰ ਕੇ
ਰਚ ਦਿਆਂਗੇ ਕੋਈ ਹੋਰ
"ਮਹਾਂ ਭਾਰਤ" ।

O

## ਮਾਇਆ ਧਾਰੀ ਨਾਗ

—ਕੰਵਲ ਕੋਹਾਲਵੀ

ਮਾਇਆ ਧਾਰੀ ਨਾਗ,
ਅਜੇ ਵੀ
ਪਲ ਪਲ, ਛਿਨ ਛਿਨ
ਰੰਗ ਬਦਲਦਾ
ਰੂਪ ਬਦਲਦਾ
ਢੰਗ ਬਦਲਦਾ
ਕੱਦ ਬਦਲਦਾ—
ਵਾਂਗ ਛਲੇਡੇ........
'ਪਰਮ-ਮਨੁੱਖ' ਬਣ ਜਾਵੇ,
ਵੇਲੇ ਲੋੜ ਦੇ
ਤਰਲੇ ਕੱਢਦਾ
ਹਾੜੇ ਕੱਢਦਾ
ਕਰਦਾ ਕੌਲ ਕਰਾਰ—
ਵੇਲੇ ਲੋੜ ਦੇ ........
ਕਿੰਨਾ ਕੁ ਚਿਰ ਯਾਰੋ
ਚੰਦਰੇ ਨਾਗ ਨੂੰ
ਦੁੱਧ ਪਿਲਾਈ ਜਾਵੋਗੇ—
ਗੱਦੀ ਬਿਠਲਾਈ ਜਾਵੋਗੇ ?
ਕਿ ਸੱਪ ਕਿਸੇ ਦੇ,
ਮਿਤ ਨਹੀਂ ਹੁੰਦੇ—
ਬਣੋ ਨਿਉਲੇ.........

O

## ਮਹੱਤਵ

—ਅਮਰਧੰਤ

ਸਾਗਰ ਦੀ ਅਤਿ ਸੁਹਲ,
ਹਿੱਕੜੀ ਉੱਤੇ,
ਮਚਲਦੀਆਂ ਹੋਈਆਂ,
ਖਰੂਦੀ ਲਹਿਰਾਂ 'ਚ,
ਦੋ ਹੱਥ
ਕਰਦਾ ਹੋਇਆ ਸਾਂਝੀ ਹੀ,
ਜਾਣ ਸਕਦੈ ।
ਕੀ ਹੁੰਦਾ ਮਹੱਤਵ
ਚਾਨਣ ਮੁਨਾਰੇ ਦਾ ।

O

## ਰਵਾਇਤ

—ਵਰਿਆਮ ਮਸਤ

ਇਹ ਵੱਖਰੀ ਗੱਲ ਹੈ—
ਮੈਂ ਕੁਝ ਸਮੇਂ ਲਈ ਨਾ ਬੋਲਾਂ,
ਤੇ ਤੁਸੀਂ ਮੈਨੂੰ
ਗੂੰਗਾ ਆਖ ਦੇਵੋ !
ਪਰ ਇਸਦਾ ਇਹ ਤਾਂ ਮਤਲਬ ਨਹੀਂ
ਜਦੋਂ ਮੈਂ ਕੁਝ ਬੋਲਾਂ
ਤੁਸੀਂ ਮੈਨੂੰ ਅੰਨ੍ਹਾ ਤੇ ਬੋਲਾ ਵੀ ਸਮਝੋ !!

O

## ਦਾਗੀ ਚਿਹਰਾ

—ਵਰਿਆਮ ਮਸਤ

ਦਾਗੀ ਚਿਹਰੇ ਦੀ ਹਕੀਕਤ—
ਉਸ ਵਿਅਕਤੀ
ਤੇ
ਸਮੇਂ ਤੋਂ ਨਹੀਂ ਲੁੱਕਦੀ
ਜੋ ਹਰ ਵਕਤ
ਉਸ ਨਾਲ ਜੀਊਂਦਾ ਹੈ ।

O

## ਡਾਇਰ ਜੀਊਂਦਾ ਹੈ

—ਜੀ. ਸੀ. ਮਲ

ਐ ਇਤਿਹਾਸਕਾਰੋ !
ਹਿੰਦੁਸਤਾਨ ਦਿਓ
ਤੁਸੀਂ ਕਲਮਾਂ ਨੂੰ
ਕਿਉਂ ਜਿੰਦਰੇ ਲਾ ਬੈਠੇ ਹੋ ?
ਕੀ ਹੁਣ ਇਤਿਹਾਸ ਦੇ ਪੰਨੇ
ਖ਼ਤਮ ਹੋ ਗਏ ਨੇ ?
ਜਾਂ ਸਿਆਹੀ ਮੁੱਕ ਗਈ ਏ ?
ਜੇਕਰ ਇੰਝ ਨਹੀਂ
ਤਾਂ ਲਿਖ ਦਿਓ
ਸਾਡੇ ਖ਼ੂਨ ਦੇ ਨਾਲ ਹੀ
ਮੋਗੇ ਦਾ ਖ਼ੂਨੀ ਸਾਕਾ
ਕੋਰੇ ਕਾਗਜ਼ ਦੀ ਨੰਗੀ ਹਿੱਕ ਉਪਰ ।
ਕੀ ਤੁਹਾਨੂੰ ਦੇਸੀ ਤੇ ਅੰਗਰੇਜ਼ੀ
ਡਾਇਰ ਵਿਚ ਫ਼ਰਕ-ਦਿਸਦਾ ਏ ?
ਜੇ ਨਹੀਂ ਤਾਂ ਲਿਖ ਦਿਓ
ਕਿ ਡਾਇਰ ਅਜੇ ਜੀਊਂਦਾ ਹੈ
ਜਿਸ ਨੇ ਜਲ੍ਹਿਆਂ ਵਾਲੇ ਬਾਗ਼
ਦੀ ਯਾਦ ਨੂੰ
ਮੁੜ ਮੋਗੇ ਵਿਚ ਤਾਜ਼ਾ ਕਰ ਦਿਤਾ ਹੈ ।

O

## ਸੂਰਜ

—ਨਰਿੰਦਰ ਪਾਲ

ਮੇਰੇ ਸੂਰਜ ਮੈਨੂੰ ਦੱਸ
ਕਦੀ ਮੇਰੀ ਕੁੱਲੀ ਵਿਚ
ਤੇਰੀ ਰੌਸ਼ਨੀ ਦੀਆਂ ਕਿਰਨਾਂ
ਆਉਣਗੀਆਂ ਵੀ ।
ਕੀ ਫ਼ਰਕ ਹੈ
ਮੇਰੀ ਕੁੱਲੀ ਤੇ ਉਸ ਮਹਿਲ 'ਚ
ਇਕ ਥਾਂ ਪੂਰਨਮਾਸ਼ੀ
ਤੇ ਦੂਸਰੀ ਥਾਂ ਮਸਿਆ ਦੀ ਰਾਤ ।
ਮੈਂ ਜਨਮ ਤੋਂ
ਤੈਨੂੰ ਉਡੀਕ ਰਿਹਾ ਹਾਂ ।
ਤੂੰ ਆਪ ਹੀ ਦੱਸ
ਮੇਰੀ ਉਡੀਕ
ਕਦੋਂ ਖ਼ਤਮ ਹੋਵੇਗੀ ।
ਮੈਨੂੰ ਗ਼ਮ ਨਹੀਂ ਕਿ ਮੈਂ ਤੈਨੂੰ
ਕਈ ਜਨਮਾਂ ਤੋਂ ਉਡੀਕ ਰਿਹਾ
ਤੇਰੀ ਰੌਸ਼ਨੀ ਲਈ ਤਾਂ ਮੈਂ
ਕਈ ਹੋਰ ਜਨਮ ਵੀ ਉਡੀਕ ਸਕਦਾਂ ।
ਤੂੰ ਮੈਨੂੰ ਕਿੰਨੀ ਨਫ਼ਰਤ ਕਰੇਂ
ਕਿੰਨਾਂ ਹੀ ਦੂਰ ਰਹੇਂ
ਆਖ਼ਰ ਇਕ ਦਿਨ
ਮੇਰੀ ਉਡੀਕ ਸਾਹਮਣੇ
ਤੈਨੂੰ ਝੁਕਣਾ ਹੀ ਪਵੇਗਾ ।

O

## ਗੁੱਸਾ

—ਗੁਰ ਪਰਤਾਪ ਧਰਮ ਪੁਰੀਆ

ਇਕ ਵਾਰ
ਘਰ ਦਿਆਂ ਨਾਲ ਲੜ ਕੇ
ਘਰੋਂ ਭਜ ਕੇ
ਕਈ ਦਿਨ ਵਾਪਸ ਨਾ ਆਇਆ

ਜਦ ਘਰ ਦੇ
ਮਿੰਨਤਾ ਕਰ ਕੇ
ਹਾੜੇ ਕੱਢ ਕੇ
ਘਰ ਲੈ ਆਏ
ਤਾਂ ਮੇਰੇ ਪਿੰਡ ਦੀ
ਇਕ ਕੁੜੀ ਨੇ
ਮੈਨੂੰ ਪਿਆਰ ਨਾਲ ਕਿਹਾ ਸੀ
"ਵੀਰਾ ਤੂੰ ਤਾਂ ਬਹੁਤਾ ਹੀ ਗੁੱਸੇ ਵਾਲਾ ਹੈਂ"
ਅੱਜ ਜਦ
ਮੋਗੇ ਵਿਚ ਹੋਏ
ਜ਼ੁਲਮ ਦੀ ਖ਼ਾਤਰ
ਹੜਤਾਲ ਕਰ ਕੇ
ਮੁਜ਼ਾਹਰਾ ਕਰ ਕੇ
ਜ਼ਾਲਮ ਸਰਕਾਰ ਨੂੰ
ਗਾਹਲਾਂ ਕੱਢ ਕੇ
ਜਦ ਮੈਂ ਆਪਣੇ
ਘਰ ਆਇਆ ਤਾਂ
ਮੇਰੇ ਪਿੰਡ ਦੀ
ਉਸ ਕੁੜੀ ਨੇ
ਮੈਨੂੰ ਨਾਲ ਕਿਹਾ ਗੁੱਸੇ
"ਬਸ ਵੀਰਾ ਆਹੀ ਸੀ ਤੇਰਾ ਗੁੱਸਾ"

O

ਮਿੰਨੀ ਰੰਗ ਵਿਚ ਕੁਝ ਕਹਾਣੀਆਂ—

## ਟਿੱਬਾ

—ਸ. ਤਰਸੇਮ

ਠੀਕ ਦੁਪਹਿਰਾ—ਕ੍ਹਾਂ ਅੱਖ ਨਿਕਲਦੀ ਸੀ। ਮਾਸਟਰ ਆਦਰਸ਼, ਪਿੰਡ ਵਾਲੀ ਲਿੰਕ ਰੋਡ ਉਤੇ, ਕਦੇ ਕਦੇ ਰੁਕਦਾ ਸੱਜੇ ਹੱਥ ਦੇ ਅੰਗੂਠੇ ਵਾਲੀ ਉਂਗਲ ਨਾਲ ਮੱਥੇ ਦਾ ਪਸੀਨਾ ਪੂੰਝਦਾ ਤੇ ਫੇਰ ਤੁਰ ਪੈਂਦਾ ਸੀ। ਸੜਕ ਨਵੀਂ ਬਣੀ ਸੀ। ਗਰਮੀ ਨਾਲ ਲੁਕ ਪਿਘਲ ਕੇ ਸ਼ੇਸ਼ ਨਾਗ ਵਾਂਗ ਦਗਦੀ ਸੀ। ਅ ਦਰਸ਼ ਦਾ ਬੂਟ ਲੁਕ ਨਾਲ ਚਿਪ ਗਿਆ ਤੇ ਲੱਤ ਦਾ ਤਕੜਾ ਝਟਕਾ ਵੱਜਣ ਤੇ ਮਸਾਂ ਲਿਹਾ। ਦਰਿਆ ਵਾਂਗ ਵਗੀ ਆ ਰਿਹਾ ਵੱਡੇ ਟਿੱਲੇ ਵਾਲਾ ਸਾਧ ਉਸ ਨਾਲ ਆ ਰਲਿਆ ਸੀ। ਉਸ ਨੇ ਪਹਿਲਾਂ ਆਦਰਸ਼ ਨੂੰ ਹਾਕ ਵੀ ਮਾਰੀ ਸੀ।

ਆਦਰਸ਼ ਨੂੰ ਇਸ ਪਿੰਡ ਵਿਚ ਮਾਸਟਰ ਲੱਗਿਆਂ ਦੂਜਾ ਸਾਲ ਹੋ ਗਿਆ ਸੀ। ਜਦੋਂ ਅਜੇ ਪੜ੍ਹਦਾ ਹੀ ਸੀ ਉਹ ਸੋਚਦਾ—"ਅੱਜ ਕੱਲ ਕੋਈ ਕੰਮ ਕਰਕੇ ਰਾਜ਼ੀ ਨਹੀਂ। ਤਦੇ ਤਾਂ ਲੋਕਾਂ ਦੇ ਦਿਲਾ ਵਿਚ ਮੁਲਾਜ਼ਮਾਂ ਦੀ ਇੱਜ਼ਤ ਖ਼ਤਮ ਹੋ ਗਈ ਹੈ"। ਅਧਿਆਪਕਾਂ ਬਾਰੇ ਤਾਂ ਉਸ ਦਾ ਦ੍ਰਿਸ਼ਟੀ ਕੋਣ ਹੋਰ ਵੀ ਨਿਰਾਸ਼ਾਵਾਦੀ ਸੀ। ਬੀ. ਏ. ਕਰਨ ਪਿਛੋਂ ਉਸ ਨੇ ਬੀ-ਐੱਡ ਕੀਤੀ ਤੇ ਛੇਤੀ ਹੀ ਮੁੱਖ ਅਧਿਆਪਕ ਲੱਗ ਗਿਆ। ਕੰਮ ਕਰਨ ਵਿਚ ਉਸਦਾ ਅਟੁੱਟ ਵਿਸ਼ਵਾਸ ਸੀ। ਸਕੂਲ ਆਉਣਸਾਰ ਕੰਮ ਨੂੰ ਜੁਟ ਜਾਂਦਾ। ਆਪ ਕੰਮ ਕਰਦਾ ਤੇ ਹੋਰਾਂ ਤੋਂ ਕੰਮ ਦੀ ਆਸ ਰੱਖਦਾ।" "ਕੰਮ ਕਰਨ ਵਾਲੇ ਦੇ ਦੁਨੀਆਂ ਮਗਰ ਮਗਰ ਫਿਰਦੀ ਹੈ। ਗੁਰੂਆਂ ਦਾ ਆਦਰ ਮਾਨ ਘਟ ਗਿਆ ਹੈ। ਇਸ ਦੀ ਜ਼ਿੰਮੇਵਾਰੀ ਸਾਡੇ ਉਤੇ ਆਇਦ ਹੁੰਦੀ ਹੈ। ਅਸੀਂ ਸ਼ਰਾਬਾਂ ਪੀਂਦੇ ਹਾਂ। ਸਾਡੇ ਇਖਲਾਕ ਗਿਰ ਚੁੱਕੇ ਹਨ। ਅਸੀਂ ਕੰਮ ਚੋਰ ਹਾਂ। ਦਸਾਂ ਨਹੁੰਆਂ ਦੀ ਕਿਰਤ ਵਿਚ ਸਾਡਾ ਵਿਸ਼ਵਾਸ ਨਹੀਂ ਹੈ। ਅਸੀਂ ਸਮਾਜ ਵਿਚ ਮਾਣ ਹਾਸਲ ਕਰਨਾ ਹੈ ਤਾਂ ਸਾਨੂੰ ਕੰਮ ਕਰਨਾ ਪਵੇਗਾ"----ਇੱਕ ਦਿਨ ਸਟਾਫ ਮੀਟਿੰਗ ਸੱਦ ਕੇ ਉਸ ਨੇ ਭਾਸ਼ਨ ਦਿੱਤਾ ਸੀ। ਕਿਸੇ ਤੇ ਭਾਸ਼ਨ ਦਾ ਅਸਰ ਹੋਇਆ। ਕੋਈ ਡਰਦਾ ਡਰਾਉਂਦਾ ਕੰਮ ਕਰਨ ਲੱਗ ਪਿਆ। ਕੋਈ ਦੇਖਾ-ਦੇਖੀ ਬੁਤਾ ਪੂਰਾ ਕਰਨ ਲੱਗ ਪਿਆ। ਡੇਢ ਸਾਲ ਦੀ ਕਰੜੀ ਮਿਹਨਤ ਪਿਛੋਂ ਸਕੂਲ ਕਿਸੇ ਹੱਦ ਤੱਕ ਸਹੀ ਲੀਹਾਂ ਤੇ ਆ ਗਿਆ ਸੀ। ਨਤੀਜੇ ਸ਼ਾਨਦਾਰ, ਖੇਡਾਂ ਦਾ ਠੀਕ ਪ੍ਰਬੰਧ, ਮਨੋਰੰਜਕ ਕ੍ਰਿਆਵਾਂ ਤਸੱਲੀ ਬਖਸ਼, ਡਿਸਪਲਿਨ ਬਹੁਤੇ ਸਕੂਲਾਂ ਨਾਲੋਂ ਚੰਗਾ, ਸਕੂਲ ਦੀ ਵੱਡੀ ਇਮਾਰਤ ਸਾਹਮਣੇ ਇਕ ਵਧੀਆ ਬਗੀਚਾ---ਇਹ ਹੈਡਮਾਸਟਰ ਦੀਆਂ ਡੇਢ ਸਾਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਸਨ।

ਖੂਹ ਤੇ ਬੈਠੇ ਲੋਕ ਸਕੂਲ ਦੀ ਚਰਚਾ ਛੇੜ ਲੈਂਦੇ, "ਬਈ ਵੱਡਾ ਮਾਸਟਰ ਬੜਾ ਚੰਗੈ। ਸਕੂਲ ਦੀ ਰੂਹ ਬਦਲ ਕੇ ਰੱਖ ਦਿੱਤੀ ਐ। ਮੁੰਡਿਆਂ ਖੁੰਡਿਆਂ ਵਾਲੀ ਉਹ 'ਚ ਕੋਈ ਗੱਲ ਨਹੀਂ।" "ਮੈਂ ਤਾਂ ਪਹਿਲਾ ਕੁੜੀ ਹਟਾ ਲਈ ਸੀ ਸਕੂਲ ਦੇ ਚੱਜ ਵੇਖ ਕੇ ਪਰ ਹੁਣ ਫੇਰ ਲਾਉਣ ਦੀ ਸਲਾਹ ਕੀਤੀ ਐ।" ਸਰਪੰਚ ਦੇ ਚਾਚੇ ਨੇ ਨੰਬਰਦਾਰ ਦੀ ਗੱਲ ਦੀ ਜਿਵੇਂ ਪੁਸ਼ਟੀ ਕਰ ਦਿੱਤੀ। ਪਿੰਡ ਵਿੱਚ ਅਧਿਆਪਕਾਂ ਬਾਰੇ ਲੋਕਾਂ ਦੇ ਵਿਚਾਰ ਬਦਲੇ ਲਗਦੇ ਸਨ। ਅੱਗੇ ਪਿੰਡ ਵਿਚ ਮਾਸਟਰ ਨੂੰ ਕੋਈ ਮਕਾਨ ਨਹੀਂ ਸੀ ਦਿੰਦਾ ਹੁਣ ਕਈ ਵਡੇ ਘਰ ਮਾਸਟਰ ਆਦਰਸ਼ ਨੂੰ ਇਥੇ ਰਹਿਣ ਲਈ ਕਹਿ ਚੁਕੇ ਸਨ ਪਰ

ਮਾਸਟਰ ਆਪਣੇ ਘਰੇਲੂ ਹਾਲਾਤਾਂ ਕਾਰਨ ਰੋਜ਼ ਹੀ ਆਪਣੇ ਪਿੰਡ ਤੋਂ ਆਉਂਦਾ ਹੈ। ਸਕੂਲ ਪਿੰਡ ਦੇ ਬਾਹਰ ਵੱਡੀ ਸੜਕ ਤੋਂ ਖਾਸਾ ਪਰ੍ਹਾਂ ਸੀ ਅਤੇ ਸੜਕ ਤਕ ਪਹੁੰਚਣ ਲਈ ਪਿੰਡ ਤੱਕ ਇਕ ਲਿੰਕ ਰੋਡ ਬਣੀ ਹੋਈ ਸੀ। ਗਰਮੀਆਂ ਵਿਚ ਭੀ ਮਾਸਟਰ ਆਦਰਸ਼ ਸਾਰੀ ਛੁੱਟੀ ਹੋਣ ਸਾਰ ਤੁਰ ਪੈਂਦਾ।

ਤਿੱਖੜ ਦੁਪਹਿਰੇ ਅੱਜ ਉਹ ਤੁਰਿਆ ਜਾ ਰਿਹਾ ਸੀ। ਵੱਡੇ ਟਿੱਲੇ ਵਾਲਾ ਸਾਧ ਉਸ ਨਾਲ ਆ ਰਲਿਆ ਸੀ। ਦੋਵੇਂ ਗੱਲਾਂ ਵਿਚ ਉਲਝ ਗਏ। ਵਾਟ ਪਹਿਲਾਂ ਨਾਲੋਂ ਤੇਜ਼ੀ ਨਾਲ ਨਿਬੜਨ ਲੱਗੀ। ਪਰ ਵੱਡੀ ਸੜਕ ਤਾਂ ਅਜੇ ਖਾਸੀ ਦੂਰ ਸੀ। ਘੂੰ ਘੂੰ ਦੀ ਅਵਾਜ਼ ਸੁਣਾਈ ਦਿਤੀ — ਜਿਵੇਂ ਕਿਸੇ ਜੀਪ ਦੀ ਅਵਾਜ਼ ਹੋਵੇ। ਮਾਸਟਰ ਨੇ ਪਿਛੇ ਮੁੜ ਕੇ ਵੇਖਿਆ। ਨੰਬਰਦਾਰਾਂ ਦੀ ਜੀਪ ਬੜੀ ਤੇਜ਼ੀ ਨਾਲ ਆ ਰਹੀ ਸੀ। ਮਾਸਟਰ ਤੇ ਸਾਧ ਦੇ ਨੇੜੇ ਆਉਣ ਤੇ ਜੀਪ ਹੌਲੀ ਹੋ ਗਈ। "ਲੋਕ ਕੰਮ ਦਾ ਮਾਣ ਕਰਦੇ ਹਨ—ਵੇਖੋ ਨੰਬਰਦਾਰ ਨੇ ਦੂਰੋਂ ਹੀ ਮੈਨੂੰ ਵੇਖ ਕੇ ਜੀਪ ਹੌਲੀ ਕਰ ਲਈ ਹੈ"— ਆਦਰਸ਼ ਦੇ ਦਿਮਾਗ਼ ਵਿਚ ਇਕਦਮ ਇਹ ਗੱਲ ਤੇਜ਼ ਚੱਕਰ ਵਾਂਗ ਘੁੰਮ ਗਈ। ਜੀਪ ਰੁਕੀ ਨੰਬਰਦਾਰ ਉਤਰਿਆ। ਉਸ ਨੇ ਸਾਧ ਦੇ ਪੈਰੀਂ ਹੱਥ ਲਾਏ "ਆਉ ਮਹਾਰਾਜ ਬੈਠੋ" — ਨੰਬਰਦਾਰ ਨੇ ਜੀਪ ਵਲ ਇਸ਼ਾਰਾ ਕਰ ਦਿਤਾ। "ਲੈ ਤਾਂ ਥੋਨੂੰ ਵੀ ਮਾਸਟਰ ਸਾਹਿਬ ਜਾਈਏ ਸਾਲੀ ਜੀਪ ਤਾਂ ਪਹਿਲਾਂ ਹੀ ਤੂੜੀ ਪਈ ਐ", ਨੰਬਰਦਾਰ ਆਦਰਸ਼ ਨੂੰ ਜਿਵੇਂ ਆਪਣੀ ਮਜਬੂਰੀ ਦੱਸ ਰਿਹਾ ਹੋਵੇ। ਜੀਪ ਸਾਧ ਨੂੰ ਮੂਹਰਲੀ ਸੀਟ ਉਤੇ ਬਹਾ ਕੇ ਘੂੰ ਘੂੰ ਕਰਦੀ ਪਾਰ ਗਈ ਨਾਲ ਹੀ ਉਹ ਆਦਰਸ਼ ਦੇ ਟਿੱਬੇ ਨੂੰ ਵੀ ਉਡਾ ਕੇ ਲੈ ਗਈ ਜਿਹੜਾ ਉਸ ਨੇ ਹੁਣ ਤਕ ਉਸਾਰਿਆ ਸੀ।

O

## "ਬੇਬਸੀ"

—ਰਾਜਿੰਦਰ ਸਿੰਘ ਮਨੂਰ

ਘਰ ਵਿਚ ਉਦਾਸੀ ਦਿਨੋ ਦਿਨ ਵਧਦੀ ਜਾ ਰਹੀ ਸੀ। ਘਰ ਖਾਣ ਨੂੰ ਆ ਰਿਹਾ ਸੀ। ਇੰਝ ਲਗਦਾ ਸੀ ਜਿਵੇਂ ਕੰਧਾਂ ਉਤੇ ਉਦਾਸੀ ਦੀਆਂ ਪੁੱਠਾਂ ਚੜ੍ਹੀਆਂ ਹੋਈਆਂ ਹੋਣ, ਉਹ ਵੀ ਮੁਰਝਾਈਆਂ ਮੁਰਝਾਈਆਂ ਲਗਦੀਆਂ ਸਨ।

ਉਧਰ ਨਿਆਣਿਆਂ ਨੇ ਵੱਖ ਕਾਵਾਂ-ਰੌਲੀ ਪਾਈ ਹੋਈ ਸੀ। ਉਹ ਭੁੱਖੇ ਚਿੰਘਾੜਾਂ ਮਾਰ ਰਹੇ ਸਨ। ਸ਼ਾਇਦ ਚਿੰਘਾੜਾਂ ਮਾਰਨ ਨਾਲ ਰੱਬ ਹੀ ਉਨ੍ਹਾਂ ਉਤੇ ਤਰਸ ਕਰ ਲਵੇ। ਜਿਉਂ ਜਿਉਂ ਬੰਤੋ ਉਨ੍ਹਾਂ ਨੂੰ ਚੁੱਪ ਕਰਾਉਣ ਦਾ ਯਤਨ ਕਰਦੀ ਤਿਉਂ ਤਿਉਂ ਉਹ ਹੋਰ ਰੋਣ ਲਗ ਜਾਂਦੇ। ਰਾਤ ਦੇ ਦਸ ਵਜਣ ਵਾਲੇ ਸਨ, ਪਰ ਨਿਆਣੇ ਹਾਲੇ ਵੀ ਸੌਂਣ ਦਾ ਨਾਉਂ ਨਹੀਂ ਸੀ ਲੈਂਦੇ। ਬੰਤੋ ਦੀ ਸਮਝ ਨਹੀਂ ਸੀ ਆ ਰਿਹਾ ਕਿ ਉਹ ਨਿਆਣਿਆਂ ਨੂੰ ਕਿਵੇਂ ਸੁਲਾਵੇ। ਕਦੇ ਕਿਸੇ ਨੂੰ ਝਿੜਕ ਦਿੰਦੀ ਅਤੇ ਕਦੇ ਕਿਸੇ ਦੇ ਮੂੰਹ ਉਤੇ ਥੱਪੜ ਮਾਰਦੀ, ਪਰ ਇਹ ਡੈਣ ਭੁੱਖ, ਝਿੜਕਾਂ ਅਤੇ ਥੱਪੜਾਂ ਨਾਲ ਨਹੀਂ ਮਿਟਦੀ, ਅੰਤ ਵਿਚਾਰੀ ਰੋਣ-ਹਾਕੀ ਹੋ ਕੇ ਮੰਜੇ ਉਤੇ ਬੈਠ ਗਈ ਕਿ ਨਿਆਣੇ ਆਪੇ ਸੌਂ ਜਾਣਗੇ।

ਇਤਨੇ ਨੂੰ ਬੰਤੋ ਦਾ ਘਰ ਵਾਲਾ ਵੀ ਆ ਗਿਆ। ਅਮਰੂ ਅਜੇ ਘਰ ਵੀ ਨਹੀਂ ਸੀ ਵੜਿਆ ਕਿ ਉਸ ਦੇ ਕੰਨੀ ਕੰਧਾਂ ਨੂੰ ਚੀਰਦੀ ਹੋਈ ਇਕ ਅਵਾਜ਼ ਸੁਣਾਈ ਦਿਤੀ "ਕਾਹਨੂੰ ਜੰਮਣੀ ਸੀ ਇੰਨੀ ਹੇੜ੍ਹ ਜੇ ਇਹਨਾਂ ਨੂੰ ਚੌਲਾਂ ਦੀ ਬੁਰਕੀ ਤੋਂ ਵੀ ਤਰਸਾਉਣਾ ਸੀ। ਜੇ ਪਤਾ ਹੁੰਦਾ ਤਾਂ ਜਲਗਿਆਂ ਦੇ ਪਹਿਲਾਂ ਗਲ-ਗੂਠਾ ਕਿਉਂ ਨਾ ਦੇ ਦਿੰਦੀ।" ਅਮਰੂ ਦੇ ਇਹ ਸ਼ਬਦ ਤੀਰ ਵਾਂਗ ਲੱਗੇ। ਉਸ ਨੂੰ ਇੰਝ ਲਗਿਆ ਜਿਵੇਂ ਬੰਤੋ ਨੇ ਉਸ ਦੇ ਮੂੰਹ ਉਤੇ ਕਰਾਰੀ ਚੁਪੇੜ ਮਾਰੀ ਹੋਵੇ। ਮਾਰੇ ਵੀ ਕਿਉਂ ਨਾ? ... ... ਉਹ ਸੱਚੀ ਹੈ ... ... ਪਰ ਮੈਂ ਕਿਹੜਾ ਝੂਠਾ ਹਾਂ ... ... ਮੇਰੇ ਕੀ ਵੱਸ ਹੈ। ਅਮਰੂ ਆਪਣੇ ਆਪ ਨਾਲ ਹੀ ਬਹਿਸ ਕਰ ਰਿਹਾ ਸੀ।

ਅਮਰੂ ਘਰ ਵੜਿਆ ਹੀ ਸੀ ਕਿ ਬੰਤੋ ਨੇ ਉਸ ਨੂੰ ਘਰ ਵੜਦਿਆਂ ਹੀ ਹੱਥ ਕਰ ਕੇ ਲੈ ਲਿਆ, "ਇਨ੍ਹਾਂ ਲਈ ਕੁਝ ਲਿਆਏਂਗਾ ਕਿ ਨਹੀਂ ਕਿ ਐਵੇਂ ਹੀ ਭੁੱਖ ਨਾਲ ਤੜਫਣਗੇ।" ਬੰਤੋ ਦੀਆਂ ਅੱਖਾਂ ਲਾਲ ਹੋ ਗਈਆਂ ਸਨ। ਇੰਝ ਲਗ ਰਿਹਾ ਸੀ ਜਿਵੇਂ ਬੰਤੋ ਦੀਆਂ ਅੱਖਾਂ ਵਿਚੋਂ ਲਹੂ ਚੋ ਪਏਗਾ।

ਇੰਨਾ ਸੁਣ ਕੇ ਅਮਰੂ ਦੀਆਂ ਅੱਖਾਂ ਸਿੰਮ ਆਈਆਂ ਉਸ ਨੇ ਇਕ-ਟਕ ਨਿਆਣਿਆਂ ਵਲ ਵੇਖਿਆ ਅਤੇ ਫਿਰ ਬੰਤੋ ਵਲ ਕਿੰਨਾ ਹੀ ਚਿਰ ਵੇਖੀ ਗਿਆ। ਸ਼ਾਇਦ ਇਹ ਸਮਝਾ ਰਿਹਾ ਸੀ ਕਿ ਬੰਤੋ ਮੇਰੀ ਬੇਬਸੀ ਹੈ! ਮੈਂ ਕੀ ਕਰਾਂ। ਮੈਂ ਤਾਂ ਜੰਗੇ ਦੀਆਂ ਬਹੁਤ ਮਿੰਨਤਾਂ ਕੀਤੀਆਂ, ਪੈਰੀਂ ਵੀ ਪਿਆ ਕਿ ਮੇਰੇ ਨਿਆਣੇ ਭੁੱਖੇ ਨੇ, ਉਨ੍ਹਾਂ ਲਈ ਕਣਕ ਲਿਆਉਣ ਜੋਗੇ ਥੋੜੇ ਜਿੰਨੇ

ਪੈਸੇ ਦੇ ਦੇ, ਪਰ ਉਹ ਤਾਂ ਲਕੀਰ ਦਾ ਫ਼ਕੀਰ ਬਣਿਆ ਬੈਠਾ ਹੈ ।

ਅਮਰੂ ਜੰਗੇ ਲੰਬੜਦਾਰ ਨਾਲ ਸਾਂਝੀ ਰਲਿਆ ਹੋਇਆ ਸੀ । ਸਾਰੀ ਖੇਤੀ ਦਾ ਕੰਮ ਅਮਰੂ ਦੇ ਸਿਰ ਉਤੇ ਹੀ ਸੀ । ਪਰ ਉਸ ਦੇ ਕੰਮ ਦੇ ਬਦਲੇ ਉਸ ਨੂੰ ਬਾਰਾਂ ਸੌ ਰੁਪਏ ਸਾਲ ਦੇ ਮਿਲਦੇ ਸਨ ।

ਜਿਨ੍ਹਾਂ ਨਾਲ ਅਮਰੂ ਨੂੰ ਘਰ ਲਈ ਕਪੜਾ ਲੀੜਾ ਵੀ ਲੈਣਾ ਹੁੰਦਾ, ਜਿਸ ਨਾਲ ਪਹਿਲਾਂ ਸਾਂਝੀ ਰਲ ਕੇ ਹਟਿਆ ਸੀ ਥੋੜੇ ਬਹੁਤੇ ਉਹਨੂੰ ਵੀ ਦੇਣੇ ਹੁੰਦੇ, ਹੋਰ ਚਾਹ-ਚੁਪੱਟਾ ਦਾ ਵੀ ਉਧਾਰ ਉਤਾਰਨਾ ਹੁੰਦਾ । ਇਸ ਤਰ੍ਹਾਂ ਅਮਰੂ ਦਾ ਸਾਲ ਰੋ ਪਿੱਟ ਕੇ ਮਸਾਂ ਗੁਜ਼ਰਦਾ ਸੀ ।

ਪਰ ਹੁਣ ਤਾਂ ਅਮਰੂ ਕੋਲ ਇਕ ਖੋਟਾ ਪੈਸਾ ਵੀ ਨਹੀਂ ਸੀ । ਕਈ ਦਿਨ ਪਹਿਲਾਂ ਉਸ ਨੇ ਜੰਗੇ ਨੂੰ ਕਿਹਾ ਸੀ "ਲਾਣੇਦਾਰਾ ਥੋੜੇ ਜਿਹੇ ਪੈਸੇ ਹੀ ਦੇ ਦੇ, ਮੈਂ ਕਣਕ ਲੈਣੀ ਹੈ ।" ਪਰ ਜੰਗਾ ਉਸ ਨੂੰ ਝਈ ਲੈ ਕੇ ਪਿਆ "ਰੋਜ਼ ਹਰੇ ਹੁੰਦੇ ਐਂ ਪੈਸੇ, ਝਾੜਾਂ ਨੂੰ ਤਾਂ ਨਹੀਂ ਲਗਦੇ ਬਈ ਜਿਹੜੇ ਤੈਨੂੰ ਰੋਜ਼ ਤੋੜ ਕੇ ਦੇ ਦੇਵਾਂ, ਥੋਨੂੰ ਚਮਾਰਾਂ ਨੂੰ ਤਾਂ ਜਿਤਨੇ ਮਰਜ਼ੀ ਦੇ ਦੋ, ਤੁਸੀਂ ਫਿਰ ਵੀ ਰੋਂਦੇ ਦੇ ਰੋਂਦੇ", ਜੰਗਾ ਸਭ ਕੁਝ ਇਕੋ ਸਾਹ 'ਚ ਹੀ ਕਹਿ ਗਿਆ । ਅਮਰੂ ਵਿਚਾਰਾ ਢਿਲੇ ਜਿਹੇ ਬੁੱਲ੍ਹ ਕਰਕੇ ਚਲਾ ਗਿਆ ਅਤੇ ਹਲ ਵਾਹੁਣ ਲਗ ਗਿਆ ।

ਥੋੜਾ ਕੁ ਚਿਰ ਮਗਰੋਂ ਜੰਗੇ ਦਾ ਮੁੰਡਾ ਆ ਗਿਆ ਜਿਹੜਾ ਕਾਲਜ ਵਿਚ ਪੜ੍ਹਦਾ ਸੀ । ਉਸ ਨੇ ਆਉਂਦਿਆ ਹੀ ਜੰਗੇ ਨੂੰ ਕਿਹਾ "ਬਾਪੂ ਜੀ ਥੋੜੇ ਜਿਹੇ ਪੈਸੇ ਤਾਂ ਦਿਉ, ਇਕ ਕਪੜਾ ਲੈਣੈਂ । ਜੰਗੇ ਨੇ ਉਸ ਨੂੰ ਹੋਰ ਕੁਝ ਕਹਿਣ ਦੀ ਬਜਾਏ ਸਗੋਂ ਪੁਛਿਆ ਪੁੱਤ ਕਿੰਨੇ ਕੁ ਚਾਹੀਦੇ ਨੇ ? ਡੇਢ ਦੋ ਸੌ ਨਾਲ ਸਰ ਜਾਵੇਗਾ ? ਹਾਂ ਬਾਪੂ ਜੀ ਮੁੰਡੇ ਨੇ ਖੁਸ਼ੀ ਭਰਿਆ ਉਤਰ ਦਿਤਾ । ਅਮੀਰ ਪਿਉ ਨੇ ਝਟ ਆਪਣੇ ਲਾਡਲੇ ਪੁੱਤਰ ਨੂੰ ਜੇਬ ਵਿਚੋਂ ਦੋ ਸੌ ਰੁਪਇਆ ਕਢਕੇ ਫੜਾ ਦਿਤਾ ।

ਅਮਰੂ ਵੀ ਨੇੜੇ ਹੀ ਵਾਹ ਰਿਹਾ ਸੀ । ਹੁਣ ਤਾਂ ਉਸ ਨੂੰ ਵੀ ਤਮੱਚੀ ਲੱਗ ਉੱਠੀ । ਉਸ ਨੂੰ ਜੰਗੇ ਉਤੇ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ । ਹੁਣ ਤਾਂ ਕਹਿੰਦਾ ਸੀ ਪੈਸੇ ਝਾੜਾਂ ਨੂੰ ਲਗਦੇ ਐਂ । ਪਰ ਹੁਣ ਦੋ ਸੌ ਇਕ ਮਿੰਟ 'ਚ ਹੀ ਲਗ ਆਇਆ । ਅਮਰੂ ਗੁੱਸੇ 'ਚ ਭਰਿਆ ਕਦੇ ਇਕ ਬਲਦ ਦੇ ਪਰਾਣੀ ਮਾਰਦਾ ਅਤੇ ਕਦੇ ਦੂਜੇ ਨੂੰ ਗਾਲ੍ਹ ਕਢਦਾ । ਉਸ ਨੂੰ ਜੰਗੇ ਦੀ ਬੇ-ਇਨਸਾਫ਼ੀ, ਝੂਠ-ਤੂਫ਼ਾਨ ਬੋਲਣੇ ਉਤੇ ਬਹੁਤ ਗੁੱਸਾ ਆ ਰਿਹਾ ਸੀ । ਉਸ ਨੇ ਸੋਚਿਆ ਕਿ ਅੱਜ ਤਾਂ ਇਹ ਖਿਝਿਆ ਹੋਇਆ ਹੈ ਕੱਲ੍ਹ ਨੂੰ ਮੰਗਾਂਗਾ ।

ਦੂਜੇ ਦਿਨ ਅਮਰੂ ਨੇ ਫਿਰ ਤਰਲੇ ਪਾਏ । ਪਰ ਜੰਗੇ ਦਾ ਪੱਥਰ ਦਿਲ ਨਾ ਪਿਘਲਿਆ । ਉਸ ਨੇ ਉਹੀ ਕੱਲ੍ਹ ਵਾਲਾ ਰੁੱਖਾ ਜਵਾਬ ਦਿਤਾ । ਹੁਣ ਤਾਂ ਅਮਰੂ ਦਾ ਸਰੀਰ ਜਾਨ ਤੋਂ ਬੇਜਾਨ ਹੁੰਦਾ ਜਾ ਰਿਹਾ ਸੀ । ਉਸ ਨੂੰ ਲਗ ਰਿਹਾ ਜਿਵੇਂ ਉਸ ਦੀਆਂ ਲੱਤਾਂ ਬਾਹਾਂ ਟੁੱਟ ਗਈਆਂ ਹੋਣ । ਉਸ ਦਾ ਦਿਲ ਮਰ ਉਠਿਆ ਕਿਉਂਕਿ ਹੁਣ ਤਾਂ ਉਸ ਦਾ ਪੈਸਿਆਂ ਬਿਨਾਂ ਇਕ ਪਲ ਵੀ ਨਹੀਂ ਸੀ ਸਰਦਾ । ਕਿੰਨੇ ਕੁ ਦਿਨ ਨਿਆਣੇ ਭੁੱਖੇ ਰਹਿਣਗੇ, ਕਿੰਨੇ ਕੁ ਦਿਨ ਇਹ ਰੋਂਦੇ ਰਹਿਣਗੇ । ਦੋ ਦਿਨ ਤਾਂ ਉਨ੍ਹਾਂ ਪਹਿਲਾਂ ਹੀ ਭੁਖਿਆਂ ਕਟੇ ਨੇ । ਪਰ ਅਜ ਤੀਜੇ ਦਿਨ ਵੀ ਉਮੀਦ ਦੀ ਕੋਈ ਚਿਣਗ ਫੁਟਦੀ ਨਾ ਦਿਸੀ ।

ਅੱਜ ਬੰਤੋ ਨੇ ਸੋਚਿਆ ਕਿ ਮੇਰੀਆਂ ਮਿੰਨਤਾਂ ਨਾਲ ਸ਼ਾਇਦ ਜੰਗੇ ਦਾ ਦੁਸ਼ਟ ਦਿਲ ਕੁਝ ਪੰਘਰ ਜਾਵੇ । ਬੰਤੋ ਨੇ ਉਸ ਨੂੰ ਪੁਛਣ ਦਾ ਮਨ ਬਣਾ ਲਿਆ । ਬੰਤੋ ਹਰ ਰੋਜ਼ ਦੀ ਤਰ੍ਹਾਂ ਕੱਖ ਖੋਤਣ ਚਲੀ ਗਈ । ਜਦੋਂ ਖੂਹ ਉਤੇ ਗਈ ਤਾਂ ਅਮਰੂ ਹਲ ਵਾਹ ਰਿਹਾ ਸੀ ਅਤੇ ਜੰਗਾ ਕਮਾਦ ਦੀਆਂ ਵੱਟਾਂ ਨੂੰ ਮਿਟੀ ਚੜ੍ਹਾ ਰਿਹਾ ਸੀ । ਅਮਰੂ ਹਲ ਮਗਰ ਇੰਜ ਤੁਰ ਰਿਹਾ ਸੀ ਜਿਵੇਂ ਹੁਣ ਗਿਰਿਆ ਹੁਣ ਗਿਰਿਆ । ਬੰਤੋ ਉਸ ਕੋਲ ਗਏ ਬਿਨਾਂ ਹੀ ਕਮਾਦ ਦੇ ਇਕ ਪਾਸੇ ਦੀ ਡੌਲ ਉਪਰੋਂ ਕੱਖ ਖੋਤਣ ਲਗ ਗਈ ।

ਜਦੋਂ ਬੰਤੋ ਨੇ ਆਪਣੇ ਕੱਖ ਖੋਤ ਲਏ ਫਿਰ ਬੰਤੋ ਨੇ ਜੰਗੇ ਨੂੰ ਕਿਹਾ "ਭਾਈ ਜੀ ਨਿਆਣਿਆਂ ਲਈ ਕਣਕ ਲਿਆਉਣੀ ਐ, ਥੋੜੇ ਜਿੰਨੇ ਪੈਸੇ ਦੇ ਦਿਉ । ਉਹ ਤਾਂ ਦੋ ਤਿੰਨ ਦਿਨ ਤੋਂ ਭੁੱਖੇ ਬੈਠੇ ਨੇ । ਰੋਟੀ ਦਾ ਟੁਕ ਵੀ ਨਸੀਬ ਨਹੀਂ ਹੋਇਆ" । ਜੰਗਾ ਕਮਾਦ ਵਿਚੋਂ ਨਿਕਲਕੇ ਬੰਤੋ ਕੋਲ ਵੱਟ ਉਤੇ ਆ ਗਿਆ । ਜੰਗਾ ਪਹਿਲਾਂ ਤਾਂ ਚੁੱਪ ਰਿਹਾ । ਪਰ ਥੋੜਾ ਚਿਰ ਸੋਚਣ ਮਗਰੋਂ ਉਸ ਨੇ ਬੰਤੋ ਨੂੰ ਪੈਰਾਂ ਤੋਂ ਸਿਰ ਤਕ ਬੜੇ ਗਹੁ ਨਾਲ ਦੇਖਿਆ ਅਤੇ ਫਿਰ ਬੋਲਿਆ "ਇਕ ਸ਼ਰਤ ਐ ਬੰਤੋ ? ਬੰਤੋ ਅਜੇ ਸੋਚ ਹੀ ਰਹੀ ਸੀ ਕਿ ਉਹ ਕਿਹੜੀ ਸ਼ਰਤ ਹੈ ? ਇੰਨੇ ਨੂੰ ਜੰਗੇ ਨੇ ਬੰਤੋ ਨੂੰ ਕਮਾਦ ਵਿਚ ਘਸੀਟ ਲਿਆ । ਕਮਾਦ ਦੇ ਪਤਿਆਂ ਦੀ ਖੜ-ਖੜ ਅਤੇ ਬੰਤੋ ਦੀ ਦੁਖੀ 'ਅਵਾਜ਼ ਮੈਨੂੰ ਛੱਡ ਦੇ—ਮੈਨੂੰ ਛਡ ਦੇ', ਹਲ ਵਾਹ ਰਹੇ ਅਮਰੂ ਦੇ ਕੰਨੀ ਪਈ । ਅਮਰੂ ਨੇ ਹਲ ਥੰਮ੍ਹ ਦਿੱਤਾ ਅਤੇ ਬੰਤੋ ਦੀ ਅਵਾਜ਼ ਪਛਾਣ ਲਈ——। ਹੈਂ ਬੰਤੋ—ਇਹ ਤਾਂ ਬੰਤੋ ਦੀ ਹੀ ਆਵਾਜ਼----ਤੇ ਉਹ ਕਮਾਦ ਵੱਲ ਨੂੰ ਭਜ ਗਿਆ ।

੦੦੦

## ਘਰ ਦੀ ਗੱਲ

—ਫਕੀਰ ਚੰਦ ਤੁਲੀ

ਕਹਾਣੀ ਦਾ ਜਨਮ ਇਸ ਤਰ੍ਹਾਂ ਹੋਇਆ : ਸੁਬਕ ਰਾਜਵੰਸ਼ੀ ਦੀ ਸ਼ਾਦੀ ਮਹਾਰਾਜਾ ਜ਼ਾਲਮ ਸਿੰਹ ਨਾਲ ਹੋ ਗਈ। ਜੋ ਕਹਾਣੀ ਨੂੰ ਜਨਮ ਦੇ ਕੇ ਤੁਰਦੀ ਬਣੀ। ਉਦਾਸ ਉਦਾਸ ਕਹਾਣੀ ਪਿਤਾ ਜ਼ਾਲਮ ਸਿੰਹ ਦੇ ਹਥਾਂ ਵਿਚ ਸਿਰ ਚੁੱਕ ਰਹੀ ਸੀ। ਮਹਾਰਾਜਾ ਦੇਸ਼ ਹੁੰਦਾ ਤਾਂ ਵੀ ਕਹਾਣੀ ਨਾਲ, ਵਿਦੇਸ਼ ਹੁੰਦਾ ਤਾਂ ਵੀ ਕਹਾਣੀ ਨਾਲ। ਪਰਛਾਵਾਂ ਹਨੇਰੇ ਵਿਚ ਸਾਥ ਛੱਡ ਜਾਂਦਾ ਪਰ ਕਹਾਣੀ ਹਨੇਰੇ ਵਿਚ ਹੋਰ ਗੁਟਕਦੀ।

ਮਹਾਰਾਜਾ ਜ਼ਾਲਮ ਸਿੰਹ ਨੂੰ ਜਦ ਇਕਾਂਤ ਵਿਚੋਂ ਦਹਿਸ਼ਤ ਮਹਿਸੂਸ ਹੋਣ ਲੱਗੀ ਤਾਂ ਉਸ ਨੇ ਦੂਸਰੀ ਸ਼ਾਦੀ ਲਈ ਵਿਚਾਰਿਆ। ਇਹ ਜਾਣ ਕੇ ਕਹਾਣੀ ਖੁਸ਼ੀ ਵਿਚ ਫਾਵੀ ਹੋ ਗਈ ਕਿ ਉਸ ਨੂੰ ਦੁਬਾਰਾ ਮਾਂ ਮਿਲ ਚੱਲੀ ਹੈ।

ਕਹਾਣੀ ਆਪਣੇ ਪਿਓ ਦੇ ਵਿਆਹ ਵਿਚ ਨੱਚੀ ਤੇ ਬਰਾਤ ਵਿਚ ਗਈ। ਲੋਕਾਂ ਦੀਆਂ ਨੋਕਾਂ-ਚੋਭਾਂ ਕਾਰਨ ਕਹਾਣੀ ਨੇ ਬਾਪ ਦੇ ਮੱਥੇ ਤੇ ਇਕ ਮਹੀਨ ਜਿਹੀ ਤਿਊੜੀ ਪੜ੍ਹੀ... ...

ਨਵੀਂ ਮਾਂ ਜ਼ਾਲਮ ਸਿੰਹ ਤੋਂ ਵਧ ਜ਼ਾਲਮ। ਕਹਾਣੀ ਦੀ ਆਹਟ ਵੀ ਬਰਦਾਸ਼ਤ ਕਰਨੀ ਉਸ ਲਈ ਮੌਤ! ਓਹ ਕਹਾਣੀ ਦੀ ਹਾਜ਼ਰੀ ਵਿਚ ਤਲਵਾਰ ਦੀ ਨੋਕ ਤੇ ਬੈਠੀ ਮਹਿਸੂਸਦੀ। ਇਕ ਦਿਨ ਅਖਬਾਰ ਵਿਚੋਂ ਨਵੀਂ ਮਾਂ ਜਦ ਆਪਣੇ ਨਵ-ਜਨਮੇ ਬੱਚੇ ਦੀ ਵਧਾਈ ਅਤੇ ਫੋਟੋ ਤੱਕ ਰਹੀ ਸੀ ਤਾਂ ਨਾਲ ਦੇ ਕਾਲਮ ਤੋਂ ਉਸ ਕੁਝ ਪੜ੍ਹਿਆ... ... ਤੇ ਕੈਕਈ ਵਾਲ ਖਿਲਾਰ ਕੇ ਫਰਸ਼ ਤੇ ਲੇਟ ਗਈ ... ... ਮਹਾਰਾਜ ਆਏ ... ... "ਮੈਂ ਤਦ ਬਚਦੀ ਹਾਂ ਜੇ ਕਹਾਣੀ ਨੂੰ ਉਮਰ ਭਰ ਲਈ ਬਨਬਾਸ ਦੇ ਦਿਤਾ ਜਾਏ" ... ... ਤੇ ਅਖਬਾਰ ਵਲ ਇਸ਼ਾਰਾ ਕਰਦਿਆਂ ਰੋਂਦੀ ਜਿਹੀ ਆਵਾਜ਼ ਵਿਚ ਕੜਕੀ, "ਦੇਖ ਲੀਤਾ ਹੈ ਸਪਨੀ ਨੂੰ ਦੁੱਧ ਪਿਲਾ ਕੇ ... ... ਇਸ ਨਮਕ ਹਰਾਮ ਕਹਾਣੀ ਨੇ ਘਰ ਦੀ ਇਕ ਇਕ ਗੱਲ ... ਦੇਖ ਰਹੇ ਹੋ ਕਿਵੇਂ ਨਸ਼ਰ ਕੀਤੀ ਹੈ ... ... ਇਸ ਨੂੰ ਸ਼ਰਮ ਆਉਣੀ ਚਾਹੀਦੀ ਹੈ ... ਹਰਾਮਖ਼ੋਰ ਨੂੰ ... ... ।"

..... ਤੇ ਕਹਾਣੀ ਨੂੰ ਬਨਬਾਸ ਦੇ ਦਿਤਾ ਗਿਆ... ਉਸ ਨੂੰ ਵਿਦੇਸ਼ ਦੇ ਕਿਸੇ ਜੰਗਲ ਵਿਚ ਛੱਡ ਆਂਦਾ ਗਿਆ ... ... ਬੰਦਿਆਂ ਦੀਆਂ ਚੀਕਾਂ ... ... ਬੰਬਾਂ ਦੀ ਆਵਾਜ਼ ... ... ਟੈਂਕਾਂ ਦੀ ਗੜਗੜਾਹਟ... .. ਅਕਸਰ ਓਹ ਕਈ ਦੇਸ਼ਾਂ ਵਿਚੋਂ ਦੀ ਸੁਣਦੀ ਹੋਈ ... ...ਆਪਣੇ ਦੇਸ਼ ਆ ਪਹੁੰਚੀ... ... ਤੇ ਹਾਲਾਤ ਏਥੇ ਵੀ ਓਹੀ......

ਕਹਾਣੀ ਆਪਣੇ ਦੇਸ਼ ਵਿਚ ਬਹੁਤ ਭਟਕੀ ... ਇਕ ਦਿਨ ਓਹ ਇਕ ਬੈਠਕ ਦੀ ਬਾਰੀ ਕੋਲ ਰੁਕੀ ਤੇ ਕਈ ਦਿਨ ਰੁਕੀ ਰਹੀ ... ... ਉਸ ਤੱਕਿਆ ਇਕ ਮੋਮਬਤੀ ਦੋਹਾਂ ਪਾਸਿਆਂ ਤੋਂ ਜਲ ਰਹੀ ਸੀ......

... ... ਤੇ ਓਹ ਸਿਗਰਟ ਵਾਂਗ ਰਾਖ ਹੋ ਰਿਹਾ ਕਹਾਣੀਕਾਰ ਕੁਝ ਲਿਖੀ ਜਾ ਰਿਹਾ ਸੀ। ਕਹਾਣੀ ਜ਼ਰਾ ਹੋਰ ਲਾਗੇ ਹੋ ਗਈ। ਕਹਾਣੀ ਦੀ ਮਹਿਕ ਨਾਲ ਕਹਾਣੀਕਾਰ ਝੂਮ ਉੱਠਿਆ, ਕਹਾਣੀ ਨੂੰ ਅੰਦਰ ਲਿਆ ਕੇ ਉਸ ਨੂੰ ਟੁੱਟੀ ਜਿਹੀ ਮੰਜੀ ਤੇ ਬੈਠਣ ਲਈ ਕਿਹਾ ਜਿਸ ਵਿਚ ਕਿ ਓਹ ਪਹਿਲਾਂ ਧਸਿਆ ਬੈਠਾ ਸੀ।

ਕਹਾਣੀ ਨੇ ਬੈਠਦਿਆਂ ਹੀ ਪ੍ਰਸ਼ਨ ਚਿੰਨ੍ਹ ਦਾ ਰੂਪ ਧਾਰ ਲਿਆ ... ... "ਤੂੰ ਅੱਜ ਤੱਕ ਕੀ ਕੁਝ ਲਿਖਿਆ ਹੈ ?"

"ਦੇਖ, ਵੀਅਤਨਾਮ, ਰੋਡੇਸ਼ੀਆ, ਪੂਰਬੀ ਅਫਰੀਕਾ, ਬੰਗਲਾ ਦੇਸ਼... ... ਦੇ ਦਰਦਾਂ ਨੂੰ ਮੈਂ ਕਿਵੇਂ ਵਿਅੱਕਤ ਕੀਤਾ ਹੈ ... ... ..." ਕਹਾਣੀਕਾਰ ਨੇ ਬੜੇ ਫ਼ਖਰ ਨਾਲ ਕਿਹਾ।

... ... ਕਹਾਣੀ ਨੇ ਵਿਸਮਿਕ ਚਿੰਨ੍ਹ ਦਾ ਰੂਪ ਧਾਰ ਲਿਆ ... ... ਤੇ ਡਿਗਣ ਵਾਲੀ ਛੱਤ ਵੱਲ ਵੇਖਦੀ ਹੋਈ ਬੋਲੀ, "ਕਹਾਣੀ ਤਾਂ ਤੇਰੇ ਘਰ ਵੀ ਰਹਿੰਦੀ ਹੈ...... ।"

O

## ਨਾਂ ਵਿਚ ਕੀ ਪਿਐ ?

—ਦਲਬੀਰ ਪਾਲ 'ਰਤਨ'

'ਤੇਰਾ ਨਾਂ ਕੀ ਏ ?'

'ਮੇਰਾ ?' ਉਹ ਭੌਂਚੱਕਾ ਜਿਹਾ ਕਹੀ ਛੱਡ ਕੇ ਸਿਧਾ ਤਣ ਗਿਆ।

'ਹਾਂ ! ਹਾਂ !! ਤੇਰਾ ?'

'ਮੇਰਾ ਘੁੱਗੜਾ।' ਉਸ ਨੇ ਹਲਕੀ ਜਹੀ ਮੁਸਕ੍ਰਾਹਟ ਨਾਲ ਯਾਦ ਕਰਦਿਆਂ ਕਿਹਾ। ਪੀਲੇ ਚੇਹਰੇ ਤੇ ਅਜੀਬ ਜਹੇ ਪ੍ਰਭਾਵ ਉਭਰ ਆਏ। ਮੇਰੇ ਵਲ ਉਹ ਇਉਂ ਅੱਖਾਂ ਪਾੜ ਪਾੜ ਤੱਕਣ ਲੱਗਾ ਜਿਵੇਂ ਪੁੱਛ ਰਿਹਾ ਹੋਵੇ

'ਕੀ ਤੂੰ ਹੀ ਮੇਰਾ ਨਾਮ ਪੁੱਛ ਰਿਹਾ ਏਂ ?' 'ਘੋਗੜਾ ? ਇਹ ਵੀ ਕੋਈ ਨਾਂ ਹੋਇਆ ?' ਅਚਾਨਕ ਹੀ ਪੋਲਿਆਂ ਜਿਹਾ ਮੇਰੇ ਬੁਲ੍ਹਾਂ ਵਿਚੋਂ ਕਿਰ ਗਿਆ। ਉਹਨੇ ਹੈਰਾਨੀ ਭਰੀ ਟੇਢੀ ਨਿਗਾਹ ਨਾਲ ਮੇਰੇ ਵਲ ਤੱਕਿਆ ਅਤੇ ਮੈਨੂੰ ਫ਼ਜ਼ੂਲ ਜਿਹਾ ਸਮਝ ਕੇ ਫਿਰ ਆਪਣੇ ਕੰਮ ਵਲ ਧਿਆਨ ਕਰ ਲਿਆ।

ਉਹ ਖਤਾਨਾਂ ਵਿਚੋਂ ਮਿੱਟੀ ਪੁੱਟ ਕੇ ਨਵੀਂ ਬਣ ਰਹੀ ਸੜਕ ਉਤੇ ਸੁੱਟ ਰਿਹਾ ਸੀ। ਉਹਦੇ ਚਿਹਰੇ 'ਤੇ ਜੰਮੀ ਮਿੱਟੀ ਵਿਚ ਪਸੀਨੇ ਦੀਆਂ ਘਰਾਲਾਂ ਨੇ, ਕਈ ਪ੍ਰਕਾਰ ਦੇ ਨਕਸ਼ੇ ਬਣਾ ਦਿਤੇ ਸਨ। (ਉਵੇਂ ਜਿਵੇਂ ਕਿਸੇ ਦੇਸ਼ ਦੇ ਨਕਸ਼ੇ ਵਿਚ ਨਦੀਆਂ ਨਾਲੇ ਵਿਖਾਏ ਗਏ ਹੋਣ)। ਉਹਦਾ ਤਾਂਬੇ ਵਰਗਾ ਮਿਟੀਆਲੀ ਭਾਹ ਮਾਰਦਾ ਸਰੀਰ ਮਿਟੀ ਦੀ ਮੋਟੀ ਤਹਿ ਨਾਲ ਅੱਟਿਆ ਪਿਆ ਸੀ। ਕੁੜਤਾ ਉਹਨੇ ਟਾਹਲੀ ਹੇਠ, ਜਿਥੇ ਮੈਂ ਬੈਠਾ ਸਾਂ, ਰੱਖ ਦਿਤਾ ਸੀ। ਕੁਝ ਦੇਰ ਮੈਂ ਉਹਦੇ ਖਿਲਰੇ ਕੁੜਤੇ ਵਲ ਨੀਝ ਲਾ ਕੇ ਤੱਕਦਾ ਰਿਹਾ। ਮੈਨੂੰ ਉਹਦੇ ਪੁੱਠ ਸਿੱਧ ਦਾ ਕੋਈ ਥਹੁ ਪਤਾ ਨਾ ਲੱਗਾ। ਅੱਧੀਆਂ ਸਿਉਣਾਂ ਸਿਧੀਆਂ ਲਗਦੀਆਂ ਸਨ ਅੱਧੀਆਂ ਪੁਠੀਆਂ। ਫਿਰ ਇਹ ਵੀ ਤੇ ਪਤਾ ਨਹੀਂ ਸੀ ਲੱਗਦਾ ਇਹਦਾ ਗਲਵਾਂ ਕਿਹੜਾ ਹੈ। ਥਾਂ ਥਾਂ ਗਲਾਵੇਂ ਜਿੰਨਾਂ ਥਾਂ ਪਾਟਿਆ ਹੋਇਆ ਸੀ। ਕਿਤੇ ਕਿਤੇ ਇੰਜੀਨੀਅਰਾਂ ਦੇ ਨਕਸ਼ੇ ਉਤੇ ਲਾਏ ਗਏ ਨੀਲੇ, ਖੱਟੇ, ਲਾਲ, ਕਾਲੇ ਨਿਸ਼ਾਨਾਂ ਵਾਂਗ, ਭਾਂਤ ਭਾਂਤ ਰੰਗਾਂ ਦੇ ਤੋਪੇ ਆਪੋ ਆਪਣੀ ਸ਼ੋਭਾ ਦੇ ਰਹੇ ਸਨ। ਕੁੜਤਾ ਏਨਾ ਘਸ ਅਤੇ ਫੱਟ ਚੁੱਕਾ ਸੀ ਕਿ ਏਹਨੂੰ ਕੁੜਤਾ ਕਹਿਣਾ ਹੀ ਗ਼ਨੀਮਤ ਲਗਦਾ ਸੀ।

ਹਾੜ ਦੇ ਦਿਨ ਸਨ ਗਰਮੀ ਪੂਰੀ ਜੋਬਨ ਤੇ ਸੀ। ਖੇਤੋਂ ਘਰਦਿਆਂ ਦੀ ਰੋਟੀ ਫੜਾ ਕੇ ਆਉਂਦਿਆਂ, ਸਿਖਰ ਦੁਪਹਿਰੇ ਤੋਂ ਡਰਦਿਆਂ ਮੈਂ ਇਥੇ ਪਲ ਭਰ ਸਾਹ ਸਸਤਾਣ ਲਈ ਖੜ੍ਹ ਗਿਆ ਸਾਂ। ਵੱਟ ਵੀ ਲੋਹੜੇ ਦਾ ਪਿਆ ਹੋਇਆ ਸੀ। ਇੰਝ ਲੱਗਦਾ ਸੀ ਜਿਵੇਂ ਸੂਰਜ ਦੇਵਤਾ ਅੱਜ ਹਰ ਚੀਜ਼ ਨੂੰ ਸਾੜ ਕੇ ਸੁਆਹ ਕਰ ਦੇਵੇਗਾ। ਇਹ ਸੜਕ ਜਿਸ ਉਤੇ ਉਹ ਮਿੱਟੀ ਸੁੱਟ ਰਿਹਾ ਸੀ, ਲਾਗਲੇ ਪਿੰਡ ਦੇ ਸਰਦਾਰਾਂ ਦੀ ਨਵੀਂ ਬਣੀ ਕੋਠੀ ਤਕ ਬਣ ਰਹੀ ਸੀ। ਉਪਰੋਂ ਸਖਤ ਹੁਕਮ ਆਏ ਸਨ ਕਿ ਸੜਕ ਵੀਹਾਂ ਦਿਨਾਂ ਦੇ ਅੰਦਰ ਅੰਦਰ ਮੁਕੰਮਲ ਕੀਤੀ ਜਾਵੇ ਕਿਉਂਕਿ ਇਕ ਵਜ਼ੀਰ ਸਾਹਿਬ ਛੇਤੀ ਹੀ ਇਸ ਕੋਠੀ ਵਿਚ ਬਿਜਲੀ ਦਾ ਉਦਘਾਟਨ ਕਰਨ ਆ ਰਹੇ ਸਨ। ਏਸੇ ਛੇਤੀ ਨੂੰ ਮੁੱਖ ਰਖਦਿਆਂ ਠੇਕੇਦਾਰ ਦੇ ਮੁਨਸ਼ੀ ਮਜ਼ਦੂਰਾਂ ਨੂੰ ਵੱਢ ਵੱਢ ਖਾ ਰਹੇ ਸਨ। ਬਾਕੀ ਖਤਾਨਾਂ ਵਿਚ ਦੋ ਦੋ ਤਿੰਨ ਤਿੰਨ ਮਜ਼ਦੂਰ ਸਨ, ਪਰ ਏਸ ਖਤਾਨ ਵਿਚ ਉਹ ਇਕੱਲਾ ਹੀ ਸੀ। ਜਿਵੇਂ ਅੱਜ ਹੀ ਸਾਰੀ ਸੜਕ ਭਰ ਦੇਵੇਗਾ (ਸ਼ਾਇਦ ਇੰਝ ਉਹ ਪਿਛਲੇ ਦਿਨਾਂ ਦੀ ਪਿਛੇਤ ਪੂਰੀ ਕਰ ਰਿਹਾ ਸੀ) ਉਹਦੇ ਭੁਖੇ ਹੋਏ ਸਰੀਰ ਵਿਚੋਂ ਮੁੜ੍ਹਕਾ ਪਰਨਾਲੀਂ ਵਹਿ ਰਿਹਾ ਸੀ (ਪਰ ਉਹ ਸਭ ਕਾਸੇ ਤੋਂ ਅਣਜਾਣ ਲੱਗਦਾ ਸੀ) ਕਦੀ ਕਦੀ ਧਰਤੀ ਏਨੀ ਕੈੜੀ ਆ ਜਾਂਦੀ ਕਿ ਉਹਦੀ ਕਹੀ ਦਾ ਪੀਨ ਮੰਦਰ ਦੇ ਟੱਲ ਵਾਂਗ ਖੜਕਣ ਲਗ ਪੈਂਦਾ। ਜਾਂ ਕਦੀ ਕਦੀ ਉਹ ਵੱਡਾ ਢੇਲਾ ਉਖੇੜ ਧਰਦਾ ਤਾਂ ਲੱਕ ਸਿਧਾ ਕਰਨ ਵਿਚ ਉਹਦਾ ਸਾਰਾ ਜ਼ੋਰ ਲਗਦਾ, ਜਿਵੇਂ ਪੀੜਾਂ ਦਾ ਹੜ੍ਹ ਆ ਗਿਆ ਹੋਵੇ। ਕਿੰਨਾ ਕਿੰਨਾ ਚਿਰ ਉਹ ਇਕ ਹੱਥ ਲੱਕ ਉਤੇ ਧਰੀ ਦੂਜਾ ਕਹੀ ਦੇ ਦਸਤੇ ਉਤੇ ਰੱਖੀ ਕਰਾਹੁੰਦਾ ਰਹਿੰਦਾ। ਜਾਂ ਫਿਰ ਕਦੀ ਕਦੀ ਮੱਥੇ ਉਤੋਂ ਪਹਿਲੀ ਉਂਗਲ ਦੀ ਕੁੰਡੀ ਜਹੀ ਬਣਾ ਕੇ ਪਸੀਨਾ ਪੂੰਝਦਾ। ਮਿੱਟੀ ਭਰਿਆ ਮੁੜ੍ਹਕਾ ਉਹਦੀਆਂ ਅੱਖਾਂ ਵਿਚ ਆ ਪੈਂਦਾ ਫਿਰ ਉਹ ਕਿੰਨੀ ਕਿੰਨੀ ਦੇਰ ਅੱਖਾਂ ਮੁੜ ਮੁੜ ਝਪਕਦਾ।

ਦੂਰ ਸ਼ਹਿਰ ਵਲੋਂ ਇਕ ਸ਼ਰਦਈ ਰੰਗ ਦੀ ਲਿਸ਼ਕਦੀ ਕਾਰ ਧੂੜ ਦੇ ਵਾ-ਵਰੋਲੇ ਉਡਾਉਂਦੀ ਸਾਡੇ ਵਲ ਵਧਦੀ ਆ ਰਹੀ ਸੀ। ਸਾਡੇ ਕੋਲ ਆਉਣ ਤੋਂ ਪਹਿਲਾਂ ਉਹ ਪਿਛੇ ਹੀ ਟਾਹਲੀਆਂ ਦੇ ਝੁੰਡ ਕੋਲ ਜਿਥੇ ਦੂਜੇ ਆਦਮੀ ਰੋਟੀ ਖਾ ਰਹੇ ਸਨ ਅਤੇ ਆਰਾਮ ਕਰ ਰਹੇ ਸਨ ਰੁੱਕ ਗਈ। ਕਾਰ ਵਿਚ ਬੈਠਿਆਂ ਹੀ ਇਕ ਬਾਂਹ ਨੇ (ਜੋ ਸਰਦਾਰ ਜਗਪਾਲ ਸਿੰਘ ਦੀ ਹੀ ਸੀ) ਮਜ਼ਦੂਰਾਂ ਨੂੰ ਇਸ਼ਾਰੇ ਨਾਲ ਕੋਲ ਸੱਦਿਆ। ਉਹ ਪਤਾ ਨਹੀਂ ਕੀ ਮਜ਼ਦੂਰਾਂ ਨੂੰ ਗਰਜਿਆ ਕਿ ਝੱਟ ਪੱਟ ਸਾਰੇ ਦੇ ਸਾਰੇ ਮਜ਼ਦੂਰ ਫਿਰ ਖਤਾਨਾਂ ਵਿਚ ਜਾ ਵੜੇ (ਮੈਨੂੰ ਅਨੁਮਾਨ ਲਗ ਗਿਆ ਸੀ ਕਿ ਸਰਦਾਰ ਨੇ ਕੀ ਕਿਹਾ ਹੋਣੈ) ਕਾਰ, ਸਾਡੇ ਕੋਲ ਦੀ ਮਿੱਟੀ ਦੇ ਬੁੱਕ ਸਾਡੇ ਉਤੇ ਸੁੱਟਦੀ ਤੇਜ਼ੀ ਨਾਲ ਕੋਠੀ ਵਲ ਚਲੀ ਗਈ, ਉਹਦੇ ਮੁੜ੍ਹਕੋ ਮੁੜ੍ਹਕੀ ਸਰੀਰ ਉਤੇ ਇਕ ਮੋਟੀ ਤਹਿ ਹੋਰ ਜੰਮ ਗਈ। ਪਰ ਉਹਨੂੰ ਇਹਦਾ ਰਤੀ ਵੀ ਖਿਆਲ ਨਾ ਆਇਆ ਅਤੇ ਉਹ ਆਪਣੇ ਕੰਮ ਵਿਚ ਉਵੇਂ ਹੀ ਮੰਤਰ-ਮੁਗਧ ਰਿਹਾ। ਉਹਨੇ ਕਾਰ ਵਲ ਵੇਖਣ ਦਾ ਵੀ ਲਾਲਚ ਨਾ ਕੀਤਾ।

"ਪਰ ਤੇਰਾ ਅਸਲੀ ਨਾਂ ਕੀ ਏ ?" ਮੈਥੋਂ ਅਚਾਨਕ ਫਿਰ ਪੁਛਿਆ ਗਿਆ। "ਸਰਦਾਰਾ ਨਾਂ ਵਿਚ ਕੀ ਪਿਐ ? ਨਾਂ ਤਾਂ ਮੀਰਾਂ ਦੇ ਸੋਭਦੇ ਐ।" ਉਹਨੇ ਹਥਲਾ ਚੇਪਾ

ਜਿਵੇਂ ਮੇਰੇ ਸਿਰ ਵਿਚ ਦੇ ਮਾਰਿਆ ਹੋਵੇ। ਉਹਨੇ ਮੇਰੇ ਵਲੋਂ ਧਿਆਨ ਹਟਾ ਚੇਪਾ ਭਰਿਆ ਅਤੇ ਸੜਕ ਉਤੇ ਸੁੱਟ ਦਿਤਾ। ਮੈਨੂੰ ਜਾਪਿਆ ਉਹਦਾ ਨਾਂ ਵੀ ਕਿਸੇ ਚੇਪੇ ਥਲੇ ਆ ਕੇ ਦਬਿਆ ਗਿਆ ਹੋਵੇਗਾ ਅਤੇ ਹੁਣ ਉਹਨੂੰ ਆਪ ਨੂੰ ਵੀ ਯਾਦ ਨਹੀਂ ਰਿਹਾ ਹੋਵੇਗਾ, ਮੈਂ ਹੈਰਾਨ ਸਾਂ ਕਿ ਉਹ ਕਿਉਂ ਆਪਣੇ ਅਰਮਾਨ ਆਪ ਹੀ ਮਿਟੀ ਵਿਚ ਦਬੀ ਜਾ ਰਿਹੈ।

O

## ਕ੍ਰਿਸ਼ਨ ਜਨਮ

—ਰੋਸ਼ਨ ਲਾਲ

ਸੁਨੀਲ ਦੀਆਂ ਕਹਾਣੀਆਂ ਵਿਦਿਆਰਥੀ ਜੀਵਨ ਵਿਚ ਹੀ ਸਾਹਿਤਕ ਤੇ ਰਾਜਸੀ ਪੱਤਰਾਂ ਵਿਚ ਪ੍ਰਕਾਸ਼ਤ ਹੁੰਦੀਆਂ ਸਨ। ਵਿਦਵਾਨ ਸੰਪਾਦਕ ਉਸ ਅੰਦਰ ਚੰਗੇ ਸਾਹਿਤਕਾਰ ਦੇ ਚਿੰਨ੍ਹ ਵੇਖਦੇ। ਕਦੀ ਉਹਦੀ ਕਲਾ। ਭੁੱਖ ਨਾਲ ਬੇਸੁੱਧ ਹੋ ਜਾਂਦੀ ਤੇ ਕਦੀ ਭੁੱਖਾ ਸਾੜਨ ਲਈ ਭਖ ਉੱਠਦੀ।

ਫਿਰ ਸੁਤੰਤ੍ਰਤਾ ਦੇ ਸੁਪਨੇ ਦਾ ਭੁਲੇਖਾ ਟੁੱਟਿਆ ਉਹ ਵੇਖਦਾ, ਦੇਵਦਤ ਦੇ ਛੱਡੇ ਸ਼ਰਾਬੀ ਹਾਥੀ ਬੁੱਧ ਬੇਟਿਆਂ ਨੂੰ ਦਰੜ ਰਹੇ ਹਨ । ਕੌਰਵ, ਦਰੋਪਤੀਆਂ ਨੂੰ ਧਿੰਗੋਜ਼ੋਰੀ ਨੰਗੀਆਂ ਕਰ ਰਹੇ ਹਨ। ਕੋਈ ਕ੍ਰਿਸ਼ਨ ਉਨ੍ਹਾਂ ਦੀ ਪੱਤ ਦਾ ਰਾਖਾ ਨਹੀਂ। ਉਹ ਹਿੰਸਾ ਤੇ ਅਹਿੰਸਾ ਦੇ ਦੁਰਾਹੇ ਉਤੇ ਆ ਖਲੋਂਦਾ। ਅਰਜਨ-ਮੋਹ ਤੇ ਗੀਤਾ ਗਿਆਨ ਵਿਚ ਉਲਝ ਜਾਂਦਾ। ਲਿਖਣ ਲਈ ਉਹਦੇ ਅੰਦਰ ਉਥਲ ਪੁਥਲ ਹੁੰਦੀ ਰਹਿੰਦੀ। ਪਰ ਕੀ ਲਿਖੇ ? ਇਹ ਪ੍ਰਸ਼ਨ ਉਹਦੇ ਦਿਲ ਦਿਮਗ਼ ਵਿਚ ਘੋਲ ਛੇੜੀ ਰਖਦਾ । ਅਹਿੰਸਾ ਦਾ ਉਪਾਸ਼ਕ ਸੁਨੀਲ ਉਪਰਾਮ ਅਵਸਥਾ ਵਿਚ ਸਾਰੀ ਰਾਤ ਅੱਖਾਂ ਵਿਚ ਲੰਘਾ ਦਿੰਦਾ।

ਕਦੀ ਕਿਸੇ ਅਨਿਆਏ ਦੀ ਸਿਖਰ, ਮਨੁੱਖਤਾ ਦੇ ਰੱਤ ਵਿਚ ਰੰਗੇ ਵਿਧਾਨ ਦੇ ਪਤਰੇ ਵੇਖ ਕੇ, ਉਹਦੀ ਆਤਮਾ ਇੰਨੀ ਟੁੰਬੀ ਜਾਂਦੀ ਕਿ ਉਹ ਸ਼ਹੀਦਾਂ ਨੂੰ ਕੋਈ ਕਹਾਣੀ ਸਮਰਪਣ ਕੀਤੇ ਬਿਨਾ ਨਾ ਰਹਿ ਸਕਦਾ। ਪਰ ਉਹੋ ਸਾਹਿਤਕ ਤੇ ਰਾਜਸੀ-ਪੱਤਰ ਜੋ ਪਹਿਲਾਂ ਉਸ ਵਿਚ ਚੰਗੇ ਸਾਹਿਤਕਾਰ ਦੇ ਚਿੰਨ੍ਹ ਵੇਖਦੇ ਸਨ, ਛਾਪਣ ਤੋਂ ਨਾਂਹ ਕਰ ਦਿੰਦੇ । ਉਹਨੂੰ ਜਾਪਦਾ ਜਿਵੇਂ ਗੀਤਾ ਗਿਆਨ ਗ਼ੈਰ ਕਾਨੂੰਨੀ ਹੋ ਗਿਆ ਹੋਵੇ । ਜਿਵੇਂ ਭਗਤ ਸਿੰਘ ਅਜੇ ਤੀਕ ਫਾਂਸੀ ਉਤੇ ਲਟਕ ਰਿਹਾ ਹੋਵੇ ਤੇ ਬੰਗਲਾ ਦੇਸ਼ ਵਾਂਗ ਬੁੱਧੀ ਜੀਵੀਆਂ ਲਈ ਸਾਜ਼ਸ਼ ਘੜੀ ਗਈ ਹੋਵੇ।

ਸੁਨੀਲ ਨੂੰ ਇਹ ਵਿਸ਼ਵਾਸ ਹੋਣ ਲੱਗਾ ਕਿ ਕੁਰੁਖੇਤਰ ਦੇ ਮੈਦਾਨ ਵਿਚ ਮਹਾਂ ਭਾਰਤ ਦਾ ਯੁੱਧ ਇਕ ਵਾਰ ਮੁੜ ਲੜਿਆ ਜਾਏਗਾ ਤੇ ਉਹ ਸੁਦਰਸ਼ਨ ਚੱਕਰ ਦੀਆਂ ਕਹਾਣੀਆਂ ਕਹਿਣ ਲੱਗ ਪਿਆ। ਇਨ੍ਹਾਂ ਕਹਾਣੀਆਂ ਨੇ ਉਹਨੂੰ ਦੇਸ਼ ਧਰੋਹੀ ਬਣਾ ਦਿਤਾ। ਲਿਖਤ ਉਤੇ ਪਾਬੰਦੀ ਲਾ ਦਿਤੀ ਜਿਵੇਂ ਕੰਸ ਨੇ ਕ੍ਰਿਸ਼ਨ ਦੇ ਜੰਮਣ ਉਤੇ ਵੀ ਪਾਬੰਦੀ ਲਾ ਦਿਤੀ ਸੀ।

ਸੁਨੀਲ ਨੂੰ ਬਿਜਲੀ ਦੀ ਕੜਕ ਵਿਚੋਂ ਇਉਂ ਜਾਪਿਆ ਜਿਵੇਂ ਸੁਦਰਸ਼ਨ-ਧਾਰੀ ਸਭੇ ਪਾਬੰਦੀਆਂ ਤੋੜਕੇ ਪੈਦਾ ਹੋ ਗਿਆ ਹੈ ਅਤੇ ਬਿਰਲਾ ਮੰਦਰਾਂ ਦੀ ਓਟ ਵਿੱਚ ਛੁਪੇ ਕੰਸਾਂ ਨੂੰ ਪਛਾਣ ਚੁਕਾ ਹੈ।

O

## ਥਾਣੇਦਾਰ

—ਸ਼ਿਵਤਾਰ ਮਾਂਗਟ

"ਓਰੇ ਆ ਓਏ" ਥਾਣੇਦਾਰ ਨੇ ਚੌਂਕ 'ਚ ਖੜੇ ਇਕ ਰਿਕਸ਼ੇ ਵਾਲੇ ਨੂੰ ਹਾਕ ਮਾਰੀ।

"ਹਾਂ ਸਾਬ" ਰਿਕਸ਼ੇ ਵਾਲੇ ਨੇ ਕੋਲ ਆ ਕੇ ਕਿਹਾ।

"ਪੁਲੀਸ ਸਟੇਸ਼ਨ ਚਲੋ" ਥਾਣੇਦਾਰ ਰਿਕਸ਼ੇ 'ਚ ਬੈਠ ਗਿਆ।

"ਇਕ ਰੁ: ਲੱਗੇਗਾ ਸਾਬ"

"ਕੀ ?"

"ਇਕ ਰੁ: ਲੱਗੇਗਾ।" ਰਿਕਸ਼ੇ ਵਾਲੇ ਨੇ ਬਿਨਾਂ ਡਰ ਤੋਂ ਕਿਹਾ ।

"ਤੈਨੂੰ ਪਤਾ ਨੀ ਮੈਂ ਥਾਣੇਦਾਰ ਆਂ।" ਥਾਣੇਦਾਰ ਨੇ ਸੋਟੀ ਪੱਟਾਂ ਤੇ ਰੱਖੀ।

"ਥਾਣੇਦਾਰ ਸਾਬ ਤੁਹਾਡਾ ਭਾਰ ਕਿਹੜਾ ਘੱਟ ਆ। ਮੈਂ ਤੇ ਰਿਕਸ਼ਾ ਚਲਾਣਾ ਤੇ ਪੈਸੇ ਲੈਣੇ ਨੇ ਚਾਹੇ ਕੋਈ ਥਾਣੇਦਾਰ ਹੋਵੇ ਚਾਹੇ ਕੋਈ ਹੋਰ" ਰਿਕਸ਼ੇ ਵਾਲੇ ਨੇ ਸਾਫ਼ ਸਾਫ਼ ਕਹਿ ਦਿਤਾ।

"ਚੰਗਾ ਚੱਲ ਦੇ ਦੇਵਾਂਗਾ ਇਕ ਰੁ:" ਥਾਣੇਦਾਰ ਕੰਨਾਂ ਤੱਕ ਲਾਲ ਸੀ।

"ਕਰਦੋ ਓਏ ਸਾਲੇ ਨੂੰ ਅੰਦਰ" ਥਾਣੇਦਾਰ ਨੇ ਰਿਕਸ਼ੇ 'ਚੋਂ ਉਤਰਦੇ ਨੇ ਸਿਪਾਹੀਆਂ ਨੂੰ ਕਿਹਾ।

"ਸਾਬ ਮੇਰਾ ਕੀ ਕਸੂਰ ਆ ?"

"ਹੁਣ ਕਸੂਰ ਪੁੱਛਦਾਂ ਜਦ ਤਾਂ ਦੋ ਤੋਲੇ ਫੀਮ ਜੇਬ 'ਚ ਪਾਈ ਫਿਰਦਾ ਸੀ।"

"ਫੀਮ ?" ਰਿਕਸ਼ੇ ਵਾਲਾ ਹੈਰਾਨ ਸੀ।

O

# ਇਹ ਨਹੀਂ ਹੋ ਸਕਦਾ

—ਅਮਰ ਯਾਦਵ

ਹਾੜ ਦਾ ਮਹੀਨਾ, ਸਿਖਰ ਦੁਪਹਿਰਾ, ਹਵਾ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਤੇ ਇਸ ਹੁੰਮ ਵਿਚ ਮੁੜ੍ਹਕੋ ਮੁੜ੍ਹਕੀ ਹੋਇਆ ਜੀਤੂ ਨਰਮੇ ਨੂੰ ਗੋਡੀ ਕਰ ਰਿਹਾ ਹੈ।

ਭਾਵੇਂ ਸਿਖਰ ਦੁਪਹਿਰਾ ਹੈ ਪਰ ਫੇਰ ਵੀ ਖੇਤਾਂ ਵਿਚ ਰੌਣਕ ਹੈ। ਤਿੰਨ ਮਹੀਨਿਆਂ ਤੋਂ ਉਥੇ ਫੌਜੀ ਆਏ ਬੈਠੇ ਹਨ। ਫੌਜੀ ਵੀ ਕੋਈ ਆਮ ਫੌਜੀ ਨਹੀਂ ਇਹ ਉਹ ਫੌਜੀ ਹਨ ਜਿਨ੍ਹਾਂ ਨੇ ਬੰਗਲਾ ਦੇਸ਼ ਵਿਚ ਜਿੱਤ ਪਰਾਪਤ ਕਰ ਕੇ ਉਥੋਂ ਦੇ ਲੋਕਾਂ ਨੂੰ ਨਰਕ ਦੀ ਜ਼ਿੰਦਗੀ 'ਚੋਂ ਕੱਢ ਅਜ਼ਾਦ ਦੇਸ਼ ਦੇ ਵਾਸੀ ਬਣਾ ਦਿਤਾ ਹੈ। ਜਦੋਂ ਦੇ ਫੌਜੀ ਉਨ੍ਹਾਂ ਦੇ ਖੇਤ ਵਿਚ ਆਏ ਹਨ ਜੀਤੂ ਨੂੰ ਖੇਤ ਚੰਗੇ ਚੰਗੇ ਲਗਦੇ ਹਨ।

ਉਹ ਨਰਮੇ ਨੂੰ ਗੋਡੀ ਕਰ ਰਿਹਾ ਹੈ ਤੇ ਕੋਲ ਬੈਠੇ ਫੌਜੀ ਬੰਗਲਾ ਦੇਸ਼ ਦੀਆਂ ਗਲਾਂ। ਜੀਤੂ ਸੋਚਦਾ ਹੈ ਬੰਗਲਾ ਦੇਸ਼ ਵਿਚ ਫੌਜੀਆਂ ਨੇ ਪਾਕਿਸਤਾਨੀਆਂ ਨੂੰ ਇਸ ਤਰ੍ਹਾਂ ਮਾਰਿਆ ਹੋਵੇਗਾ ਜਿਸ ਤਰ੍ਹਾਂ ਉਹ ਨਰਮੇ ਵਿਚੋਂ ਘਾਹ ਦੀਆਂ ਜੜ੍ਹਾਂ ਵਢ ਰਿਹਾ ਹੈ। ਇਸ ਸੋਚ ਦੇ ਨਾਲ ਹੀ ਉਸ ਦੀ ਛਾਤੀ ਤਣ ਜਾਂਦੀ ਹੈ ਤੇ ਮਾਣ ਨਾਲ ਉਸ ਦਾ ਸਿਰ ਉੱਚਾ ਹੋ ਜਾਂਦਾ ਹੈ।

ਦੂਜੇ ਹੀ ਪਲ ਉਹ ਉਦਾਸ ਹੋ ਜਾਂਦਾ ਹੈ। ਉਹ ਸੋਚਦਾ ਹੈ—ਢਿਡ ਭਰਨ ਲਈ ਰੋਟੀ ਤੇ ਤਨ ਢਕਣ ਲਈ ਕਪੜਾ। ਬਸ ਜ਼ਿੰਦਗੀ ਦੀਆਂ ਦੋ ਹੀ ਲੋੜਾਂ ਹਨ। ਇਨ੍ਹਾਂ ਦੋ ਲੋੜਾਂ ਖਾਤਰ ਉਹ ਤਿੰਨ ਪੀੜ੍ਹੀਆਂ ਤੋਂ ਸਰਦਾਰਾਂ ਦੇ ਖੇਤਾਂ ਵਿਚ ਸੀਰੀ ਰਲ ਕੇ ਮਿੱਟੀ ਨਾਲ ਮਿਟੀ ਹੁੰਦੇ ਆ ਰਹੇ ਹਨ। ਪਰ ਉਨ੍ਹਾਂ ਦੀਆਂ ਲੋੜਾਂ ਕਦੇ ਵੀ ਪੂਰੀਆਂ ਨਹੀਂ ਹੋਈਆਂ। ਤਿੰਨ ਪੀੜ੍ਹੀਆਂ ਤੋਂ ਚਲਦਾ ਆ ਰਿਹਾ ਸੰਘਰਸ਼ ਪਤਾ ਨਹੀਂ ਅਜੇ ਹੋਰ ਕਿੰਨੀ ਦੇਰ ਚਲਣਾ ਹੈ।

ਉਸ ਨੂੰ ਫੌਜੀਆਂ ਦੀ ਜ਼ਿੰਦਗੀ ਚੰਗੀ ਚੰਗੀ ਲਗਦੀ ਹੈ ਜਿਨ੍ਹਾਂ ਦੇ ਹਰ ਕੰਮ ਵਿਚ ਇਕ ਤਰਤੀਬ ਹੈ। ਵਕਤ ਤੇ ਸੌਣਾ, ਵਕਤ ਤੇ ਉਠਣਾ, ਵਕਤ ਤੇ ਖਾਣਾ, ਵਕਤ ਤੇ ਖੇਡਣਾ। ਦੂਜੇ ਪਾਸੇ ਉਸ ਦੀ ਆਪਣੀ ਜ਼ਿੰਦਗੀ ਵਿਚ ਹਰ ਕੰਮ ਬੇਤਰਤੀਬਾ ਹੈ। ਕਿਸੇ ਵੀ ਕੰਮ ਦਾ ਕੋਈ ਵਕਤ ਨਹੀਂ। ਦਿਨ ਰਾਤ ਕੰਮ ਹੀ ਕੰਮ। ਮਿਟੀ ਨਾਲ ਮਿਟੀ ਹੋ ਕੇ ਵੀ ਰਜਵੀਂ ਰੋਟੀ ਨਸੀਬ ਨਹੀਂ ਹੁੰਦੀ। ਉਸ ਦਾ ਮੂੰਹ ਕੁਸੈਲਾ ਜੇਹਾ ਹੋ ਜਾਂਦਾ ਹੈ।

ਕੋਲ ਬੈਠੇ ਫੌਜੀ ਅਜੇ ਵੀ ਗੱਲਾਂ ਕਰ ਰਹੇ ਹਨ। ਇਕ ਜਵਾਨ ਦੱਸ ਰਿਹਾ ਹੈ ਜਦੋਂ ਉਨ੍ਹਾਂ ਨੇ ਢਾਕਾ ਦੇ ਨੇੜੇ ਕੁਝ ਚੌਂਕੀਆਂ ਤੇ ਕਬਜ਼ਾ ਕੀਤਾ ਤਾਂ ਬੰਕਰਾਂ ਵਿਚੋਂ ਬੇਸੁਰਤ ਮੁਟਿਆਰਾਂ ਮਿਲੀਆਂ। ਖਿਲਰੇ ਵਾਲ, ਪਾਟੇ ਕਪੜੇ ਤੇ ਗਲ੍ਹਾਂ ਉਤੇ ਦੰਦਾਂ ਦੇ ਨਿਸ਼ਾਨ ਪਾਕਿਸਤਾਨੀਆਂ ਦੀ ਦਰਿੰਦਗੀ ਦੀ ਮੂੰਹ ਬੋਲਦੀ ਤਸਵੀਰ।

ਜੀਤੂ ਵੀ ਮਨ ਹੀ ਮਨ ਉਨ੍ਹਾਂ ਪਾਕਿਸਤਾਨੀਆਂ ਨੂੰ ਲਾਅਨਤਾਂ ਪਾਉਂਦਾ ਹੈ। ਪਰ ਦੂਜੇ ਹੀ ਪਲ ਉਸ ਦੇ ਹਥ ਵਿਚ ਫੜਿਆ ਕੱਸੀਆ ਇਕਦਮ ਰੁਕ ਜਾਂਦਾ ਹੈ। ਉਸ ਦੀਆਂ ਅੱਖਾਂ ਸਾਹਮਣੇ ਉਸ ਦਾ ਬਚਪਨ ਆ ਖਲੋਂਦਾ ਹੈ। ਇਕ ਦਿਨ ਉਸ ਦੀ ਮਾਂ ਬੀਮਾਰ ਸੀ ਤੇ ਉਸ ਦੇ ਬਾਪੂ ਨੇ ਸਰਦਾਰਾਂ ਦੇ ਘਰ ਗੋਹਾ ਕੂੜਾ ਕਰਨ ਲਈ ਉਸ ਦੀ ਵਡੀ ਭੈਣ ਗੁਰਨਾਮੀ ਨੂੰ ਭੇਜ ਦਿਤਾ ਸੀ। ਜਦੋਂ ਗੁਰਨਾਮੀ ਵਾਪਸ ਆਈ ਸੀ ਤਾਂ ਉਹ ਕਿਸੇ ਨਾਲ ਅੱਖ ਨਹੀਂ ਸੀ ਮਿਲਾ ਰਹੀ ਤੇ ਉਸ ਦੀਆਂ ਗਲ੍ਹਾਂ ਉਤੇ ਦੰਦਾਂ ਦੇ ਨਿਸ਼ਾਨ ਉਸੇ ਤਰ੍ਹਾਂ ਪਏ ਸਨ। ਪਰ ਉਸ ਦੇ ਬਾਪੂ ਨੇ ਗੁਰਨਾਮੀ ਦੇ ਸਿਰ ਤੇ ਹੱਥ ਧਰ ਕੇ ਆਖਿਆ ਸੀ "ਕੋਈ ਗਲ ਨਹੀਂ ਧੀਏ, ਸਾਡੀ ਤਾਂ ਕਿਸਮਤ ਅਜੇਹੀ ਹੈ।"

ਜੀਤੂ ਅੱਖਾਂ ਭਰ ਆਇਆ ਹੈ। ਉਹ ਸੋਚਦਾ ਹੈ ਕਲ੍ਹ ਨੂੰ ਉਸ ਦੀ ਧੀ ਵੀ ਜਵਾਨ ਹੋਵੇਗੀ। ਉਹ ਵੀ ਸਰਦਾਰਾਂ ਦੇ ਘਰ ਗੋਹਾ ਕੂੜਾ ਕਰਨ ਜਾਵੇਗੀ ਤੇ ਜਦੋਂ ਵਾਪਸ ਆਵੇਗੀ ਤਾਂ ਉਸ ਦੇ ਮੂੰਹ ਉਤੇ ਵੀ ਦੰਦਾਂ ਦੇ ਨਿਸ਼ਾਨ ਹੋਣਗੇ। ਉਹ ਵੀ ਆਪਣੇ ਬਾਪੂ ਵਾਂਗੂ ਉਸ ਦੇ ਸਿਰ ਤੇ ਹੱਥ ਧਰ ਕੇ ਆਖੇਗਾ ........!

"ਨਹੀਂ ... ਨਹੀਂ ... ਇਹ ਨਹੀਂ ਹੋ ਸਕਦਾ।" ਬੁੜਬੁੜਾਉਂਦੇ ਜੀਤੂ ਨੇ ਕਸੀਆ ਵਗਾਹ ਕੇ ਮਾਰਿਆ ਹੈ ਤੇ ਦੂਜੇ ਪਲ ਹੀ ਉਹ ਫੌਜੀ ਕਮਾਂਡਰ ਦੇ ਟੈਂਟ ਸਾਹਮਣੇ ਖੜਾ ਆਖ ਰਿਹਾ ਹੈ — ਸਾਹਬ ਮੈਨੂੰ ਵੀ ਭਰਤੀ ਕਰ ਲਓ।

O

# '?'

—ਸੁਰਿੰਦਰ ਗਿੱਲ

"ਬੀ ਬੀ, ਰੋ ਟੀ।"

"ਰੋਟੀ ਪੁੱਤ ਝੜੀ ਹਟੂ ਤਾਂ ਫਿਰ ਖਾਵਾਂਗੇ।"

"ਕਿਉਂ ਝੜੀ 'ਚ ਕਿਉਂ ਨਹੀਂ ਖਾਣੀ, ਸਰਦਾਰਾਂ

ਦਾ ਚੈਨਾ ਤਾਂ ਪੂੜੇ ਖਾਈ ਜਾਂਦਾ ਸੀਗਾ।"

"ਪੁੱਤ ! ਉਹਨਾਂ ਦੀ ਕੀ ਰੀਸ ਆਪਾਂ ਤਾਂ ਘਾਹ ਬੇਚ ਕੇ ਰੋਟੀ ਖਾਣੀ ਹੋਈ।"

"ਫੇ ਘਾਹ ਬੇਚ ਆ।"

"ਕਿਦਾਂ ਪੁੱਤ ! ਚਾਰੇ ਪਾਸੇ ਤਾਂ ਪਾਣੀ ਆਂ।"

"ਹੂ..ਊਂ... ਜੇ ਝੜੀ ਹਟੀ ਨਾਂ ਤਾਂ ਰੋ...ਟੀ ਕਿਥੋਂ ਖਾਵਾਂਗੇ।

"ਰੋ ਟੀ, ਫੇ ਰ ...।" ਚੰਨ ਜਿਹੇ ਮੁੰਡੇ ਦਾ ਇਹ ਸਵਾਲ 'ਪ੍ਰਸ਼ਨ ਚਿੰਨ੍ਹ' ਬਣ ਮਾਂ ਦੇ ਭਿੱਜੇ ਹੋਏ ਉਦਾਸ ਚਿਹਰੇ ਤੇ ਉਘੜਨ ਲੱਗਾ।

—o—

# ਤੀਸਰੀ ਅੱਖ ਦਾ ਵਾਦ-ਵਿਵਾਦਿਕ ਫੋਰਮ
# ਅਤੇ
# ਪਾਠਕ ਲੇਖਕ ਫੋਰਮ

ਸਾਡੇ ਖੁਲ੍ਹੇ ਸੱਦੇ ਤੇ ਆਈਆਂ ਹੋਈਆਂ ਚਿੱਠੀਆਂ ਨੂੰ ਵਿਚਾਰਦੇ ਹੋਏ ਇਸ ਅਸੀਂ ਵਾਰ ਇਹ ਦੋਨੋਂ ਫੋਰਮ ਇਕਠੇ ਦੇ ਰਹੇ ਹਾਂ। ਵਾਦ-ਵਿਵਾਦ ਵਿਚ ਹਰ ਪੱਖ ਨੂੰ ਅਸੀਂ ਇਥੇ ਦੇਣ ਦਾ ਯਤਨ ਕਰ ਰਹੇ ਹਾਂ, ਸਾਡੀ ਬੇਨਤੀ ਇਹੀ ਹੈ ਕਿ ਵਾਦ-ਵਿਵਾਦ ਦੀ ਜ਼ਬਾਨ ਭਾਵੇਂ ਸ਼ਕਤੀਸ਼ਾਲੀ ਜਾਂ ਖਾੜਕੂ ਪੂਰੀ ਤਰ੍ਹਾਂ ਰਹੇ ਪਰ ਇਹ ਯਤਨ ਕੀਤਾ ਜਾਏ ਕਿ ਇਹ ਸਾਹਿਤਕ ਸੀਮਾਵਾਂ ਵਿਚ ਹੀ ਰਹੇ। ਸਫਿਆਂ ਦੀ ਥੁੜ ਨੂੰ ਵੇਖਦੇ ਹੋਏ ਅਸੀਂ ਕੁਝ ਚਿੱਠੀਆਂ ਨੂੰ ਜਾਂ ਲੇਖਾਂ ਨੂੰ ਸੰਪਾਦ ਕਰ ਕੇ ਸੰਖੇਪ ਵੀ ਕੀਤਾ ਹੈ। ਲੇਖਕ ਇਸ ਦਾ ਗੁੱਸਾ ਨਾ ਮਨਾਉਣ — ਸਾਡੀ ਇਕ ਬੇਨਤੀ ਹੋਰ ਹੈ ਕਿ ਰਚਨਾਵਾਂ ਦੀ ਅਲੋਚਨਾ ਕਰਨ ਵੇਲੇ ਇਹ ਦੱਸਣ ਦਾ ਯਤਨ ਜ਼ਰੂਰ ਕੀਤਾ ਜਾਏ ਕਿ ਰਚਨਾ ਕਿਉਂ ਮਾੜੀ ਜਾਂ ਚੰਗੀ ਲਗੀ। ਭੱਖਦੇ ਮਸਲਿਆਂ ਬਾਰੇ ਪਾਠਕਾਂ ਦੇ ਵਿਚਾਰ ਵੀ ਅਸੀਂ ਇਹਨਾਂ ਕਾਲਮਾਂ ਵਿਚ ਸ਼ਾਮਲ ਕਰਨ ਦੀ ਖੁਸ਼ੀ ਲੈ ਰਹੇ ਹਾਂ, ਤਾਂ ਜੋ ਇਹ ਫੋਰਮ ਵਿਸ਼ਾਲ ਜੰਤਕ ਫੋਰਮ ਬਣ ਸਕੇ। —ਸੰਪਾਦਕ

ਸਿਧੜਪਣਾ

## ਸਿਧਾਂਤਕ ਸੂਝ ਕਿ ਖੱਚਰਪੁਣਾ

—ਏ. ਐਸ. ਚੰਦਨ

ਇਕ ਮੁੱਦਤ ਬਾਅਦ 'ਸਰਦਲ' ਪੜ੍ਹਨ ਦਾ ਮੌਕਾ ਮਿਲਿਆ। ਇਸ ਵਿਚ ਪਹਿਲਾਂ ਨਾਲੋਂ ਮਿਕਦਾਰੀ ਤੇ ਕੁਝ ਸਿਫਤੀ ਤਬਦੀਲੀ ਆਈ ਹੈ, ਜੋ ਸਰਾਹੁਣਯੋਗ ਹੈ। 'ਤੀਸਰੀ ਅੱਖ' ਕਾਲਮ ਵਿਚਾਰੋਤੇਜਕ ਹੈ ਅਤੇ ਪੰਜਾਬੀ ਸਾਹਿਤਕ ਆਲੋਚਨਾ ਦੀ ਮੁੰਡੇਰ ਤੇ ਜਗੇ ਇਕ ਨਵੇਂ ਦੀਵੇ ਦੀ ਬੁਖਲਾਹਟ ਦੇ ਜਵਾਬ ਵਿਚ ਸਾਥੀ ਇਕਬਾਲ ਸਿੰਘ ਦਾ ਬਾਦਲੀਲ ਜਵਾਬ 'ਸਿਧਾਂਤਕ ਸੂਝ ਕਿ ਸਿਧੜਪੁਣਾ' ਉਚੇਚਾ ਧਿਆਨ ਖਿੱਚਦਾ ਹੈ।

ਤੁਸਾਂ ਇਸ ਸਿਧਾਂਤਕ ਵਾਦ-ਵਿਵਾਦ ਨੂੰ ਅਗਾਂਹ ਤੋਰਨ ਲਈ ਨਿਰੋਲ ਸਿਆਸੀ ਪ੍ਰਸ਼ਨ ਅਗੇ ਰੱਖੇ ਹਨ। ਸੰਖੇਪ ਰੂਪ ਵਿਚ ਕੁਝ ਵਿਚਾਰ ਹਾਜ਼ਰ ਹਨ।

ਪੰਜਾਬੀ ਆਲੋਚਨਾ ਦਾ ਨਵਾਂ ਦੀਵਾ ਲਿਖਦਾ ਹੈ ਕਿ ਉਹ (ਭਾਵ ਕਮਿਊ: ਪਾਰਟੀ ਆਫ ਇੰਡੀਆ) ਪਹਾੜ 'ਸਰ' ਕਰਨ ਲਈ ਕੋਈ ਘਾਟੀ-ਵਾਦੀ ਭਾਲ ਰਹੇ ਹਨ। ਕੁਲ ਆਲਮ ਜਾਣਦਾ ਹੈ ਅਤੇ ਉਹ ਵੀ ਇਹ ਗਲ ਗੁਝੀ ਨਹੀਂ ਰਖ ਰਹੇ ਕਿ ਉਨ੍ਹਾਂ ਇਕ ਬੜੀ ਸੁਹਾਵਣੀ ਵਾਦੀ ਭਾਲ ਲਈ ਹੈ। ਭਾਵ ਅਣਖ ਬਚਾਉਣ ਲਈ ਅਣਖ ਵੇਚ ਚੁਕੇ ਹਨ। ਉਹ ਇਸ ਵਾਦੀ ਚ ਭਾਰਤੀ ਕਮਿਊਨਿਸਟ ਲਹਿਰ ਦੀਆਂ ਚਾਲੀਆਂ ਵਰ੍ਹਿਆਂ ਦੀਆਂ ਪ੍ਰਾਪਤੀਆਂ ਨੂੰ ਆਪਣੇ ਨਾਪਾਕ ਪੈਰਾਂ ਹੇਠ ਲਤਾੜ ਕੇ ਪੁਜੇ ਹਨ। ਸਮਾਜਕ-ਸਾਮਰਾਜ ਦੀ ਸ਼ਹਿ ਹੇਠ ਉਹ ਇਸ ਵਾਦੀ ਦਾ ਨਾਂ ਕਦੇ 'ਨੈਸ਼ਨਲ ਡੈਮੋਕਰੇਟਿਕ ਫਰੰਟ', ਕਦੇ 'ਗੈਰ-ਸਰਮਾਏਦਾਰੀ', ਕਦੇ 'ਸ਼ਾਂਤਮਈ ਸੰਕਰਾਂਤੀ' ਅਤੇ ਕਦੇ 'ਸਾਂਝੀ ਸੁਰਖਿਆ ਪ੍ਰਣਾਲੀ' ਰਖਦੇ ਹਨ ਅਤੇ ਮੂੰਹੋਂ ਦਿਨੇ ਰਾਤ ਮਾਰਕਸ-ਲੈਨਿਨ ਦੀ ਰਟ ਲਾਈ ਰਖਦੇ ਹਨ।

ਅਜ ਜਦੋਂ ਕਿ ਭਾਰਤ ਦੀ ਜਨਤਾ ਅਰਧ-ਜਗੀਰੂ ਅਰਧ-ਬਸਤੀਵਾਦੀ ਢਾਂਚੇ ਵਿਚ ਦਲਾਲ-ਸਰਮਾਏਦਾਰੀ

ਤੇ ਜਗੀਰਦਾਰੀ ਦੇ ਪੁੜਾਂ ਵਿਚ ਪਿੱਸਦੀ ਜਾ ਰਹੀ ਹੈ, ਅਜ ਜਦੋਂ ਕਿ ਭਾਰਤ ਦੀਆਂ ਹਾਕਮ ਜਮਾਤਾਂ ਵਿਚ ਆਰਥਕ, ਰਾਜਨੀਤਕ ਅਤੇ ਸਮਾਜਕ ਸੰਕਟ ਬਹੁਤ ਡੂੰਘਾ ਹੋ ਚੁਕਾ ਹੈ, ਅਜ ਜਦੋਂ ਕਿ ਕੁਲ ਦੁਨੀਆਂ ਵਿਚ ਆਮ ਕਰ ਕੇ ਤੇ ਏਸ਼ੀਆ ਵਿਚ ਖ਼ਾਸ ਕਰ ਕੇ ਅਮਰੀਕੀ ਸਾਮਰਾਜ ਤੇ ਉਹਦੇ ਪਾਲਤੂ ਕੁਤਿਆਂ ਦਾ ਲੋਕਾਂ ਹੱਥੋਂ ਨਾਸ ਹੋ ਰਿਹਾ ਹੈ, ਅਜ ਜਦੋਂ ਕਿ ਭਾਰਤ ਦੀ ਜਨਤਾ ਉਤੇ ਹੁਕਮਰਾਨ ਜਮਾਤ ਦਾ ਦਮਨ-ਚੱਕ੍ਰ ਪਹਿਲਾਂ ਨਾਲੋਂ ਸਭ ਰੀਕਾਰਡ ਮਾਤ ਕਰ ਚੁੱਕਾ ਹੈ, ਤਾਂ ਮਾਰਕਸਵਾਦ ਲੈਨਿਨਵਾਦ ਦੇ ਮਹਾਨ ਫ਼ਲਸਫ਼ੇ ਨਾਲ ਲੈਸ ਮਿਹਨਤ-ਕਸ਼ ਜਮਾਤ ਦੀ ਪਾਰਟੀ ਦਾ ਇਹ ਪਹਿਲਾ ਫ਼ਰਜ਼ ਬਣ ਜਾਂਦਾ ਹੈ ਕਿ 'ਅੰਤਮ ਜੰਗ' ਲੜਨ ਦੀ ਖ਼ਾਤਰ ਕਮਰਕੱਸੇ ਕਰ ਕੇ ਸਭ ਕੋਸ਼ਸ਼ਾਂ, ਸਭ ਵਸੀਲੇ ਉਸ ਲਈ ਜੁਟਾ ਦਿਤੇ ਜਾਣ ।

ਇਨ੍ਹਾਂ ਹਾਲਾਤ ਵਿਚ ਇਤਿਹਾਸਕ ਰੋਲ ਅਦਾ ਕਰਨ ਦੀ ਥਾਂ ਭਾਰਤ ਤੇ ਕਈ ਹੋਰ ਦੇਸ਼ਾਂ ਵਿਚ ਅਖੌਤੀ ਕਮਿਊਨਿਸਟ ਪਾਰਟੀਆਂ ਮਾਰਕਸਵਾਦ-ਲੈਨਿਨਵਾਦ ਦੇ ਵਿਗਿਆਨਕ ਨੇਮਾਂ ਨੂੰ ਮਨ ਭਾਉਂਦੇ ਅਰਥ ਦੇ ਕੇ ਲੋਕ ਦੁਸ਼ਮਨ ਤਾਕਤਾਂ ਨਾਲ ਸਮਝੌਤੇ ਕਰ ਕੇ ਇਹ ਉਪਦੇਸ਼ ਦੇ ਰਹੀਆਂ ਹਨ ਕਿ ਇਨਕਲਾਬ ਦਾ ਰਾਹ 'ਗੈਰ ਸਰਮਾਏਦਾਰੀ ਰਾਹ' ਹੈ, ਪਾਰਲੀਮੈਂਟ ਦਾ ਰਾਹ ਹੈ ਆਦਿ । ਇਸ ਦੇ ਬਾਵਜੂਦ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਵਿਚ ਸਹੀ ਮਾਰਕਸੀ ਲੈਨਿਨੀ ਪਾਰਟੀਆਂ ਹੋਂਦ ਵਿਚ ਆ ਚੁੱਕੀਆਂ ਹਨ ਤੇ ਉਹ ਹੁਕਮਰਾਨ ਜਮਾਤਾਂ ਤੇ ਉਹਨਾਂ ਟੁਕੜਖੋਰਾਂ ਦੇ ਅੰਨ੍ਹੇ ਤਸ਼ਦਦ ਦੀ ਪਰਵਾਹ ਨਾ ਕਰਦਿਆਂ ਅੱਗੇ ਵਧ ਰਹੀਆਂ ਹਨ।

ਮਾਰਕਸ-ਲੈਨਿਨ ਦੀ ਰਟ ਲਾਉਣ ਵਾਲੇ ਰਾਜਨੀਤਕ ਮਦਾਰੀ ਸਾਰੀਆਂ ਆਰਥਕ-ਰਾਜਨੀਤਕ ਸਮਾਜਕ ਅਹੁਰਾਂ ਦਾ ਇਲਾਜ 'ਕੌਮੀਕਰਣ' ਨਾਂ ਦਾ ਝੁਰਲੂ ਦਸ ਰਹੇ ਹਨ। ਜਦੋਂ ਤਕ ਪੈਦਾਵਾਰੀ ਦੇ ਕੁਝ ਵਸੀਲਿਆਂ ਉਤੇ ਮਜ਼ਦੂਰ ਜਮਾਤ ਦੀ ਮਾਰਕਸੀ-ਲੈਨਿਨੀ ਸਿਧਾਂਤਾ ਨਾਲ ਲੈਸ ਪਾਰਟੀ ਦਾ ਕਬਜ਼ਾ ਨਹੀਂ ਹੋ ਜਾਂਦਾ, ਓਦੋਂ ਤਕ ਮਨੁੱਖ ਹਥੋਂ ਮਨੁੱਖ ਦੀ ਲੁਟ-ਖਸੁੱਟ ਮੁੱਕ ਨਹੀਂ ਸਕਦੀ। ਭਾਰਤ, ਲੰਕਾ, ਬਰਮਾ ਜਾਂ ਚਿੱਲੀ ਦੀ ਮਿਸਾਲ ਲਓ। ਬਰਮਾ ਵਿਚ ਆਮ ਵਪਾਰ ਤਕ ਵੀ ਉਥੋਂ ਦੀ ਸਰਕਾਰ ਦੇ ਹਥ ਵਿਚ ਹੈ, ਲੰਕਾ ਤੇ ਚਿੱਲੀ ਵਿਚ ਕੌਮੀਕਰਣ ਦਾ ਝੁਰਲੂ ਬਹੁਤ ਥਾਈਂ ਫੇਰਿਆ ਗਿਆ ਹੈ, ਪਰ ਕੀ ਇਸ ਨਾਲ ਇਨ੍ਹਾਂ ਦੇਸ਼ਾਂ ਵਿਚੋਂ ਜਮਾਤੀ ਵਿਰੋਧ ਦੂਰ ਹੋ ਗਏ ਹਨ ? ਜੇ ਦੂਰ ਹੋ ਗਏ ਤਾਂ ਓਥੋਂ ਦੇ ਲੋਕਾਂ ਨੂੰ ਹਥਿਆਰਬੰਦ ਘੋਲ ਜਾਰੀ ਰਖਣ ਦੀ ਕੀ ਲੋੜ ਹੈ ? ਇਨ੍ਹਾਂ ਦੇਸ਼ਾਂ ਦਾ ਆਰਥਕ-ਰਾਜਨੀਤਕ ਸੰਕਟ ਦਿਨੋ ਦਿਨ ਕਿਉਂ ਡੂੰਘਾ ਹੋਈ ਜਾ ਰਿਹਾ ਹੈ ? ਇਨ੍ਹਾਂ ਗੱਲਾਂ ਦਾ ਜਵਾਬ ਦੇਣ ਦੀ ਥਾਂ ਦੁਨੀਆਂ ਦੇ ਕੁਲ ਸੋਧਵਾਦੀ ਅਤੇ ਇਨ੍ਹਾਂ ਦੇ ਸਾਮਰਾਜੀ ਪਤੰਦਰ ਬਰਮਾ ਦੀਆਂ ਜੁਝਾਰ ਤਾਕਤਾਂ ਨੂੰ 'ਅਲਹਿਦਗੀ ਪਸੰਦ ਬਾਗੀ' (secessionist Insurgents) ਆਖਦੇ ਹਨ, ਚਿੱਲੀ ਦੇ ਇਨਕ-ਲਾਬੀਆਂ ਨੂੰ ਪਾਬਲੋ ਨਰੂਦਾ (ਚਿੱਲੀ ਦੀ ਸੋਧਵਾਦੀ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੈਂਬਰ) 'ਮਾਓ ਦੇ ਚਾਟੜੇ' ਆਖਦਾ ਹੈ ਤੇ ਭਾਰਤ ਵਿਚ ਇਨਕਲਾਬੀਆਂ ਨੂੰ ਜਿਹੜੇ ਨਾਂ ਦਿਤੇ ਜਾ ਰਹੇ ਨੇ, ਉਨ੍ਹਾਂ ਨੂੰ ਸਭ ਜਾਣਦੇ ਹੀ ਹਨ ।

ਇੰਜ ਕਿਉਂ ਹੋ ਰਿਹਾ ਹੈ ? ਇਸ ਦਾ ਮੰਤਵ ਸਾਫ਼ ਜ਼ਾਹਰ ਹੈ ਕਿ ਤੀਜੇ ਜਗਤ ਦੇ ਜਿਨ੍ਹਾਂ ਦੇਸਾਂ ਵਿਚ ਰਾਜ-ਸਤਾਹ ਸਾਮਰਾਜੀ ਬਸਤੀਵਾਦੀਆਂ ਦੇ ਹੱਥਾਂ 'ਚੋਂ ਬਦਲ ਕੇ ਉਥੋਂ ਦੀਆਂ ਦਲਾਲ-ਸਰਮਾਏਦਾਰ ਜਗੀਰ-ਦਾਰ ਤਾਕਤਾਂ ਦੇ ਹਥ ਦੇ ਦਿਤੀ ਗਈ ਹੈ–(ਸੋਧਵਾਦੀ ਸ਼ਬਦਾਵਲੀ ਵਿਚ 'ਨਵ-ਆਜ਼ਾਦ ਵਿਕਾਸ ਕਰ ਰਹੇ ਦੇਸ'), ਉਥੇ ਸਮਾਜਕ-ਸਾਮਰਾਜ ਆਪਣੀ ਸਿਧੀ ਲੁਟ ਕਰ ਸਕੇ ।

ਇਸ ਦੀ ਸਭ ਤੋਂ ਨੰਗੀ ਚਿੱਟੀ ਮਿਸਾਲ ਦਸੰਬਰ 1970 ਵਿਚ ਦੁਰਗਾਪੁਰ ਸਟੀਲ ਪਲਾਂਟ ਵਿਚ ਸ਼ਾਨਦਾਰ ਮਜ਼ਦੂਰ ਹੜਤਾਲ ਸੀ । ਇਹ ਮਜ਼ਦੂਰ ਹੜਤਾਲ ਭਾਰਤੀ ਕਮਿਊਨਿਸਟ ਲਹਿਰ ਦੇ ਇਤਿਹਾਸ ਵਿਚ ਇਸ ਗਲੋਂ ਨਿਵੇਕਲੀ ਸੀ ਕਿ ਇਹ ਆਰਥਕ ਮੰਗਾਂ ਦੀ ਥਾਂ ਰਾਜਨੀਤਕ ਮੰਗਾਂ ਲਈ ਲੜੀ ਗਈ ਸੀ । ਪ੍ਰਮੁਖ ਮੰਗ ਇਹ ਸੀ ਕਿ ਦੁਰਗਾਪੁਰ ਫੌਲਾਦ ਕਾਰਖਾਨੇ ਵਿਚੋਂ ਸੈਂਟਰਲ ਰੀਜ਼ਰਵ ਪੁਲੀਸ (C R P) ਨੂੰ ਹਟਾਇਆ ਜਾਵੇ । ਭਾਵੇਂ ਚਾਰੂ ਮਾਜੂਮਦਾਰ ਦੇ ਗ਼ਲਤ ਫੈਸਲੇ ਕਾਰਨ ਇਸ ਦੀ ਖੁਲੇ ਤੌਰ ਤੇ ਅਗਵਾਈ ਮਾਰਕਸੀ ਪਾਰਟੀ ਦੇ ਹੱਥਾਂ 'ਚ ਸੀ, ਪਰ ਮਜ਼ਦੂਰਾਂ ਦੀ ਬਹੁ-ਗਿਣਤੀ ਕਮਿਊਨਿਸਟ ਪਾਰਟੀ (ਮ—ਲ) ਦੇ ਮੈਂਬਰਾਂ ਦੀ ਸੀ । ਸੀ. ਪੀ. ਆਈ. ਦੇ ਵਰਕਰ ਤੇ ਆਗੂ ਪੁਲਸ ਦੀਆਂ ਜੀਪਾਂ ਵਿਚ ਬੈਠ ਕੇ ਸਰਗਰਮ ਵਰਕਰਾਂ ਨੂੰ ਫੜਾਉਂਦੇ ਰਹੇ, ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਉੱਤੇ ਅੰਨ੍ਹਾ ਤਸ਼ਦਦ ਕਰਵਾਉਂਦੇ ਰਹੇ । ਕਿਉਂ ? ਇਸ ਲਈ ਕਿ ਦੁਰਗਾਪੁਰ ਕਾਰਖਾਨਾ ਰੂਸ ਦੀ ਮਦਦ ਨਾਲ ਸਰਕਾਰੀ ਕੰਟਰੋਲ ਵਿਚ ਉਸਾਰਿਆ ਗਿਆ ਹੈ, ਸੋ

ਹੜਤਾਲ ਕਰਕੇ 'ਦੇਸ਼ ਦੀ ਪੈਦਾਵਾਰ' ਅਤੇ 'ਗੈਰ-ਸਰਮਾਏਦਾਰੀ ਰਾਹ' ਵਿਚ ਰੋੜਾ ਅਟਕਾਉਣਾ ਮਹਾਂ ਪਾਪ ਹੈ ! ਪੰਜਾਬੀ ਆਲੋਚਨਾ ਦੇ ਨਵੇਂ ਦੀਵੇ ਦੀ ਪਾਰਟੀ ਉੱਤੇ ਇਹ ਇਕ ਐਸਾ ਕਾਲਾ ਧੱਬਾ ਹੈ, ਜਿਸ ਨੂੰ ਦੁਨੀਆਂ ਦਾ ਕੋਈ ਵੀ ਪਾਣੀ ਧੋ ਨਹੀਂ ਸਕੇਗਾ ।

ਸਿਆਸੀ ਖੇਤਰ ਵਿਚ ਸੀ.ਪੀ.ਆਈ. ਨੇ ਬੰਗਾਲ, ਕੇਰਲਾ ਤੇ ਹੁਣ ਪੰਜਾਬ ਵਿਚ ਜੋ ਕਿਰਦਾਰ ਪੇਸ਼ ਕੀਤਾ ਹੈ; ਉਸ ਨੂੰ ਇਨਕਲਾਬ ਦਾ ਕਿਹੜਾ ਦਾਅ ਪੇਚ ਆਖਿਆ ਜਾਵੇ ! ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਇਹ ਕਦੇ ਭੂਮੀ-ਖੋਹੂ ਤੇ ਕਦੇ ਮਹਿੰਗਿ ਹਟਾਉ ਸਤਿਆਗ੍ਰਹਿ ਤੇ ਚਲਿੱਤਰ ਕਰਦੇ ਹਨ ਤੇ ਹੁਣ ਪੰਜਾਬ ਵਿਚ ਕਾਂਗਰਸ ਵਜ਼ਾਰਤ ਤੋਂ ਹਮਾਇਤ ਵਾਪਸ ਲੈਣ ਦੀ ਗਿਦੜਚਾਲ ਇਕ ਨਵੀਂ ਮਿਸਾਲ ਹੈ । ਇਨ੍ਹਾਂ ਦੀ ਮਾਂ ਕਾਂਗਰਸ ਨੂੰ ਪਤਾ ਹੈ ਕਿ ਉਸ ਦੇ ਪੁੱਤ (ਸੀ. ਪੀ. ਆਈ.) ਨੇ ਖੂਹ ਵਿਚ ਛਾਲ ਨਹੀਂ ਮਾਰਨੀ, ਡਰਾਵਾ ਭਾਵੇਂ ਕਿੰਨਾ ਵੀ ਦਿੰਦਾ ਰਹੇ ।

1967 ਦੀ ਬਸੰਤ ਨੇ ਭਾਰਤ ਦੀ ਹਾਕਮ ਜਮਾਤ ਨੂੰ ਦਸ ਦਿਤਾ ਸੀ ਕਿ ਲੋਕ ਵੋਟਾਂ ਦਾ ਤਮਾਸ਼ਾ ਬੜੀ ਦੇਰ ਦੇਖ ਚੁਕੇ ਹਨ, ਹੁਣ ਉਹ ਰਾਜਨੀਤਕ ਸਤਾਹ ਆਪਣੇ ਹੱਥਾਂ ਵਿਚ ਲੈਣ ਲਈ ਜਦੋਜਹਿਦ ਕਰਨ ਦੇ ਰਾਹ ਤੇ ਤੁਰ ਪਏ ਹਨ ! ਇਹ ਤੱਥ ਤਾਂ ਹੁਣ ਬੁਰਜ਼ਵਾ ਅਰਥਵੇਤਾ ਤੇ ਸਮਾਜ ਸ਼ਾਸਤ੍ਰੀ ਵੀ ਮੰਨਦੇ ਹਨ ਕਿ ਜ਼ਰਈ ਜ਼ਮੀਨੀ ਭਖਦੇ ਮਸਲਿਆਂ ਵਲ ਉਨ੍ਹਾਂ ਦਾ ਧਿਆਨ ਕੇਂਦਰਤ ਕਰਨ ਵਾਲੀ ਨਕਸਲੀ ਲਹਿਰ ਹੀ ਸੀ/ਹੈ । ਹੁਣ ਜ਼ਮੀਨੀ ਜ਼ਰੱਈ (ਆਰਥਕ) ਮਸਲਿਆਂ ਨੂੰ ਰਾਜਨੀਤੀ ਨਾਲੋਂ ਨਿਖੇੜ ਕੇ ਪੇਸ਼ ਕਰਨ ਲਈ ਭੂਮੀ ਸੀਲਿੰਗ ਕਾਨੂੰਨ ਦਾ ਛਣਕਣਾ ਛਣਕਾਇਆ ਜਾ ਰਿਹਾ ਹੈ । ਇਸ ਸਾਜ਼ਸ਼ ਵਿਚ ਸੀ. ਪੀ. ਆਈ. ਸਭ ਤੋਂ ਵਧ ਸਰਗਰਮ ਰੋਲ ਅਦਾ ਕਰ ਰਹੀ ਹੈ ।

ਇਸ ਸਭ ਕਾਸੇ ਦਾ ਪ੍ਰਭਾਵ ਸਭਿਆਚਾਰਕ ਖੇਤਰ ਵਿਚ ਪੈਣਾ ਵੀ ਲਾਜ਼ਮੀ ਹੈ । ਭਾਰਤੀ ਸਾਹਿਤ ਵਿਚ 'ਪ੍ਰਗਤੀਵਾਦ' ਦੇ ਇਤਿਹਾਸ ਦਾ ਰਾਜਨੀਤਕ ਸਮਾਜਕ ਪ੍ਰਸੰਗ ਵਿਚ ਵੇਰਵੇ ਸਹਿਤ ਮੁਲਾਂਕਣ ਸਾਥੀ ਹੰਸ ਰਾਜ ਰਾਹਬਰ ਦੀ ਪੁਸਤਕ 'ਪ੍ਰਗਤੀਵਾਦ' ਵਿਚ ਮਿਲਦਾ ਹੈ ।

ਦੇਖਣ ਵਾਲੀ ਗਲ ਇਹ ਹੈ ਕਿ ਪ੍ਰਗਤੀਵਾਦ ਦੇ ਮੰਨੇ ਜਾਂਦੇ ਸਭ ਤੋਂ ਵੱਡੇ ਅਲਮਬਰਦਾਰ ਅਜ ਆਪ ਕਿਥੇ ਹਨ ? ਅਜ ਉਹਨਾਂ ਦੀ ਲੋਕ ਲਹਿਰਾਂ ਵਿਚ ਕਿਥੇ ਕੁ ਥਾਂ ਹੈ ? ਉਨ੍ਹਾਂ ਵਿਚੋਂ ਅੱਜ ਕਿੰਨੇ ਕੁ 'ਬਰਬਤ' (ਸਾਜ਼) ਉਤੇ ਗਉਂ ਰਹੇ ਹਨ, ਜਦ ਕਿ ਉਨ੍ਹਾਂ (?) ਦੇ ਸਾਥੀ ਪਰਚਮ ਲਹਿਰਾ ਰਹੇ ਹਨ ? ('ਤੁਮ ਸਾਥੀ ਪਰਚਮ ਲਹਿਰਾਨਾ, ਮੈਂ ਬਰਬਤ ਪੇ ਗਾਊਂਗਾ'—ਸਾਹਿਰ) ਇਸ ਸਾਰੇ ਹਾਲਾਤ ਵਿਚੋਂ ਦੋ ਗੱਲਾਂ ਉਭਰਦੀਆਂ ਹਨ । ਇਕ ਇਹ ਕਿ ਲੋਕ ਸਾਹਿਤ ਦੇ ਅਲਮਬਰਦਾਰ ਕਦੋਂਕਣੇ ਆਪਣੇ ਜਮਾਤੀ ਖਾਸੇ ਅਤੇ ਰਾਜਨੀਤਕ ਕਾਰਣਵਸ ਲੋਕ-ਲਹਿਰ ਨੂੰ ਕੰਡ ਦੇ ਚੁੱਕੇ ਹਨ ਤੇ ਹੁਣ ਉਨ੍ਹਾਂ ਨੂੰ ਇਸ 'ਭਗੌੜੇਪਨ' ਲਈ "ਸਿਧਾਂਤਕ" ਨਮੂਨਾ ਬੜੀ ਅਸਾਨੀ ਨਾਲ ਮਿਲ ਜਾਂਦਾ ਹੈ । "ਕੋਈ ਤਰੱਕੀ ਪਸੰਦ ਤੁਮ੍ਹਾਰੇ ਜ਼ਨਾਜ਼ੇ ਮੇਂ ਸ਼ਾਮਲ ਨਾ ਹੋਗਾ" ਦੇ ਜਵਾਬ ਵਿਚ ਸਾਹਿਰ ਲੁਧਿਆਨਵੀ ਕਦੋਂਕਣਾ ਆਖ ਚੁਕਾ ਸੀ, "ਮੈਂ ਸਭੀ ਤਰੱਕੀ ਪਸੰਦੋਂ ਕੇ ਜ਼ਨਾਜ਼ੇ ਮੇਂ ਸ਼ਾਮਲ ਹੂੰ !" ਤੇ ਫਿਰ ਉਹਨੇ ਸਤਾਹਠ ਦੀਆਂ ਆਮ ਚੋਣਾਂ ਵਿਚ ਕਾਂਗਰਸ ਚੋਣ-ਪ੍ਰਚਾਰ ਲਈ ਇਕ ਗੀਤ ਲਿਖ ਮਾਰਿਆ : 'ਹਮ ਤਰੱਕੀ ਕੇ ਰਾਸਤੇ ਪੇ...।' ਅਜ ਜਦ ਉਹੀ 'ਕਮਿਊਨਿਸਟ ਪਾਰਟੀ ਕਾਂਗਰਸ ਨਾਲ ਮਿਲ ਕੇ ਤੇ ਉਹਦੀ ਮਿਹਰ ਨਾਲ ਅਸੰਬਲੀ ਤੇ ਪਾਰਲੀਮੈਂਟ ਦੀਆਂ ਸੀਟਾਂ ਜਿੱਤਦੀ ਹੈ ਤਾਂ ਸਾਹਿਰ ਵਰਗੇ ਸਭਿਆਚਾਰਕ ਭਗੌੜਿਆਂ ਨੂੰ 'ਸਿਧਾਂਤਕ' ਸੇਧ ਦੇਣ ਜਾਂ ਉਹਦੀ ਪੜਚੋਲ ਕਰਨ ਦਾ ਹੱਕ ਭਲਾ ਕਿਸ ਨੂੰ ਰਹਿ ਜਾਂਦਾ ਹੈ । ਸਭਿਆਚਾਰਕ ਭਗੌੜੇ ਆਪਣੇ ਆਪ ਨੂੰ ਹੋਰ ਵੀ 'ਹੱਕੀ' ਮਹਿਸੂਸ ਕਰਦੇ ਹਨ, ਜਦ ਉਨ੍ਹਾਂ ਨੂੰ ਰੂਸੀ ਦੂਤਾਵਾਸ ਵਲੋਂ ਇਨਾਮ ਦੇ ਕੇ ਰੂਬਲ ਨਗਰੀ ਦੀ ਸੈਰ ਕਰਵਾ ਕੇ ਨਿਵਾਜਿਆ ਜਾਂਦਾ ਹੈ । ਇਸੇ ਪ੍ਰਭਾਵ ਹੇਠ ਸੰਤੋਖ ਸਿੰਘ ਧੀਰ ਨਹਿਰੂ ਬਾਰੇ 'ਧਰਤੀ ਤੋਂ ਆਕਾਸ਼ ਤੀਕਰਾਂ ਹੰਸ ਖਲੋਤਾ ਨਜ਼ਰੀਂ ਆਵੇ' ਕਵਿਤਾ ਤੇ ਨਵਤੇਜ ਸਿੰਘ ਪੰਡਤ ਨਹਿਰੂ ਲਈ ਵੋਟ ਕਹਾਣੀ ਲਿਖ ਦਿੰਦਾ ਹੈ ।

ਇਸ ਮੁਹਾਣ ਦੀ ਮੁਖ ਤਰਜਮਾਨ 'ਪ੍ਰੀਤਲੜੀ' ਹੈ । ਖਾਸ ਕਰ ਨੌਜਵਾਨ ਦਾਨਸ਼ਵਰ ਤਬਕੇ ਨੂੰ ਗੁਮਰਾਹ ਕਰਨ ਵਿਚ ਇਸ ਦੀ ਆਪਣੀ ਹੀ 'ਦੇਣ' ਹੈ । ਇਸ ਦੀਆਂ ਅਨੇਕ ਮਿਸਾਲਾਂ ਵਿਚੋਂ ਇਕ ਨਵੰਬਰ 72 ਦੀ ਪ੍ਰੀਤਲੜੀ ਦੇ ਕਾਲਮ 'ਮੇਰੀ ਧਰਤੀ ਮੇਰੇ ਲੋਕ' ਅਤੇ ਕੇਰਾਲਾ ਦੇ ਕਿਸੇ ਵਡੇ ਪੁਲਸ ਅਫਸਰ ਦੇ ਇਕ ਬਿਆਨ ਦੀ ਸੰਪਾਦਕੀ ਟਿਪਣੀ ਵਿਚ ਮਿਸਾਲ ਮਿਲਦੀ ਹੈ । 'ਮੇਰੀ ਧਰਤੀ ਮੇਰੇ ਲੋਕ' ਕਾਲਮ 'ਚ ਇਕ ਥਾਂ ਲਿਖਿਆ ਹੈ : "...ਦੇਸ਼ ਦੇ ਹਾਕਮੋ, ਪੁਲਸ ਤਾਂ ਤੁਹਾਡੀ ਪਹਿਲਾਂ ਹੀ ਬਦਨਾਮ ਹੈ, ਪਰ ਇਹ ਫੌਜ ਨੇਕ ਨਾਮ ਹੈ । ਇਹਨੂੰ ਸਰਹਦਾਂ ਦੀ ਰਾਖੀ ਲਈ ਰਹਿਣ ਦਿਉ ।"...ਜਿਹੜਾ ਵੀ ਮਾਰਕਸਵਾਦ ਦਾ ੳ. ਅ. ਜਾਣਦਾ ਹੈ, ਉਹਨੂੰ

ਇਸ ਬੁਨਿਆਦੀ ਅਸੂਲ ਦਾ ਪਤਾ ਹੁੰਦਾ ਹੈ ਕਿ ਰਿਆਸਤ (State) ਲੋਕਾਂ ਨੂੰ ਦਬਾ ਕੇ ਰਖਣ ਲਈ ਹਿੰਸਾ ਦਾ ਵਿਸ਼ਾਲ ਢਾਂਚਾ ਉਸਾਰਦੀ ਹੈ। ਇਹ ਰਿਆਸਤ ਕਿਸੇ ਵੀ ਰੂਪ ਵਿਚ ਹੋਵੇ, ਇਹ ਹਰ ਰੂਪ ਵਿਚ ਕਿਰਤ ਉਪਰ ਸਰਮਾਏ ਦੇ ਗ਼ਲਬੇ ਦਾ ਸੰਦ ਹੁੰਦੀ ਹੈ; ਇਹ ਆਪਣੀ ਹਕੂਮਤ ਪੁਲਸ, ਫੌਜ, ਅਦਾਲਤਾਂ ਅਤੇ ਜੇਲ੍ਹਾਂ ਰਾਹੀਂ ਲੋਕਾਂ ਉੱਪਰ ਮੜ੍ਹਦੀ ਹੈ। 'ਪ੍ਰੀਤਲੜੀ' ਵਿਚ ਹੁਣ ਹੀ ਨਹੀਂ ਪਹਿਲਾਂ ਵੀ ਅਨੇਕਾਂ ਵਾਰ ਪੁਲਸ ਨੂੰ ਰਿਆਸਤ ਦੇ ਹੋਰ ਹਿੰਸਾ ਦੇ ਢਾਂਚੇ ਤੋਂ ਨਿਖੇੜ ਕੇ ਸੁਚੇਤ ਰੂਪ ਵਿਚ ਪੇਸ਼ ਕੀਤਾ ਜਾਂਦਾ ਰਿਹਾ। ਇਹ ਮਾਰਕਸਵਾਦ ਦੀ ਕਿਥੋਂ ਦੀ "ਰਚਨਾਤਮਕ ਵਿਆਖਿਆ" ਹੋ ਗਈ ਕਿ ਪੁਲਸ ਨੂੰ ਤਸ਼ਦਦ ਦੇ ਬਾਕੀ ਢਾਂਚੇ ਨਾਲੋਂ ਨਿਖੇੜ ਕੇ ਪੇਸ਼ ਕੀਤਾ ਜਾਵੇ! ਅਦਾਲਤਾਂ ਤੇ ਜੇਲ੍ਹਾਂ ਦੀ 'ਨੇਕਨਾਮੀ' ਨਾਲ ਜਿਸ ਦਾ ਵਾਹ ਪਵੇ, ਉਹੀ ਜਾਣਦਾ ਹੈ! ਜੋ ਨੇਕਨਾਮੀ ਭਾਰਤੀ ਫੌਜ ਨੇ ਤਿਲੰਗਾਨਾ ਦੇ ਹਥਿਆਰਬੰਦ ਘੋਲ ਦੇ ਦੂਜੇ ਪੜਾਅ ਵਿਚ ਤੇ ਪਿਛੋਂ ਕਸ਼ਮੀਰ, ਨਾਗਾਲੈਂਡ ਅਤੇ ਪੱਛਮੀ ਬੰਗਾਲ ਵਿਚ ਖੱਟੀ ਹੈ, ਉਸ ਤੋਂ ਕੋਈ ਵੀ ਸੂਝਵਾਨ ਅਣਜਾਣ ਨਹੀਂ। ਬੰਗਲਾ ਦੇਸ਼ ਵਿਚ "ਸਮਾਜਵਾਦ" ਕਾਇਮ ਕਰਨ ਵਾਲੀ ਭਾਰਤੀ 'ਲੋਕ ਫ਼ੌਜ' ਪੱਛਮੀ ਬੰਗਾਲ ਦੇ ਸਾਰੇ ਜ਼ਿਲਿਆਂ ਵਿਚ ਕੰਘੀ ਮੁਹਿੰਮਾਂ (Combing operations) ਰਾਹੀਂ ਜੋ ਲੋਕਾਂ ਉਤੇ ਤਸ਼ਦਦ ਕਰਦੀ ਰਹੀ, ਕੀ ਉਸ ਨੂੰ ਭੁਲਾਇਆ ਜਾ ਸਕਦਾ ਹੈ? ਕਸ਼ਮੀਰ ਦੀ ਆਬਾਦੀ ਨਾਲੋਂ ਚਾਰ ਗੁਣਾਂ ਵਧ ਫੌਜ ਥਾਂ ਥਾਂ ਪੱਕੀਆਂ ਛਾਉਣੀਆਂ ਪਾਈ ਲੋਕਾਂ ਵਿਚ ਕਿੰਨੀ ਕੁ ਨੇਕ ਨਾਮੀ ਕਰ ਰਹੀ ਹੈ? ਖਾਨ ਅਬਦੁਲ ਗ਼ਫ਼ਾਰ ਖ਼ਾਨ ਦਾ ਸਜਰਾ ਬਿਆਨ (ਟਰੀਬਿਊਨ, 13 ਨਵੰਬਰ 72) ਪੜ੍ਹਕੇ ਹਾਕਮਾਂ ਨੂੰ ਅਪੀਲਾਂ ਕਰਨ ਵਾਲਿਆਂ ਦੀਆਂ ਅੱਖਾਂ ਖੁਲ੍ਹਣੀਆਂ ਚਾਹੀਦੀਆਂ ਹਨ।

ਮੋਗੇ ਦੇ ਸਾਕੇ ਦੇ ਵਿਰੋਧ ਵਿਚ ਲੋਕਾਂ ਦਾ ਖਾੜਕੂ ਮੋਰਚਾ ਤਾਂ ਥੋੜ-ਚਿਰਾ ਸੀ, ਪਰ ਜਦੋਂ ਵਿਸ਼ਾਲ ਪੱਧਰ ਤੇ ਲੋਕ-ਯੁੱਧ ਦੀਆਂ ਲਾਟਾਂ ਫੈਲ ਗਈਆਂ ਤਾਂ ਕੀ ਇਹੀ ਨੇਕਨਾਮੀ ਫ਼ੌਜ ਉਹ ਕਾਰਵਾਈ ਕਰਨ ਤੋਂ ਝਿਜਕੇਗੀ ਜੋ ਦੁਨੀਆਂ ਦੀ ਕੋਈ ਵੀ ਜਾਬਰ ਫ਼ੌਜ ਲੋਕਾਂ ਵਿਰੁਧ ਕਰਦੀ ਹੈ? ਬੇਸ਼ਕ ਪੁਲਸ, ਪੈਰਾ ਮਿਲਟਰੀ ਅਤੇ ਮਿਲਟਰੀ ਫ਼ੋਰਸਜ਼ ਵਿਚ ਕਿਰਤੀ ਲੋਕਾਈ ਦੇ ਪੁਤ ਹਨ ਅਤੇ ਉਹ ਅਵੱਸ਼ ਹੀ ਲੋਕ-ਤਾਕਤਾਂ ਨਾਲ ਰਲ ਜਾਣਗੇ। ਭਾਰਤੀ ਫੌਜ ਬਰਤਾਨਵੀ ਬਸਤੀਵਾਦੀ ਸਾਮਰਾਜੀ ਨੀਹਾਂ ਉਤੇ ਉਸਰੀ ਹੋਈ ਹੈ। ਇਸ ਦੀ ਬਣਤਰ ਤੇ ਕਾਰਗੁਜ਼ਾਰੀ ਦੇ ਕਈ ਪੱਖ ਹਨ, ਜਿਨ੍ਹਾਂ ਦਾ ਜ਼ਿਕਰ ਇਸ ਲੇਖ ਦਾ ਵਿਸ਼ਾ ਨਹੀਂ ਹੈ।

ਪੰਜਾਬੀ ਆਲੋਚਨਾ ਦਾ ਨਵਾਂ ਦੀਵਾ ਇਕ ਥਾਂ ਏਤਰਾਜ਼ ਕਰਦਾ ਹੈ ਕਿ ਡਾ: ਦੁਸਾਂਝ ਨੂੰ 'ਚੀਨ-ਭਾਰਤ ਤੇ ਚੀਨ-ਰੂਸ ਦੀਆਂ ਸਰਹਦਾਂ ਤੇ ਮਰ ਰਹੇ ਜੁਆਨ' ਨਜ਼ਰ ਨਹੀਂ ਆਏ। ਭਾਵੇਂ ਇਹ ਗੱਲ ਸਾਥੀ ਬੂਟਾ ਰਾਮ ਦੇ ਕਾਵਿ-ਸੰਗ੍ਰਹਿ 'ਗਹਿਰੀ ਅੱਖ' ਦੇ ਰੀਵੀਊ ਵਿਚ ਅਪ੍ਰਸੰਗਕ ਸੀ, ਪਰ ਹਰ ਸੂਝਵਾਨ ਨੂੰ ਦੁਨੀਆਂ ਵਿਚ ਹਰ ਥਾਂ ਇਕ ਪਾਸੇ ਅਜਾਈਂ ਮਰ ਰਹੇ ਤੇ ਦੂਜੇ ਪਾਸੇ ਕੁਰਬਾਨੀ ਕਰ ਰਹੇ ਜੁਆਨ ਨਜ਼ਰ ਆਉਂਦੇ ਹਨ। ਇਸ ਦੀਵੇ ਨੂੰ ਬਜ਼ੁਰਗ ਕਾਂਗਰਸੀ ਪੰਡਤ ਸੁੰਦਰ ਲਾਲ ਦੇ ਵਿਚਾਰ (ਪੂਜਾ ਵਿਸ਼ੇਸ਼ਾਂ 270 ਸਪਤਾਹਕ 'ਫ਼ਰੰਟੀਅਰ' ਕਲਕੱਤਾ, ਰੋਹਲੇ ਬਾਣ—11 'ਚ ਮੁੜ ਪ੍ਰਕਾਸ਼ਤ) ਅਤੇ ਨੇਵਿਲ ਮੈਕਸਵਲ ਦੀ ਕਿਤਾਬ 'ਇੰਡੀਅਜ਼ ਚਾਈਨਾ' ਪੜ੍ਹ ਕੇ ਅਸਲੀਅਤ ਜਾਣ ਲੈਣੀ ਚਾਹੀਦੀ ਹੈ। ਜੇ ਇਹ ਦੋਵੇਂ ਵਸੀਲੇ ਉਸ ਨੂੰ ਸੀ. ਆਈ. ਏ. ਦੇ ਏਜੰਟ ਜਾਪਣ ਤਾਂ ਉਹ ਚੀਨ ਵਿਚ ਰਹਿ ਚੁਕੇ ਕਿਸੇ ਵੀ ਭਾਰਤੀ ਫੌਜੀ ਜੰਗੀ ਕੈਦੀ ਜਾਂ ਬਾਹਠ ਦੀ ਜੰਗ ਵਿਚ ਸ਼ਰੀਕ ਹੋਣ ਵਾਲੇ ਕਿਸੇ ਵੀ ਫੌਜੀ ਨਾਲ ਗੱਲ ਕਰ ਕੇ ਆਪਣੀ ਨਜ਼ਰ ਸਾਫ ਕਰ ਲਏ। —ਜਿਹੜਾ ਰੂਸ ਸਮਾਜਵਾਦ ਦੀ ਰਾਖੀ ਦੇ ਆੜੇ ਆਪਣੀ ਵਡ-ਤਾਕਤੀ ਧੌਂਸ ਜਮਾਉਣ ਲਈ ਚੈਕੋਸਲੋਵਾਕੀਆ ਉਤੇ ਫ਼ੌਜਾਂ ਚਾੜ੍ਹ ਸਕਦਾ ਹੈ, ਕੀ ਉਹ ਆਪਣੇ ਗਵਾਂਢ ਚੀਨ ਉੱਤੇ ਹਮਲਾ ਕਰਨੋਂ ਗੁਰੇਜ਼ ਕਰੇਗਾ, ਜਿਥੇ ਉਸ ਦੇ ਕਹਿਣ ਮੁਜਬ ਲੋਕਾਂ ਦੀ ਨਹੀਂ, ਸਗੋਂ 'ਅੰਧਰਾਸ਼ਟਰਵਾਦੀ ਫ਼ਾਸ਼ੀ ਮਾਓ ਜੁੰਡਲੀ' ਦੀ ਹਕੂਮਤ ਹੈ।

ਸਮਾਨ ਜੀ, ਲੋਕ ਜਾਣਦੇ ਹਨ ਕਿ ਜੀਉਣ ਜੋਗੇ ਲੱਖਾਂ ਜੁਆਨਾਂ ਨੂੰ ਤੋਪਾਂ ਦਾ ਖਾਜਾ ਕੌਣ ਬਣਾਉਂਦਾ ਹੈ।

ਇਹ ਦੀਵਾ ਇੰਡੋਨੇਸ਼ੀਆ, ਸੂਡਾਨ ਆਦਿ ਦੇਸ਼ਾਂ ਵਿਚ ਵਾਪਰੇ ਦੁਖਾਂਤਾਂ ਦਾ ਜ਼ਿਕਰ ਜਿਸ ਤਰ੍ਹਾਂ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਦਾ ਹੈ, ਉਸ ਤੋਂ ਉਸ ਦਾ ਸਿਧੜਪੁਣਾ ਨਹੀਂ, ਖੱਚਰਪੁਣਾ ਜ਼ਾਹਰ ਹੁੰਦਾ ਹੈ। ਇਸ ਨੇ ਇੰਡੋਨੇਸ਼ੀਆ ਦੀ ਕਮਿਊਸਿਟ ਪਾਰਟੀ ਦੀ ਵੱਡੇ ਦੁਖਾਂਤ ਤੋਂ ਬਾਅਦ ਕੀਤੀ ਆਪਣੀ 'ਸਵੈ-ਪੜਚੋਲ' ਨਹੀਂ ਪੜ੍ਹੀ? ਜੇ ਪੜ੍ਹੀ ਹੈ ਤਾਂ ਉਹ ਜਾਣ ਬੁਝ ਕੇ ਮੀਸਣਾ ਬਣਦਾ ਹੈ। ਇੰਡੋਨੇਸ਼ੀਆ ਦੀ ਪਾਰਟੀ ਨੇ ਸੁਕਰਣੋ ਦੇ ਨਾਸਕੋਮ (ਕੌਮੀ ਕਮਿਊਨਿਜ਼ਮ) ਅਤੇ ਬੁਰਜ਼ਵਾ ਫ਼ੌਜ ਦੇ ਛਲਾਵੇ ਵਿਚ ਆ ਕੇ ਵੱਡੀ ਗ਼ਲਤੀ ਕੀਤੀ। ਕੀ ਇਹੀ ਕੁਝ ਸੀ. ਪੀ. ਆਈ. ਨਹੀਂ ਕਰ

ਰਹੀ ? ਇੰਡੋਨੇਸ਼ੀਆ ਦੀ ਪਾਰਟੀ ਨੇ ਲੋਕ-ਸੈਨਾ ਨਹੀਂ ਸਾਜੀ ਸੀ, ਦੂਜੇ ਅਰਥਾਂ ਵਿਚ ਹਥਿਆਰਬੰਦ ਨਹੀਂ ਸੀ। ਕਾ: ਮਾਓਜ਼ੇ ਤੁੰਗ ਦਾ ਇਹ ਕਥਨ ਕਿੰਨਾ ਸੱਚਾ ਹੈ ! 'ਲੋਕ ਸੈਨਾ ਤੋਂ ਬਿਨਾਂ ਲੋਕਾਂ ਕੋਲ ਕੁਝ ਨਹੀਂ ਹੁੰਦਾ।' ਸੂਡਾਨ ਵਿਚ ਕਿਸੇ ਵੇਲੇ ਆ ਪੈਣ ਵਾਲੀ ਆਫਤ ਦੇ ਟਾਕਰੇ ਲਈ ਜੇ ਉਥੋਂ ਦੀ ਸੋਧਵਾਦੀ ਪਾਰਟੀ ਹਥਿਆਰ-ਬੰਦ ਹੁੰਦੀ (ਪਰ ਹੁੰਦੀ ਕਿਉਂ !), ਤਾਂ ਏਨਾ ਕਤਲੇਆਮ ਕਾਹਨੂੰ ਹੁੰਦਾ ? ਜੇ ਅਜ ਭਲਕ ਨੂੰ ਭਾਰਤ ਵਿਚ ਰਾਜ ਪਲਟਾ ਹੋ ਜਾਏ, ਤਾਂ ਕੀ ਉਸ ਦੇ ਹਥਿਆਰਬੰਦ ਟਾਕਰੇ ਲਈ ਸੀ. ਪੀ. ਆਈ. ਤਿਆਰ ਹੈ ?

ਸੀ.ਪੀ.ਆਈ. ਦੇ ਇਕ ਸਕੱਤਰ ਨ. ਕ. ਕ੍ਰਿਸ਼ਨਨ ਨੇ ਆਪਣੇ ਲੇਖ 'ਤਿਲੰਗਾਨਾ ਹਥਿਆਰਬੰਦ' ਘੋਲ' (ਮੇਨਸਟਰੀਮ, 7 ਅਕਤੂਬਰ, 72) 'ਚ ਲਿਖਿਆ ਸੀ ਕਿ 'ਕਮਿਊਨਿਸਟ ਪਹਿਲਾਂ ਹੀ (a priori) ਇਹ ਫੈਸਲਾ ਨਹੀਂ ਕਰ ਲੈਂਦੇ/ਸਕਦੇ ਕਿ ਅਮਕੇ ਪੜਾਅ ਤੇ ਘੋਲ ਦਾ ਰੂਪ ਹਥਿਆਰਬੰਦ ਹੋਵੇਗਾ। ਸਗੋਂ ਹਾਲਾਤ ਕਮਿਊਨਿਸਟਾਂ ਨੂੰ ਹਥਿਆਰਬੰਦ ਘੋਲ ਲੜਨ ਲਈ ਮਜਬੂਰ ਕਰਦੇ ਹਨ।' ਕ੍ਰਿਸ਼ਨਨ ਨੇ ਚੀਨੀ ਇਨਕਲਾਬ ਦੇ ਪ੍ਰਸੰਗ ਵਿਚ ਕਾ: ਸਟਾਲਿਨ ਦੀ ਚੀਨੀ ਪਾਰਟੀ ਨੂੰ ਇਸ ਸਲਾਹ ਦਾ ਵੀ ਜ਼ਿਕਰ ਕੀਤਾ ਹੈ ਕਿ ਚੀਨ ਵਿਚ ਵਸੀਹ ਚਿੱਟੇ ਕਹਿਰ ਦਾ ਜਵਾਬ ਹਥਿਆਰਬੰਦ ਘੋਲ ਹੀ ਹੈ। ਪਰ ਕੀ ਸੀ. ਪੀ. ਆਈ. ਦੀ ਲੀਡਰਸ਼ਿਪ ਘੋਲ ਦੇ 'ਕਿਸੇ' ਉਸ ਪੜਾਅ ਲਈ ਤਿਆਰ ਵੀ ਹੈ, ਜਿਥੇ ਉਨ੍ਹਾਂ ਨੂੰ ਹਥਿਆਰਬੰਦ ਘੋਲ ਲੜਨਾ ਪਏਗਾ ? ਦੂਜਾ ਵੱਡਾ ਵਿਅੰਗ ਇਹ ਹੈ ਕਿ ਉਨ੍ਹਾਂ ਨੂੰ ਭਾਰਤ ਵਿਚ 'ਚਿੱਟਾ ਕਹਿਰ' ਕਿਤੇ ਨਜ਼ਰ ਹੀ ਨਹੀਂ ਆ ਰਿਹਾ। ਆਵੇ ਵੀ ਕਿਉਂ ? ਉਨ੍ਹਾਂ ਭਾਣੇ ਤਾਂ ਲੋਕ ਵੀਹ ਵਰ੍ਹਿਆਂ ਤੋੜੀ 'ਅਮਨ ਦੋਸਤੀ ਤੇ ਮਿਲਵਰਤਨ' ਦੀ ਰੂਸੀ ਪੀਂਘ ਦੇ ਸਵਰਗੀ ਝੂਟੇ ਮਾਣਦੇ ਰਹਿਣਗੇ।

ਕੰਬੋਡੀਆ ਦੀ ਕਮਿਊਨਿਸਟ ਪਾਰਟੀ ਦਰੁਸਤ ਮਾਰਕਸੀ-ਲੈਨਿਨੀ ਲੀਹਾਂ ਉਤੇ ਚਲਦਿਆਂ ਇਕ ਵਿਅਕਤੀ ਨਰੋਤਮ ਸਹਾਨੁਕ ਉਤੇ ਟੇਕ ਰਖਣ ਦੀ ਥਾਂ 1962 ਵਿਚ ਹੀ ਅੰਡਰ ਗਰਾਊਂਡ ਚਲੀ ਗਈ ਸੀ ਅਤੇ ਓਦੋਂ ਤੋਂ ਹੀ ਆਪਣੀਆਂ ਸਭ ਕੋਸ਼ਿਸ਼ਾਂ ਪਿੰਡਾਂ ਵਿਚ ਆਧਾਰ ਇਲਾਕੇ ਬਣਾਉਣ ਅਤੇ ਹਥਿਆਰਬੰਦ ਘੋਲ ਦੀ ਤਿਆਰੀ ਵਿਚ ਜੁਟਾ ਦਿਤੀਆਂ ਸਨ। ਸੱਤਰ ਦੇ ਰਾਜ ਪਲਟੇ ਵਿਚ ਕਮਿਊਨਿਸਟਾਂ ਦਾ ਇੰਡੋਨੇਸ਼ੀਆ ਤੇ ਸੂਡਾਨ ਵਾਂਗ ਕਤਲੇਆਮ ਹੋ ਸਕਦਾ ਸੀ, ਪਰ ਇਹ ਲੋਕ-ਯੁਧ ਨੂੰ ਪ੍ਰਣਾਈ-ਪਾਰਟੀ ਦੇ ਦਰੁਸਤ ਸਟੈਂਡ ਦਾ ਸਿੱਟਾ ਨਿਕਲਿਆ ਕਿ ਸਿਹਾਨੁਕ ਨੇ ਪੀਕਿੰਗ ਵਿਚ ਜਲਾਵਤਨ ਸਰਕਾਰ ਦਾ ਐਲਾਨ ਕਰ ਦਿਤਾ ਅਤੇ ਕਮਿਊਨਿਸਟ ਕੰਬੋਡੀਆ ਦਾ ਤਿੰਨ-ਚੁਥਾਈ ਇਲਾਕਾ ਆਜ਼ਾਦ ਕਰਵਾ ਚੁਕੇ ਹਨ, ਭਾਵੇਂ ਕਿ ਲੋਨਨੋਲ ਜੁੰਡਲੀ ਮਗਰ ਅਮਰੀਕੀ ਸਾਮਰਾਜਵਾਦ ਹੈ ਅਤੇ ਰੂਸੀ ਵੀ ਕੰਬੋਡੀਆ ਦੇ ਮੁਕਤੀਘੋਲ ਦੇ ਪਹਿਲੇ ਪੜਾਅ ਵਿਚ ਗ਼ਦਰਾਨਾ ਸਟੈਂਡ ਲੈ ਗਏ ਸਨ। ਕੰਬੋਡੀਆ ਦੀ ਕਮਿਊਨਿਸਟ ਪਾਰਟੀ ਦਾ ਸਬਕ ਸਾਨੂੰ ਸਾਰਿਆਂ ਨੂੰ ਸਿਖਣਾ ਚਾਹੀਦਾ ਹੈ ਤੇ ਲਾਗੂ ਕਰਨਾ ਚਾਹੀਦਾ ਹੈ।

ਪੰਜਾਬੀ ਆਲੋਚਨਾ ਦੇ ਨਵੇਂ ਦੀਵੇ ਦੀ ਗਿਧ-ਦ੍ਰਿਸ਼ਟੀ ਸਾਡੇ ਪਿਆਰੇ ਸਾਥੀ ਦਰਸ਼ਨ ਖਟਕੜ ਦੀ ਇਕ ਕਵਿਤਾ 'ਕਲਾਕਾਰਾਂ ਦੇ ਕੋਲ' ਉਤੇ ਵੀ ਪਈ ਹੈ ਅਤੇ ਆਦਤਨ ਗ਼ਲਤ ਅਰਥ ਕੱਢ ਕੇ ਮਖੌਲ ਉਡਾਉਣਾ ਚਾਹਿਆ ਹੈ। ਸ੍ਰੀਮਾਨ ਦੀਵਾ ਜੀ, ਇਹ ਗੱਲ ਕੰਨ ਖੋਹਲ ਕੇ ਸੁਣ ਲਓ ਕਿ ਸਾਥੀ ਖਟਕੜ ਜਾਂ ਕੋਈ ਵੀ ਇਨਕਲਾਬੀ ਕਵੀ ਤੁਹਾਡੇ ਪ੍ਰਤੀਨਿਧ ਕਵੀ ਤੇਰਾ ਸਿੰਘ ਚੰਨ ਵਾਂਙ ਸੂਰਤਗੜ੍ਹ ਸਟੇਟ ਫ਼ਾਰਮ, ਭਿਲਾਈ ਕਾਰਖ਼ਾਨੇ ਬਾਰੇ ਕਵਿਤਾਵਾਂ ਅਤੇ ਪਿੰਡਾਂ ਦੀ ਖ਼ੁਸ਼ਹਾਲੀ ਬਾਰੇ ਰੇਡੀਓ ਰੂਪਕ ਨਹੀਂ ਲਿਖੇਗਾ। ਇਹ ਮੀਰਾਸਪੁਣਾ ਤੁਹਾਡੀ ਚੰਡਾਲ ਚੌਂਕੜੀ ਨੂੰ ਹੀ ਮੁਬਾਰਕ !

ਦੀਵਾ ਜੀ, ਕਿਉਂਕਿ ਮੈਨੂੰ ਸੰਪਾਦਕ ਹੋਣ ਦਾ ਮਾੜਾ ਮੋਟਾ ਤਜਰਬਾ ਹੈ, ਤੁਹਾਨੂੰ ਸਲਾਹ ਦੇਵਾਂਗਾ ਕਿ ਤੁਸੀਂ 'ਕੁਆਰ ਪਰਦਾ' ਵਰਗੇ ਲੇਖ ਲਿਖਣ ਵਿਚ ਕਾਫ਼ੀ ਕਾਮਯਾਬ ਹੋ। ਸੋ ਇਹੋ ਜਿਹੇ ਲੇਖ ਲਿਖੀ ਜਾਓ ਤੇ ਨਵੇਂ ਜ਼ਮਾਨੇ ਦੇ ਦਫਤਰ ਵਿਚ ਬੈਠ ਕੇ ਸੁਰਜਨ ਜ਼ੀਰਵੀ ਦੇ ਲਤੀਫੇ ਸੁਣੀ ਜਾਓ। ਘਟੋ ਘਟ ਇਸ ਕਰਮ ਰਾਹੀਂ ਪੰਜਾਬੀ ਪੱਤਰਕਾਰੀ ਦਾ ਕੁਝ ਸੁਆਰ ਸਕਦੇ ਹੋ।

o

# ਇਹ ਹਮਾਰਾ ਜੀਵਣਾ

—ਸਤਿਨਾਮ ਸਿੰਘ

—ਇਹ ਹਮਾਰਾ ਜੀਵਣਾ ਸਿਰਲੇਖ ਹੇਠ ਹਰ ਮਹੀਨੇ 'ਸਰਦਲ' ਸਰਦਾਰ ਗੁਰਸ਼ਰਨ ਸਿੰਘ ਵਲੋਂ ਚਲਦੇ ਰਾਜਨੀਤਕ ਮਮਲਿਆਂ ਤੇ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਸਰਦਾਰ ਗੁਰਸ਼ਰਨ ਸਿੰਘ ਦੀ ਵਿਗਿਆਨਿਕ ਸੂਝ ਦੀ ਥੁੜ ਦੇ ਕਾਰਨ ਇਨ੍ਹਾਂ ਵਿਚਾਰਾਂ ਤੇ ਅਸ਼ਪਸ਼ਟਤਾ

ਭਾਰੂ ਹੁੰਦੀ ਹੈ ਅਤੇ ਇਹ ਵਿਚਾਰ ਪਾਠਕਾਂ ਨੂੰ ਕੋਈ ਸੇਧ ਦੇਣ ਵਿਚ ਬਹੁਤ ਅਸਫਲ ਹੁੰਦੇ ਹਨ।

ਜੂਨ 1972 ਦੇ ਅੰਕ ਵਿਚ ਸਰਦਾਰ ਗੁਰਸ਼ਰਨ ਸਿੰਘ ਹੋਰਾਂ ਨੇ ਅਮਰੀਕਾ ਦੇ ਪ੍ਰਧਾਨ ਨਿਕਸਨ ਦੀ ਚੀਨ ਅਤੇ ਰੂਸ ਯਾਤਰਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਲੇਖ ਦਾ ਤੱਤ ਇਹ ਹੈ ਕਿ ਨਿਕਸਨ ਇਕ ਖ਼ੂਨ ਵਿਚ ਨਸ਼ਿਆਇਆ ਦੈਂਤ ਹੈ ਅਤੇ ਰੂਸ ਤੇ ਚੀਨ ਭਾਵੇਂ ਕਿ ਦੁਨੀਆ ਵਿਚ ਲੋਕ-ਲਹਿਰਾਂ ਦਾ ਦਾਅਵਾ ਤਾਂ ਕਰਦੇ ਹਨ ਪਰ ਉਨ੍ਹਾਂ ਦਾ ਅਮਲ ਇਸ ਦੇ ਉਲਟ ਹੈ ਅਤੇ ਸਿਟੇ ਵਜੋਂ ਵੀਅਤਨਾਮ ਦੀ ਸੰਘਰਸ਼ ਕਰ ਰਹੀ ਜਨਤਾ ਨਾਲ ਇਹ ਧੋਗ ਹੈ।

ਇਹੋ ਜਿਹਾ ਤੱਤ ਕੱਢ ਲੈਣਾ ਅਤੇ ਦਰਜੇ ਦੀ ਸਾਦਗੀ ਅਤੇ ਵਿਚਾਰ ਸਾਮਰਾਜੀਆਂ ਅਤੇ ਪਿਛਾਂ ਖਿਚੂਆਂ ਦਾ ਹੀ ਪਖਸ਼ ਪੂਰਦੇ ਹਨ, ਵੀਅਤਨਾਮ ਦੀ ਜਨਤਾ ਦਾ ਪਖ ਪੂਰਨ ਜਾਂ ਨ ਪੂਰਨ ਕਿਉਂ ਜੋ ਇਹੋ ਗੱਲ ਹੀ ਤਾਂ ਸਾਮਰਾਜੀ ਸਿਆਸਤਦਾਨ ਜਾਂ ਉਨ੍ਹਾਂ ਦੇ ਪਿਛ ਲੱਗ ਕਰਦੇ ਹਨ ਕਿ ਅੱਜ ਦੀ ਦੁਨੀਆਂ ਵਿਚ ਹਰ ਦੇਸ਼ ਆਪਣੇ ਹਿੱਤਾਂ ਦੀ ਹੀ ਰਾਖੀ ਕਰਦਾ ਹੈ ਅਤੇ ਲੋਕ-ਸੰਘਰਸ਼ਾਂ ਦੀ ਮਦਦ ਇਕ ਢਕੌਂਸਲਾ ਹੈ। ਫੇਰ ਸਰਦਾਰ ਗੁਰਸ਼ਰਨ ਸਿੰਘ ਅਤੇ ਪਿਛਾਂ ਖਿਚੂ ਸਿਆਸਤਦਾਨਾਂ ਦੇ ਵਿਚਾਰਾਂ ਵਿਚ ਕੀ ਫਰਕ ਹੋਇਆ ਅਤੇ ਉਨ੍ਹਾਂ ਕਿਹੜੀ ਨਵੀਂ ਗੱਲ ਕੀਤੀ ?

ਲਾਜ਼ਮੀ ਤੌਰ ਤੇ ਸਾਨੂੰ ਮਸਲੇ ਦੀ ਡੂੰਘਾਈ ਵਿਚ ਜਾਣਾ ਪਵੇਗਾ ਤੇ ਸੱਚ ਲੱਭਣਾ ਹੋਵੇਗਾ।

ਇਸ ਸਚਾਈ ਤਕ ਪਹੁੰਚਣ ਲਈ ਸਾਨੂੰ ਇਹ ਵੇਖਣਾ ਹੋਵੇਗਾ ਕਿ ਰੂਸ ਅਤੇ ਚੀਨ ਸੋਸ਼ਲਿਸਟ ਤਾਕਤਾਂ ਹਨ ਜਾਂ ਨਹੀਂ ਜਾਂ ਉਨ੍ਹਾਂ ਵਿਚੋਂ ਇਕ ਸਾਮਰਾਜੀ ਤਾਕਤ ਹੈ ਤੇ ਦੂਸਰੀ ਸ਼ੋਸ਼ਲਿਸਟ ਤਾਕਤ ਹੈ। ਜਿੰਨਾ ਚਿਰ ਅਸੀਂ ਇਸ ਨਿਰਨੇ ਤੇ ਨਹੀਂ ਪਹੁੰਚਦੇ ਉਨਾਂ ਚਿਰ ਸ਼ਾਇਦ ਅਸੀਂ ਠੀਕ ਸਿੱਟੇ ਨਾ ਕੱਢ ਸਕੀਏ।

ਸਾਡੇ ਨਿਰਨੇ ਵਿਚ ਦੋਹਾਂ ਵਿਚੋਂ ਚੀਨ ਹੀ ਇਕ ਸੋਸ਼ਲਿਸਟ ਤਾਕਤ ਹੈ ਤੇ ਰੂਸ ਇਕ ਸਮਾਜਕ ਸਾਮਰਾਜ ਬਣ ਕੇ ਰਹਿ ਗਿਆ ਹੈ। ਇਸ ਗੱਲ ਦੀ ਸਮਝ ਵਧੇਰੇ ਜਲਦੀ ਆ ਜਾਵੇਗੀ ਜੇ ਇਸ ਅਸਲੀਅਤ ਨੂੰ ਜਾਣ ਲਈਏ ਕਿ ਕਿਸੇ ਦੇਸ਼ ਵਿਚ ਸੋਸ਼ਲਿਸਟ ਇਨਕਲਾਬ ਆਉਣ ਤੋਂ ਪਿਛੋਂ ਵੀ ਤਾਕਤ ਸਰਮਾਏਦਾਰੀ ਦੇ ਹੱਥਾਂ ਵਿਚ ਮੁੜ ਜਾ ਸਕਦੀ ਹੈ। ਇਨਕਲਾਬ ਦਾ ਆ ਜਾਣਾ ਇਨਕਲਾਬ ਦੇ ਬਚ ਜਾਣ ਦੀ ਗਰੰਟੀ ਨਹੀਂ ਹੋਇਆ ਕਰਦਾ। ਐਨ ਇਹੋ ਕੁਝ ਰੂਸ ਵਿਚ ਹੋਇਆ ਹੈ। ਰੂਸੀ ਪਾਰਟੀ ਦੀ ਵੀਹਵੀਂ ਕਾਂਗਰਸ ਦੀਆਂ ਫਾਰਮੂਲੇਸ਼ਨਾਂ ਇਸੇ ਉਲਟ ਇਨਕਲਾਬ ਤੇ ਇਕ ਮੋਹਰ ਸਨ।

ਹੁਣ ਜੇ ਅਸੀਂ ਇਸੇ ਸਚਾਈ ਨੂੰ ਫੜਦੇ ਹੋਏ ਨਿਕਸਨ ਦੀਆਂ ਫੇਰੀਆਂ ਦਾ ਨਿਰਨਾ ਕਰੀਏ ਤਾਂ ਗਲ ਪੱਲੇ ਪੈ ਜਾਵੇਗੀ। ਨਿਕਸਨ ਦੀ ਪੀਕਿੰਗ ਗਲਬਾਤ ਇਕ ਸਾਮਰਾਜੀ ਦੇਸ਼ ਦੀ ਸਮਾਜਵਾਦੀ ਦੇਸ਼ ਨਾਲ ਗਲਬਾਤ ਸੀ ਅਤੇ ਮਾਸਕੋ ਗੱਲਬਾਤ ਇਕ ਸਾਮਰਾਜੀ ਦੇਸ਼ ਦੀ ਦੂਸਰੇ ਸਾਮਰਾਜੀ ਦੇਸ਼ ਨਾਲ ਗੱਲਬਾਤ ਸੀ। ਤੱਤ ਉਸ ਵੇਲੇ ਚੰਗੀ ਤਰ੍ਹਾਂ ਸਮਝ ਆ ਜਾਂਦਾ ਹੈ ਜਦੋਂ ਅਸੀਂ ਦੋਹਾਂ ਗੱਲਾਂ ਬਾਤਾਂ ਦਾ ਲੇਖਾ ਜੋਖਾ ਕਰੀਏ ਅਤੇ ਵੇਖੀਏ ਕਿ ਦੁਨੀਆਂ ਵਿਚ ਸਾਮਰਾਜ ਵਿਰੋਧੀ ਲੜੇ ਜਾ ਰਹੇ ਸੰਘਰਸ਼ਾਂ ਅਤੇ ਖਾਸ ਕਰ ਕੇ ਵੀਅਤਨਾਮ ਦੇ ਮੁਕਤੀ ਸੰਗਰਾਮ ਤੇ ਕੀ ਪ੍ਰਭਾਵ ਪਿਆ।

ਜਿਥੋਂ ਤਕ ਵਿਸ਼ਵ ਸ਼ਾਂਤੀ ਦਾ ਤੁਅੱਲਕ ਹੈ ਉਹ ਇਹ ਹੈ ਜਿੰਨਾ ਚਿਰ ਦੁਨੀਆਂ ਵਿਚ ਸਾਮਰਾਜ ਕਾਇਮ ਹੈ ਜੰਗ ਦਾ ਖਤਰਾ ਹੀ ਖਤਰਾ ਹੈ ਭਾਵੇਂ ਕਿ ਜੰਗ ਨੂੰ ਰੋਕਣ ਦਾ ਹਰ ਕਦਮ ਇਕ ਪਵਿਤਰ ਅਮਲ ਹੈ। ਅਮਲ ਸੰਧੀਆਂ ਰਾਹੀਂ ਨਹੀਂ ਬਲਕਿ ਦੁਨੀਆਂ ਦੇ ਲੋਕਾਂ ਦੇ ਸੰਘਰਸ਼ ਰਾਹੀਂ ਹੀ ਕਾਇਮ ਰਖਿਆ ਜਾ ਸਕਦਾ ਹੈ।

ਜਦ ਅਸੀਂ ਨਿਕਸਨ ਦੀ ਪੀਕਿੰਗ ਯਾਤਰਾ ਦਾ ਲੇਖਾ ਜੋਖਾ ਕਰਦੇ ਹਾਂ ਤਾਂ ਇਕ ਗਲ ਠੋਸ ਹੈ ਕਿ ਖੂਨੀ ਦੈਂਤ ਨੇ ਇਕ ਐਸੀ ਅਸਲੀਅਤ ਨੂੰ ਮੰਨਿਆ ਹੈ ਜਿਸ ਤੋਂ ਉਹ ਪਿਛਲੇ 24 ਵਰ੍ਹਿਆਂ ਤੋਂ ਇਨਕਾਰੀ ਸੀ ਅਤੇ ਚੀਨ ਦੇ ਇਕ ਹਿਸੇ ਭਾਵ ਫ਼ਾਰਮੂਸਾ ਜਿਸ ਉਪਰ ਉਸ ਨੇ ਜ਼ਬਰਦਸਤੀ ਕਬਜ਼ਾ ਕੀਤਾ ਹੋਇਆ ਸੀ, ਨੂੰ ਛੱਡਣ ਨੂੰ ਮੰਨਣ ਤੇ ਮਜਬੂਰ ਹੋਇਆ ਹੈ। ਇਹ ਗੱਲ ਕਿਸੇ ਤੋਂ ਭੁੱਲੀ ਹੋਈ ਨਹੀਂ ਕਿ ਅਮਰੀਕਨ ਸਾਮਰਾਜੀ ਦੈਂਤ ਫਾਰਮੂਸਾ ਨੂੰ ਇਕ ਮਹਤਵਪੂਰਨ ਅੱਡਾ ਬਣਾ ਕੇ ਦਖਣ ਪੂਰਬ ਏਸ਼ੀਆ ਦੇ ਸੰਘਰਸ਼ਾਂ ਨੂੰ ਖਾਸ ਕਰ ਕੇ ਦਬਾ ਰਿਹਾ ਹੈ। ਫਾਰਮੂਸਾ ਖਾਲੀ ਕਰਵਾਉਣ ਨਾਲ ਜਿਹੜਾ ਵੀਅਤਨਾਮ ਦੇ ਸੰਘਰਸ਼ ਤੇ ਪ੍ਰਭਾਵ ਪਵੇਗਾ ਉਸ ਦਾ ਅਨੁਮਾਨ ਭਲੀ ਭਾਂਤ ਲਗਾਇਆ ਜਾ ਸਕਦਾ ਹੈ। ਇਸ ਦੇ ਉਲਟ ਨਿਕਸਨ ਦੀ ਮਾਸਕੋ ਯਾਤਰਾ ਵਿਚ ਕੋਈ ਐਸਾ ਤੱਤ ਨਹੀਂ ਜਿਸ ਨਾਲ ਵੀਅਤਨਾਮ ਦੇ ਲੋਕਾਂ ਦੇ ਸੰਘਰਸ਼ ਨੂੰ ਕੋਈ ਲਾਭ ਪੁੱਜਦਾ ਹੋਵੇ। ਨਿਕਸਨ ਦੀ ਰੂਸੀ ਫੇਰੀ ਦਾ ਮਤਲਬ ਤਾਂ ਦੁਨੀਆਂ ਦੇ ਲੋਕਾਂ ਦੀ ਪਿਠ ਪਿੱਛੇ ਬੈਠ ਕੇ ਦੁਨੀਆਂ ਨੂੰ ਵੰਡਣ ਲਈ ਦੋ ਖ਼ੂਨੀ ਦੈਂਤਾਂ ਦੇ ਮਨਸੂਬੇ ਸਿਰੇ ਚਾੜ੍ਹਨਾ ਸੀ।

ਰੂਸ ਦਾ ਨਿਕਸਨ ਦੀ ਪੀਕਿੰਗ ਫੇਰੀ ਤੇ ਟਿਪਣੀ ਕਰਨਾ ਦੋ ਵਖ ਵਖ ਨਜਰੀਆਂ ਤੋਂ ਵੇਖਿਆ ਹੀ ਸਮਝ ਆ ਸਕਦਾ ਹੈ । ਨਹੀਂ ਤਾਂ ਸਾਰਾ ਮਾਮਲਾ ਰਲ ਗੱਡ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਸਾਮਰਾਜੀ ਤੇ ਉਨ੍ਹਾਂ ਦੇ ਪਿਛਲੱਗ ਜਿਨ੍ਹਾਂ ਵਿਰੁਧ ਸਰਦਾਰ ਗੁਰਸ਼ਰਨ ਸਿੰਘ ਆਵਾਜ਼ ਉਠਾਉਂਦੇ ਹਨ, ਲਾਭ ਉਠਾ ਜਾਂਦੇ ਹਨ ।

(ਨਵੰਬਰ 1972 'ਰੋਹਿਲੇ ਬਾਣ' ਵਿਚੋਂ ਧੰਨਵਾਦ ਸਹਿਤ । )

O

—ਸਤਿਨਾਮ ਸਿੰਘ ਦੀ ਟਿਪਣੀ ਮਾਮਲੇ ਨੂੰ ਜਿਸ ਸਾਦਗੀ ਨਾਲ ਪੇਸ਼ ਕਰਦੀ ਹੈ, ਗੱਲ ਉਤਨੀ ਸਾਦੀ ਨਹੀਂ । ਉਹਨਾਂ ਨੇ ਇਕ ਫਾਰਮੂਲੇਸ਼ਨ ਮੰਨ ਲਈ ਹੈ ਕਿ ਚੀਨ ਇਕ ਸੋਸ਼ਲਿਸਟ ਤਾਕਤ ਹੈ ਅਤੇ ਰੂਸ ਇਕ ਸਮਾਜਕ ਸਾਮਰਾਜ ਬਣ ਕੇ ਰਹਿ ਗਿਆ ਹੈ । ਇਹ ਸਿੱਟਾ ਰੂਸ ਬਾਰੇ ਚੀਨ ਦੀ ਪਾਰਟੀ ਨੇ ਕੱਢਿਆ ਹੈ । ਕਿਸੇ ਅੰਤਰਰਾਸ਼ਟਰੀ ਕਮਿਊਨਿਸਟ ਲੀਗ ਨੇ ਆਪਣੀ ਸਾਂਝੀ ਸੋਚ ਵਿਚ ਨਹੀਂ ਕਢਿਆ । ਇਸ ਤਰ੍ਹਾਂ ਚੀਨ ਬਾਰੇ ਰੂਸ ਦੀ ਪਾਰਟੀ ਦਾ ਇਹ ਸਿੱਟਾ ਕਿ ਮਾਓ ਜੁੰਡਲੀ ਕਮਿਊਨਿਸਟ ਰਾਹ ਤੋਂ ਥਿੜਕ ਗਈ ਹੈ, ਇਹ ਵੀ ਕੋਈ ਅੰਤਰਰਾਸ਼ਟਰੀ ਕਮਿਊਨਿਸਟਾਂ ਦੀ ਸਾਂਝੀ ਸੋਚ ਨਹੀਂ । ਇਹ ਦੋਨੋਂ ਸਿੱਟੇ ਇਹ ਗੱਲ ਭੁੱਲ ਜਾਂਦੇ ਹਨ ਕਿ ਰੂਸ ਅਤੇ ਚੀਨ ਦੀਆਂ ਕਮਿਊਨਿਸਟ ਦੋ ਐਸੀਆਂ ਪਾਰਟੀਆਂ ਹਨ, ਜਿਨ੍ਹਾਂ ਪਿਛੇ ਸਾਲਾਂ ਦੇ ਸਖਤ ਸੰਘਰਸ਼ ਦਾ ਇਕ ਲੰਮਾ ਇਤਿਹਾਸ ਹੈ । ਲੱਖਾਂ ਦੀ ਗਿਣਤੀ ਵਿਚ ਉਹਨਾਂ ਕੋਲ ਥੱਲੇ ਤੋਂ ਲੈ ਕੇ ਉੱਪਰ ਤਕ ਸੂਝ ਵਾਲਾ ਕੇਡਰ ਹੈ । ਮੇਰਾ ਇਹ ਯਕੀਨ ਹੈ ਕਿ ਆਪਣੇ ਆਪਣੇ ਦੇਸ਼ਾਂ ਵਿਚ ਹਾਲਾਤ ਦੇ ਅਨੁਸਾਰ ਉਹ ਆਪਣੇ ਕਮਿਊਨਿਸਟ ਸਮਾਜ ਦੇ ਨਿਸ਼ਾਨੇ ਵਲ ਵਧ ਰਹੇ ਹਨ । ਜੇ ਉਹ ਥਿੜਕੇ ਹਨ ਤਾਂ ਸੰਸਾਰ ਇਨਕਲਾਬ ਦੇ ਮਾਮਲੇ ਵਿਚ ਥਿੜਕੇ ਹਨ, ਜਿਸ ਦੇ ਕਾਰਨਾਂ ਬਾਰੇ ਡੂੰਘੇ ਅਧਿਐਨ ਦੀ ਲੋੜ ਹੈ । ਇਹ ਅਧਿਐਨ ਕਮਿਊਨਿਸਟ ਪਾਰਟੀਆਂ ਦੀ ਬਰਾਬਰੀ ਦੇ ਅਸੂਲ ਤੇ ਕਾਇਮ ਕੀਤੀ ਕਿਸੇ ਅੰਤਰਰਾਸ਼ਟਰੀ ਕਮਿਊਨਿਸਟ ਲੀਗ ਵਿਚ ਹੀ ਕੀਤਾ ਜਾ ਸਕਦਾ ਹੈ, ਅਤੇ ਕਮਿਊਨਿਸਟ ਏਕਤਾ ਦੀ ਨੀਂਹ ਰਖੀ ਜਾ ਸਕਦੀ ਹੈ । ਜੇਕਰ ਇਹ ਗਲ ਵਕਤ ਸਿਰ ਕੀਤੀ ਜਾਂਦੀ ਤਾਂ ਵੀਅਤਨਾਮ ਦੇ ਸੰਗਰਾਮੀਆਂ ਨੂੰ ਆਪਣੀ ਮੰਜ਼ਿਲ ਤੇ ਪੁੱਜਣ ਲਈ ਇਤਨੀ ਵੱਡੀ ਕੁਰਬਾਨੀ ਨਾ ਦੇਣੀ ਪੈਂਦੀ । ਜੂਨ ਦੇ ਮਹੀਨੇ ਵਿਚ ਮੇਰੀ ਰੂਸ ਅਤੇ ਚੀਨ ਦੀ ਆਲੋਚਨਾ ਇਸੇ ਸੰਪਰਕ ਵਿਚ ਸੀ ਕਿ ਇਹ ਤਾਕਤਾਂ ਜ਼ਾਲਮ ਅਮਰੀਕਨ ਦੈਂਤ ਨਾਲ ਵੱਖ ਵੱਖ ਦੋਸਤੀਆਂ ਦੀਆਂ ਗੱਲਾਂ ਕਰਦੇ ਰਹੇ ਪਰ ਇਹਨਾਂ ਨੇ ਮਿਲ ਕੇ ਦੈਂਤ ਨੂੰ ਨੱਥ ਨਹੀਂ ਪਾਈ । ਸੰਸਾਰ ਕਮਿਊਨਿਸਟ ਲਹਿਰ ਦਾ ਇਸ ਤਰ੍ਹਾਂ ਪਾਟਨਾਂ ਸਾਡੇ ਦੇਸ਼ ਵਿਚ ਵੀ ਆਪਣਾ ਭੈੜਾ ਅਸਰ ਪਾ ਰਿਹਾ ਹੈ । ਇਸ ਦੇਸ਼ ਵਿਚ ਵੀ ਜੇਕਰ ਕਮਿਊਨਿਸਟ ਰਲ ਕੇ ਬੈਠਣ ਅਤੇ ਇੰਦਰਾ ਸਰਕਾਰ ਵਲ ਇਕ ਸਾਂਝੀ ਸੋਚ ਬਣਾ ਕੇ ਚਲਣ (ਅਤੇ ਇਹ ਸਾਂਝੀ ਸੋਚ ਬਨਾਉਣੀ ਬਿਲਕੁਲ ਹੀ ਮੁਸ਼ਕਿਲ ਨਹੀਂ) ਤਾਂ ਲੋਕਾਂ ਨੂੰ ਵੀ ਕੋਈ ਤਾਕਤ ਸਪਸ਼ਟ ਦਿਸੇ ਜਿਹੜੀ ਕਾਂਗਰਸ ਪਾਰਟੀ ਦੀ ਥਾਂ ਸੱਚਾ ਸਮਾਜਵਾਦ ਲਿਆਉਣ ਦੀ ਸਮਰੱਥਾ ਰਖਦੀ ਹੈ । ਸੀ. ਪੀ. ਆਈ. ਮਾਰਕਸਵਾਦੀ ਪਾਰਟੀ ਅਤੇ ਮਾਰਕਸਵਾਦੀ ਲੈਨਿਨਵਾਦੀ ਪਾਰਟੀਆਂ ਦਾ ਕੇਡਰ ਮਿਲਣ ਤੇ ਇਕਦਮ ਸਾਂਝੀ ਸੋਚ ਬਣ ਸਕਦਾ ਹੈ । ਇਕ ਦੂਜੇ ਨੂੰ ਸੀ. ਆਈ. ਏ. ਦਾ ਏਜੰਟ, ਸਰਮਾਏਦਾਰੀ ਦਾ ਏਜੰਟ ਜਾਂ ਉੱਲਟ ਇਨਕਲਾਬੀਏ ਕਹਿਣ ਨਾਲ ਗੱਲ ਨਹੀਂ ਬਣਦੀ । ਇਸ ਤਰ੍ਹਾਂ ਮਿਲ ਕੇ ਨਾ ਸੋਚਣਾ ਸਗੋਂ ਸਰਮਾਏਦਾਰੀ ਦੇ ਹੱਥਾਂ ਵਿਚ ਖੇਡਣਾ ਹੈ, ਜਿਸ ਤਰ੍ਹਾਂ ਅੰਤਰਰਾਸ਼ਟਰੀ ਪੱਧਰ ਤੇ ਕਮਿਊਨਿਸਟਾਂ ਦਾ ਮਿਲ ਕੇ ਨਾ ਬੈਠਣਾ ਸਾਮਰਾਜੀਆਂ ਦੇ ਹੱਥਾਂ ਵਿਚ ਤਮਾਸ਼ਾ ਬਣਨਾ ਹੈ, ਜਿਸ ਬਾਰੇ ਮੇਰੀ ਟਿਪਣੀ ਸੀ ।

ਮੇਰੀ ਇਸ ਸੋਚ ਵਿਚ ਜੇਕਰ ਸਾਇੰਸ ਨਹੀਂ ਸਿਰਫ ਇਕ ਜਜ਼ਬਾ ਹੈ ਤਾਂ ਮੈਂ ਤੱਤਾਂ ਤੇ ਅਧਾਰਤ ਬੜੀ ਹਲੀਮੀ ਨਾਲ ਉਸ ਸਾਇੰਸ ਦੀ ਜਾਣਕਾਰੀ ਲੈਣਾ ਚਾਹਵਾਂਗਾ ਜਿਹੜੀ ਇਸ ਕਮਿਊਨਿਸਟ ਦੁਫਾੜ ਨੂੰ ਲਾਜ਼ਮੀ ਬਣਾਂਦੀ ਹੈ । —ਗੁਰਸ਼ਰਨ ਸਿੰਘ

O

## ਕ੍ਰਾਂਤੀਕਾਰੀ ਕਵਿਤਾ

—ਸਤਪਾਲ ਸਿੰਘ ਰਤਨ

ਅਜ ਕਲ੍ਹ ਲਿਖੀ ਜਾ ਰਹੀ ਕ੍ਰਾਂਤੀਕਾਰੀ ਕਵਿਤਾ ਨੇ ਪਾਠਕਾਂ ਵਿਚਾਲੇ ਬੜਾ ਦਵੰਦ ਖੜਾ ਕੀਤਾ ਹੈ । ਇਸ ਦੇ ਵਿਰੋਧ ਅਤੇ ਹੱਕ ਵਿਚ ਦਲੀਲਾਂ ਦਿਤੀਆਂ ਜਾ ਰਹੀਆਂ ਹਨ । ਕ੍ਰਾਂਤੀਕਾਰੀ ਕਵੀ ਵੀ ਆਪਸ ਵਿਚ

ਸਿਰ ਜੋੜੀ ਖੜੇ ਹਨ ਪਰ ਜਿਹਨਾਂ ਭਗਤਾਂ ਲਈ ਜਿਹਨਾਂ ਨੇ ਕ੍ਰਾਂਤੀ ਲਿਆਉਣੀ ਹੈ, ਉਹਨਾਂ ਨੂੰ ਸ਼ਾਇਦ ਪਤਾ ਹੀ ਨਹੀਂ। ਸਰਦਲ ਨਵੰਬਰ 72 ਵਿਚ ਛਪੇ ਇਕਬਾਲ ਸਿੰਘ ਅਤੇ ਸੁਰਜੀਤ ਖੁਰਸ਼ੀਦੀ ਦੇ ਲੇਖਾਂ ਤੋਂ ਕ੍ਰਾਂਤੀਕਾਰੀ ਕਵਿਤਾ ਦਾ ਕੁਝ ਮੁੱਖ ਸਾਹਮਣੇ ਨਿਖਾਰ ਕੇ ਆਉਂਦਾ ਹੈ। ਇਕਬਾਲ ਸਿੰਘ ਨੇ ਸਿਰਫ ਸੁਰਜੀਤ ਖੁਰਸ਼ੀਦੀ ਦੀ ਵਿਰੋਧਤਾ ਕਰਨ ਲਈ ਅਤੇ ਡਾਕਟਰ ਦੁਸਾਂਝ ਦੀ ਸਹਾਇਤਾ ਲਈ ਹੀ ਵਿਰੋਧ ਕੀਤਾ ਲਗਦਾ ਹੈ—ਸਚਾਈ ਨੂੰ ਪੈਰਾਂ ਹੇਠ ਲਿਤਾੜ ਦਿਤਾ ਹੈ।

ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਕ੍ਰਾਂਤੀ ਬਹੁ-ਗਿਣਤੀ ਨਾਲ ਹੀ ਆਉਂਦੀ ਹੈ। ਕੁਝ ਤਿਲ-ਫੁਲ ਆਦਮੀ ਕਿਸੇ ਕ੍ਰਾਂਤੀ ਨੂੰ ਜਨਮ ਤਾਂ ਦੇ ਸਕਦੇ ਹਨ ਪਰ ਉਸਦਾ ਪਾਲਣ ਪੋਸਣ ਕਰ ਕੇ ਉਸ ਨੂੰ ਜੁਆਨ ਨਹੀਂ ਕਰ ਸਕਦੇ ਜਿਤਨਾ ਚਿਰ ਹੋਰ ਲੋਕ ਉਹਨਾਂ ਮਗਰ ਨਹੀਂ ਲਗਦੇ। ਪਰ ਕਈ ਵਾਰੀ ਬਹੁ-ਗਿਣਤੀ ਨਾਲੋਂ ਘਟ-ਗਿਣਤੀ ਦੇ ਸਿਰਕੱਢ ਲੋਕ ਕੰਮ ਸਿਰੇ ਲਾ ਦਿੰਦੇ ਹਨ। ਪਰ ਇਹ ਅਸੂਲ (ਹੁਣ ਦੇ ਮੁਤਾਬਕ) ਸਾਹਿਤਕ ਖੇਤਰ ਵਿਚੋਂ ਕ੍ਰਾਂਤੀ ਜਨਮ ਕੇ ਲਾਗੂ ਨਹੀਂ ਹੁੰਦਾ। ਸਾਡੇ ਕ੍ਰਾਂਤੀਕਾਰੀ ਕਵੀ ਕਿੰਨੇ ਕੁ ਹਨ? ਸਭ ਨੂੰ ਪਤਾ ਹੈ ਜਿਹੜੇ ਚਲ ਰਹੇ ਅਖਾਉਤੀ ਕ੍ਰਾਂਤੀਕਾਰੀ ਰਿਸਾਲਿਆਂ ਵਿਚ ਛਪਦੇ ਹਨ। ਸਾਨੂੰ ਇਹਨਾਂ ਦੀ ਘਟ-ਗਿਣਤੀ ਉਤੇ ਅਫਸੋਸ ਨਹੀਂ—ਅਸੀਂ ਤਾਂ ਇਹਨਾਂ ਦੀ ਕਵਿਤਾ ਨੂੰ ਰੋਂਦੇ ਹਾਂ। ਇਸ ਤਰ੍ਹਾਂ ਲਗਦਾ ਹੈ ਕਿ ਇਹ ਕਵੀ ਸਿਰਫ ਆਪਣੇ ਕ੍ਰਾਂਤੀਕਾਰੀ ਭਾਈਆਂ ਲਈ ਹੀ ਰਚਨਾ ਕਰਦੇ ਹਨ, ਸਭ ਲੋਕਾਂ ਲਈ ਨਹੀਂ। ਇਹ ਮੰਨਣ ਵਾਲੀ ਗੱਲ ਹੈ ਕਿ ਜਿਸ ਚੀਜ਼ ਦੀ ਸਾਨੂੰ ਸਮਝ ਨਹੀਂ ਆਉਂਦੀ ਉਸ ਦੇ ਉਤੇ ਅਸੀਂ ਅਮਲ ਕਿਸ ਤਰ੍ਹਾਂ ਕਰ ਸਕਦੇ ਹਾਂ? (ਇਸ ਨੁਕਤੇ ਸਬੰਧੀ 'ਸਰਦਲ' ਵਿਚ ਦ. ਸ. ਸਿਧਰਾ ਦਾ ਪੱਤਰ ਵੀ ਛਪਿਆ ਹੈ) ਕ੍ਰਾਂਤੀਕਾਰ ਕਵੀ ਸ਼ਾਇਦ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਇਨਕਲਾਬ ਲਿਆਉਣ ਵਿਚ ਅਨਪੜ੍ਹ ਜੱਟਾਂ ਦਾ ਵੀ ਹਿੱਸਾ ਹੁੰਦਾ ਹੈ ਅਤੇ ਅਸਲ ਵਿਚ ਉਹਨਾਂ ਬਿਨਾਂ ਇਨਕਲਾਬ ਆਉਣਾ ਹੀ ਮੁਸ਼ਕਲ ਹੈ।

ਇਕਬਾਲ ਸਿੰਘ ਨੇ ਸੁਰਜੀਤ ਖੁਰਸ਼ੀਦੀ ਦੇ ਡਾਕਟਰ ਦੁਸਾਂਝ ਉਤੇ ਕੀਤੇ ਹਮਲੇ ਦਾ ਬਦਲਾ ਲੈਣ ਲਈ ਸੁਰਜੀਤ ਖੁਰਸ਼ੀਦੀ ਨੂੰ ਝੁਠਲਾਉਣ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਮੈਂ ਸਰਦਲ ਨਵੰਬਰ 72 ਵਿਚੋਂ ਅਮਰ ਯਾਦਵ ਦੀ 'ਅੱਗ' ਕਵਿਤਾ ਹੇਠਾਂ ਲਿਖਦਾ ਹਾਂ ਅਤੇ ਇਕਬਾਲ ਸਿੰਘ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਕਵਿਤਾ ਦਾ ਭਾਵ ਹਰੇਕ ਆਦਮੀ ਸਮਝ ਲਏਗਾ?

'ਆਓ ਸ਼ਮਸ਼ਾਨ ਘਾਟ ਜਾ ਕੇ
ਆਪਣੀਆਂ ਮੁਰਦਾ ਲਾਸ਼ਾਂ ਨੂੰ
ਸਾੜ ਆਈਏ।
ਅਜ ਦੇ ਇਸ ਯੁਗ ਵਿਚ
ਸ਼ਾਲਾਂ ਦੀ ਨਹੀਂ,
ਅੱਗ ਦੀ ਲੋੜ ਹੈ।"

ਉਪਰੋਕਤ ਕਵਿਤਾ ਬਿਲਕੁਲ ਸਾਦੀ ਜਿਹੀ ਹੈ ਪਰ ਇਹ ਪੜ੍ਹੀ ਲਿਖੀ ਜਾਂ ਕ੍ਰਾਂਤੀਕਾਰੀ ਸ਼੍ਰੇਣੀ ਨੂੰ ਹੀ ਕੁਝ ਤਾਅ ਦੇ ਸਕਦੀ ਹੈ। ਕੀ ਇਸ ਕਵਿਤਾ ਨੂੰ ਪੜ੍ਹ ਕੇ ਰੌਂਗਟੇ ਖੜੇ ਹੋਣਗੇ? ਮੇਰਾ ਖਿਆਲ ਹੈ ਲੇਖਕ ਤੋਂ ਬਿਨਾਂ ਇਸ ਦਾ ਭਾਵ ਕੋਈ ਨਹੀਂ ਕਬੂਲ ਕਰੇਗਾ। ਹੇਠਾਂ ਮੈਂ ਇਕ ਹੋਰ ਕਾਵਿ-ਟੋਟਾ ਦੇ ਰਿਹਾ ਹਾਂ ਅਤੇ ਦੇਖਣਾ ਕਿ ਇਸ ਦਾ ਪਰਭਾਵ ਉਪਰ ਦਿਤੇ ਟੁੱਕੜੇ ਨਾਲੋਂ ਕਿੰਨਾ ਕੁ ਵਧ ਹੈ:—

'ਉਚੀ ਕਰਕੇ ਅਵਾਜ਼ ਮਜ਼ਦੂਰ ਨੇ ਹੈ ਕਹਿਣਾ,
ਹਿਸਾ ਦੇਸ਼ ਦੀ ਅਜ਼ਾਦੀ ਵਿਚੋਂ ਅਸੀਂ ਵੀ ਹੈ ਲੈਣਾ,
ਅੱਜ ਸਾਡੇ ਰਾਹਾਂ ਵਿਚ ਕੋਈ ਠੋਸ ਨਾ ਧਰੇ।
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

(ਸੰਤ ਰਾਮ ਉਦਾਸੀ)

ਜੇ ਉਪਰੋਕਤ ਗੀਤ ਦੀਆਂ ਸੱਤਰਾਂ ਹਲ ਵਾਹੁਣ ਜੱਟ ਨੂੰ ਪੜ੍ਹ ਕੇ ਸੁਣਾਈਆਂ ਜਾਣ ਤਾਂ ਉਹਦੇ ਉਤੇ ਇਹਨਾਂ ਦਾ ਅਸਰ ਜ਼ਿਆਦਾ ਹੋਵੇਗਾ ਨਿਸਬਤ ਅਮਰ ਯਾਦਵ ਦੀ ਕਵਿਤਾ ਦੇ।

ਕਵੀ ਸਮੇਂ ਦੇ ਮੁਤਾਬਕ ਗੱਲ ਕਰਦਾ ਹੈ ਅਤੇ ਸਮਾਂ ਵੀ ਕਵੀ ਨੂੰ ਸਮੇਂ ਦੇ ਮੁਤਾਬਕ ਗੱਲ ਕਰਨ ਲਈ ਮਜਬੂਰ ਕਰਦਾ ਹੈ। ਪਰ ਸਮਾਂ ਇਹ ਤਾਂ ਨਹੀਂ ਕਹਿੰਦਾ ਕਿ ਕਵੀ ਕੁਝ ਲੋਕਾਂ ਲਈ ਹੀ ਲਿਖੇ? ਸੁਰਜੀਤ ਖੁਰਸ਼ੀਦੀ ਦੀਆਂ ਆਪਣੇ ਲੇਖ ਵਿਚ ਦਿਤੇ ਕਵੀਆਂ ਦੀਆਂ ਉਦਾਹਰਣਾਂ ਤੋਂ ਇਕਬਾਲ ਸਿੰਘ ਨੂੰ ਨਰਾਜ਼ ਨਹੀਂ ਹੋਣਾ ਚਾਹੀਦਾ ਸੀ। ਪਰ ਸੱਚ ਹਮੇਸ਼ਾਂ ਕੌੜਾ ਹੀ ਹੁੰਦਾ ਹੈ ਉਹ ਕੀ ਕਰਨ! ਪਰ ਮੈਂ ਇਤਨਾ ਜ਼ਰੂਰ ਮੰਨਦਾ ਹਾਂ ਕਿ ਇਹ ਕ੍ਰਾਂਤੀਕਾਰ ਕਵੀ ਆਪਸ ਵਿਚ (ਆਪ ਦੇ ਸੀਮਤ ਘੇਰੇ ਵਿਚ) ਲੜ ਕੇ ਜ਼ਰੂਰ ਆਪਣੀਆਂ ਕਲਮਾਂ ਤੋੜਨਗੇ। ਇਹਨਾਂ ਦਾ ਫਰਜ਼ ਲੋਕਾਂ ਨੂੰ ਮਗਰ ਲਾਉਣਾ ਹੈ ਉਹਨਾਂ ਦੀ ਬੋਲੀ ਵਿਚ ਰਚਨਾ ਕਰ ਕੇ। ਇਹਨਾਂ ਨੂੰ ਅਜੇ ਪਤਾ ਨਹੀਂ ਲਗਿਆ ਜਾਪਦਾ ਕਿ ਇਹਨਾਂ ਦੀ ਮਧਾਣੀ ਪਾਣੀ ਵਿਚ ਖੜਕਦੀ ਹੈ। ਜੇ

ਸੁਰਜੀਤ ਖੁਰਸ਼ੀਦੀ ਵਰਗੇ ਇਕ ਦੋ ਹੋਰ ਇਹਨਾਂ ਦੀ 'ਸੇਵਾ' ਕਰਨ ਤਾਂ ਹੋ ਸਕਦੈ ਇਹ ਆਪਣੀ ਮਧਾਣੀ ਦੁੱਧ ਵਿਚ ਪਾ ਲੈਣ। ਪਰ ਇਹਨਾਂ ਦੀ ਵਰਤਮਾਨ ਰੁਚੀ ਤੋਂ ਜ਼ਾਹਰ ਹੁੰਦਾ ਹੈ ਕਿ ਇਹ ਅਜੇ ਸਮੁੰਦਰ ਹੀ ਰਿੜਕਣਗੇ ਡੱਕਿਆਂ ਨਾਲ। ਖ਼ੁਦਾ ਖ਼ੈਰ ਕਰੇ!

—ਨਵੰਬਰ ਅੰਕ ਮਿਲਿਆ। 'ਮੋਗਾ ਲਿਖਾਰੀ ਸਭਾ' ਨੂੰ ਸਮਰਪਿਤ ਹੋਣ ਦੀ ਥਾਂ ਜੇ ਮੋਗਾ 'ਚ ਹੋਏ ਸ਼ਹੀਦਾਂ ਦੇ ਨਾਂ ਹੁੰਦੀ ਤਾਂ ਹੋਰ ਵੀ ਚੰਗਾ ਹੁੰਦਾ। ਅੰਕ ਸਮੁਚੇ ਤੌਰ ਤੇ ਪ੍ਰਭਾਵਸ਼ਾਲੀ ਸੀ।

'ਰੋਹਲੇ ਬਾਣ' ਦਾ ਪੋਸਟ-ਮਾਰਟਮ ਕਰਦੇ ਹੋਏ ਖੁਰਸ਼ੀਦੀ ਸਾਹਿਬ ਜੀ ਕਹਿੰਦੇ ਹਨ ਕਿ ਸਾਡੇ ਪੰਜਾਬ ਵਿਚ ਇਸ ਲਹਿਰ (ਕ੍ਰਾਂਤੀਕਾਰੀ) ਦੇ ਸਭ ਤੋਂ ਵਡੇ ਨਿਕਾਬਪੋਸ਼ ਡਾ: ਦੁਸਾਂਝ ਜੀ ਹਨ, ਜਿਹਨਾਂ ਦੀ ਕਲਮ ਅਜੇ ਸਾਡੇ ਅਨੇਕਾਂ ਹੋਣਹਾਰ ਯੁਵਕਾਂ ਦਾ ਖ਼ੂਨ ਪੀ ਕੇ ਰੱਜੀ ਨਹੀਂ। ਉਹਨਾਂ ਤੋਂ ਅਗਵਾਈ ਲੈ ਕੇ ਕਿਤਨੇ ਹੀ ਨੌਜਵਾਨਾਂ ਨੇ ਜਾਨਾਂ ਗੁਆਈਆਂ ਅਤੇ ਕਿਤਨੇ ਇੰਟੈਰੋਗੇਸ਼ਨ ਸੈਂਟਰਾਂ ਵਿਚ ਮਾਰਾਂ ਖਾ ਖਾ ਕੇ ਸਦਾ ਲਈ ਨਕਾਰਾ ਹੋ ਗਏ। ਇਸ ਦਾ ਪੂਰਾ ਪਤਾ ਤਾਂ ਇਹਨਾਂ ਨੂੰ ਹੀ ਹੋਵੇਗਾ ਸਾਨੂੰ ਤਾਂ ਬਸ ਇਹ ਪਤਾ ਹੈ ਕਿ ਡਾਕਟਰ ਸਾਹਿਬ ਨੂੰ ਕਦੇ ਕਿਸੇ ਉਏ ਵੀ ਨਹੀਂ ਕਿਹਾ। ਖੁਰਸ਼ੀਦੀ ਸਾਹਿਬ ਨੂੰ ਇਸ ਗੱਲ ਦਾ ਗਿਲਾ ਹੈ ਕਿ ਡਾ: ਸਾਹਿਬ ਨੂੰ ਕਿਸੇ ਨੇ ਉਏ ਨਹੀਂ ਕਿਹਾ। ਉਹਨਾਂ ਨੇ ਕਿਹਾ ਕਿ ਕਿਤਨੇ ਹੀ ਨੌਜਵਾਨਾਂ ਨੇ ਡਾ: ਦੁਸਾਂਝ ਦੀ ਅਗਵਾਈ ਹੇਠ ਜਾਨਾਂ ਗਵਾਈਆਂ। ਖੁਰਸ਼ੀਦੀ ਸਾਹਿਬ! ਸੁਣਦੇ ਪਏ ਹੋ ਨਾਂ! ਜ਼ਰਾ ਮੈਨੂੰ ਵੀ ਦਸਣਾ ਕਿ ਡਾ: ਸਾਹਿਬ ਨੇ ਯੁਵਕਾਂ ਨੂੰ ਸਿਖਿਆ ਦੇਣ ਦਾ ਸਕੂਲ ਕਿੱਥੇ ਖੋਲ੍ਹਿਆ ਹੈ? ਖੁਰਸ਼ੀਦੀ ਸਾਹਿਬ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਹੜੇ ਯੁਵਕਾਂ ਨੇ ਜਾਨਾਂ ਗੁਆਈਆਂ ਜਾਂ ਨਕਾਰਾ ਹੋ ਗਏ ਉਹ ਡਾ: ਸਾਹਿਬ ਦਾ ਕਾਰਨਾਮਾ ਨਹੀਂ ਸਨ। ਉਹ ਸਮੇਂ ਦੀ ਮੰਗ ਸੀ।

ਖੁਰਸ਼ੀਦੀ ਸਾਹਿਬ! ਅੱਗੇ ਤੋਂ ਕਿਸੇ ਤਰ੍ਹਾਂ ਦੀ ਵੀ ਆਲੋਚਨਾ ਤੋਂ ਵੀ ਪਹਿਲਾਂ ਨੀਲਾਗਰੀ-12 ਵਿਚ ਛਪੀਆਂ ਆਪਣੀਆਂ ਨਜ਼ਮਾਂ ਅੱਖਾਂ ਮੂਹਰੇ ਕਰ ਲਿਆ ਕਰਨਾ। ਇਹ ਲਾਈਨਾਂ ਤੁਹਾਡੀਆਂ ਹੀ ਹਨ ਨਾ:

'ਕੋਸ਼ਿਸ਼ਾਂ ਤਾਂ ਬਹੁਤ ਕੀਤੀਆਂ ਹਨ ਯਾਰੋ
ਲੰਘ ਜਾਵਾਂ ਦਾਮਨ ਬਚਾ ਕੇ ਹਰ ਵਾਰ
ਜ਼ਿੰਦਗੀ ਦੇ ਖਾਰਜ਼ਾਰਾਂ ਵਿਚ, ਸਹਿਰਾਵਾਂ 'ਚੋਂ ਮੈਂ
ਫੇਰ ਵੀ ਦਾਮਨ ਮੇਰਾ ਕਿਉਂ ਲੀਰ ਲੀਰ?'

ਖੁਰਸ਼ੀਦੀ ਸਾਹਿਬ ਪੰਜਾਬੀ ਸਾਹਿਤ ਦੇ ਰਾਖੇ ਹੁਣ ਬਹੁਤ ਚੌਕੰਨੇ ਹਨ। ਤੁਸੀਂ ਕੋਸ਼ਿਸ਼ਾਂ ਕਰ ਵੇਖੋ। ਤੁਸੀਂ ਮੰਨਦੇ ਹੋ ਕਿ ਤੁਹਾਡਾ ਦਾਮਨ ਲੀਰੋ-ਲੀਰ ਹੋ ਗਿਐ। ਯਾਦ ਰਖਣਾ ਖੁਰਸ਼ੀਦੀ ਸਾਹਿਬ ਜੀ, ਜੇ ਤੁਹਾਡੇ ਇਹੋ ਚਾਲੇ ਰਹੇ ਤਾਂ ਤੁਹਾਡੀ ਹੋਂਦ ਵੀ ਲੀਰੋ ਲੀਰ ਹੋ ਜਾਵੇਗੀ ਤੇ ਤੁਹਾਨੂੰ ਲੁਕਣ ਲਈ ਮਹਿਬੂਬਾਂ ਦੀਆਂ ਜ਼ੁਲਫਾਂ ਵੀ ਨਹੀਂ ਲੱਭਣੀਆਂ।

ਤੁਸੀਂ ਆਪਣੀ 'ਸੀਮਤ-ਅਸੀਮ' ਨਜ਼ਮ 'ਚ ਆਖਦੇ ਹੋ:

ਮੈਂ ਤਾਂ ਇਕ ਰੁੱਖ ਹਾਂ
ਨਦੀ 'ਚ ਰੁੜ੍ਹਿਆ ਜਾਂਦਾ
ਪਾਨੀ ਦੀ ਚਾਲੇ!
ਰੁੜ੍ਹਿਆ ਜਾਵਾਂ, ਰੁੜ੍ਹਿਆ ਜਾਵਾਂ,
ਦਿਸ਼ਾ ਹੀਨ, ਪਰਵਸ, ਵਿਚਾਰਾ!'

ਦੁੱਖ ਹੋਇਆ! ਤੁਸੀਂ ਤੇ ਰੁੜ੍ਹੇ ਜਾਂਦੇ ਹੀ ਹੋ ਨਾਲ ਹੋਰਾਂ ਨੂੰ ਕਿਉਂ ਘਸੀਟਦੇ ਹੋ। ਆਪ ਤੇ ਦਿਸ਼ਾ-ਹੀਨ ਹੋ ਹੀ। ਬਾਕੀਆਂ ਨੂੰ 'ਤੇ ਸਹੀ ਰਾਹੇ ਜਾਣ ਦਿਉ।

—ਯਕਮ

—ਹਥਲੇ ਅੰਕ ਨੂੰ ਪੜ੍ਹ ਕੇ ਪਿਛਲਾ ਅੰਕ ਦੇਖੀਏ ਤਾਂ ਯਕੀਨ ਨਹੀਂ ਆਉਂਦਾ ਕਿ ਦੋਵੇਂ ਅੰਕ ਇਕੋ ਸੰਪਾਦਨਾ ਹੇਠੋਂ ਆਏ ਹਨ। ਕਹਾਣੀ ਭਾਗ ਤੇ ਕਵਿਤਾ ਭਾਗ ਦੋਨਾਂ ਤੇ ਰੌਣਕ ਆ ਗਈ ਹੈ ਬੜੀਆਂ ਅੱਛੀਆਂ ਰਚਨਾਵਾਂ ਹਨ ਐਤਕੀਂ ਦੀਆਂ ਤੇ ਤੀਸਰੀ ਅੱਖ ਦਿਨੋ ਦਿਨ ਸਿਹਤਵੰਤ ਹੁੰਦੀ ਤਕ ਕੇ ਖ਼ੁਸ਼ੀ ਹੋਈ ਹੈ, ਪਰ ਜੰਗਲੀ ਫੁਲ ਦੀ ਸਮੀਖਿਆ ਦੀ ਕੀ ਲੋੜ ਸੀ। ਜੇ ਕਰਨੀ ਸੀ ਤਾਂ ਵਿਸਥਾਰ ਵਿਚ ਕੀਤੀ ਜਾਂਦੀ ਤੇ ਅਲੱਗ ਫੀਚਰ ਛਾਪਿਆ ਜਾਂਦਾ।

ਪਾਠਕ ਲੇਖਕ ਫੋਰਮ ਵਿਚ ਬਹਿਸ ਸ਼ੁਰੂ ਕਰਨਾ ਚੰਗੀ ਸੋਚ ਹੈ ਪਰ ਇਹ ਨਾ ਹੋਵੇ ਕਿ ਇਹ ਫੋਰਮ ਗਾਲੀ-ਗਲੋਚ ਦਾ ਹੀ ਬਣ ਕੇ ਰਹਿ ਜਾਵੇ। ਜਦ ਕਦੀ ਅਲੋਚਨਾ ਕਰਨੀ ਹੋਵੇ ਤਾਂ ਸਿਰਫ ਰਚਨਾਵਾਂ ਦੀ ਹੋਣੀ ਚਾਹੀਦੀ ਹੈ ਨਾ ਕਿ ਲੇਖਕਾਂ ਦੀ ਨਿਜੀ ਅਲੋਚਨਾ (ਕਈ ਵਾਰ ਇਉਂ ਹੁੰਦੀ ਹੈ)। ਪੰਜਾਬੀ ਸਾਹਿਤ ਵਿਚ ਇਕ ਨਵੀਂ ਲਹਿਰ ਚਲੀ ਹੈ 'ਵਿਅੰਗ'। ਜੇ ਉਸ ਵਿਅੰਗ ਦਾ ਕੋਈ ਅਰਥ ਹੋਵੇ ਫਿਰ ਤਾਂ ਵਖਰੀ ਗੱਲ ਹੈ ਪਰ ਉਹ ਸਿਰਫ ਕਾਗਜ਼ ਭਰਨਾ ਤੇ ਪਾਠਕਾਂ ਦੀ ਘਟੀਆ ਰੁਚੀ ਨੂੰ ਉਤੇਜਤ ਕਰਨ ਵਾਸਤੇ ਹੀ ਹਨ। ਮੈਂ ਰਿਸਾਲਿਆਂ ਦੇ ਨਾਂ ਤਾਂ ਨਹੀਂ ਲੈਣਾ ਚਾਹੁੰਦਾ ਜੋ ਇਹ ਚੀਜ਼ਾਂ ਛਾਪਦੇ ਹਨ ਹਾਂ ਤੁਹਾਨੂੰ ਜ਼ਰੂਰ ਬੇਨਤੀ

ਕਰਾਂਗਾ ਕਿ ਤੁਸੀਂ ਆਪਣੇ ਪਤਰ ਨੂੰ ਇਨ੍ਹਾਂ ਚੀਜ਼ਾਂ ਤੋਂ ਦੂਰ ਰਖਣਾ ।

ਮੇਰੇ ਭਾਰਤ ਦੇ ਅਗਾਂਹ ਵਧੂਆਂ ਨੇ ਸੀ.ਆਈ.ਏ. ਸ਼ਬਦ ਬੜਾ ਪਿਆਰਾ ਕਰ ਰਖਿਆ ਹੈ । ਪਹਿਲਾਂ ਇਨ੍ਹਾਂ ਨੂੰ (ਸ਼ਬਦਾਂ ਨੂੰ) ਗੌਰਮਿੰਟ ਜਾਂ ਗੌਰਮਿੰਟ ਦੀਆਂ ਸੰਸਥਾਵਾਂ ਵਿਰੁਧ ਵਰਤਿਆ ਜਾਂਦਾ ਸੀ, ਅੱਜ ਗੌਰਮਿੰਟ ਜਾਂ ਉਸ ਦੀਆਂ ਸੰਸਥਾਵਾਂ ਇਨ੍ਹਾਂ ਸ਼ਬਦਾਂ (ਸੀ.ਆਈ.ਏ.) ਨੂੰ ਅਮਰੀਕਾ ਵਿਰੁਧ ਵਰਤਣ ਲਗ ਪਈ ਹੈ ।

ਮੈਨੂੰ ਲੇਖਕ ਵਰਗ ਨਾਲ ਇਕ ਬਹੁਤ ਵਡਾ ਗਿਲਾ ਹੈ ਉਹ ਇਕ ਦੂਜੇ ਨੂੰ ਬਦਨਾਮ ਕਰਨ ਦਾ, ਸੈਮੀਨਾਰਾਂ ਵਿਚ ਖੁਲ੍ਹੀਆਂ ਚਿੱਠੀਆਂ ਲਿਖ ਕੇ ਜਾਂ ਰੇਖਾ ਚਿਤਰ ਬਣਾ ਕੇ ਜਾਂ ਕਿਸੇ ਹੋਰ ਤਰ੍ਹਾਂ । ਇਹ ਸਿਧਾਂਤਕ ਤਣਾਅ ਨਹੀਂ ਹੈ ਬਲਕਿ ਸਮਕਾਲੀ ਹੈ । ਇਕ ਦੂਜੇ ਤੇ ਅੰਨੇਵਾਹ ਸ਼ੱਕਾਂ ਕੀਤੀਆਂ ਗਈਆਂ ਹਨ । ਜਦੋਂ ਪਾਸ਼ ਨੂੰ ਰਿਹਾ ਕੀਤਾ ਗਿਆ ਤਾਂ ਸੁਣਨ ਵਿਚ ਆਇਆ, "ਇਹ ਕਿਵੇਂ ਹੋ ਸਕਦਾ ? ਜ਼ਰੂਰ ਪੁਲੀਸ ਨਾਲ ਮਿਲਿਆ ਹੋਵੇਗਾ । ਦਰਸ਼ਨ ਖਟਕੜ ਨੂੰ ਜੀਉਂਦਿਆਂ ਫੜਿਆ ਗਿਆ ਤਾਂ ਉਸ ਤੇ ਸ਼ੱਕ ਹੋਈ ਕਿਉਂਕਿ ਇਕਬਾਲ ਮੰਗਵਾਲ ਜਾਂ ਬੂਝਾ ਸਿੰਘ ਆਦਿ ਨੂੰ ਤਾਂ ਮਾਰ ਦਿਤਾ ਗਿਆ ਸੀ । ਪਿਛੇ ਜਿਹੇ ਲਿਖਾਰੀ ਸਭਾ ਜੇਗਤ ਪੁਰ ਦੇ ਸਾਲਾਨਾ ਸਮਾਗਮ ਵਿਚ (ਕੁਝ ਨਵੇਂ) ਲੇਖਕਾਂ ਦੇ ਮੂੰਹੋਂ ਮੈਂ ਖੁਦ ਸੁਣਿਆ ਸੀ, "ਦੁਸਾਂਝ (ਡਾਕਟਰ) ਤੇ ਕਿਉਂ ਯਕੀਨ ਕਰਦੇ ਹੋ ਨਵਾਂ ਜ਼ਮਾਨਾ ਨਹੀਂ ਪੜ੍ਹਿਆ ।" ਪਤਾ ਨਹੀਂ ਉਹ ਸ਼ਰਾਬ ਦੇ ਨਸ਼ੇ ਨਾਲ ਕਹਿ ਰਹੇ ਸਨ ਜਾਂ ਸਮਕਾਲੀ ਚਿੜ ਨਾਲ— ਜੋ ਕ੍ਰਾਂਤੀਕਾਰੀ ਲਹਿਰ ਚਲੀ ਸੀ ਉਸ ਦੀ ਚਾਲ ਮਠੀ ਪੈ ਰਹੀ ਹੈ ਤੇ ਡਰ ਹੈ ਕਿ .....ਲੇਖਕਾਂ ਦੇ ਧੜੇ ਬਣੇ ਪਏ ਹਨ ਕਿਸੇ ਵੀ ਲੇਖਕ ਦੀ ਗੱਲ ਕਰਨ ਤੋਂ ਪਹਿਲਾਂ ਉਸ ਦੇ ਧੜੇ ਦੀ ਗੱਲ ਹੁੰਦੀ ਹੈ । ਦੇਸ਼ ਦੀਆਂ ਰਾਜਸੀ ਪਾਰਟੀਆਂ ਨਾਲੋਂ ਪੰਜਾਬੀ ਸਾਹਿਤ ਵਿਚ ਧੜਿਆਂ ਦੀ ਗਿਣਤੀ ਜ਼ਿਆਦਾ ਹੈ—। ਸਾਹਿਤ ਵਿਚ ਚਮਚਾਗਿਰੀ ਦਿਨੋ ਦਿਨ ਪੈਰ ਜਮਾ ਰਹੀ ਹੈ । ਨਵੇਂ ਲੇਖਕਾਂ ਨੂੰ ਛਪਣ ਲਈ ਚਮਚਾਗਿਰੀ ਕਰਨੀ ਪੈਂਦੀ ਹੈ । ਨਹੀਂ ਤਾਂ ਕੋਈ ਪੁਛਦਾ ਹੀ ਘਟ ਹੈ, ਭਾਵੇਂ ਜਿੰਨਾ ਮਰਜ਼ੀ ਸੁਹਣਾ ਲਿਖੀ ਜਾਵੇ ।

ਮੇਰਾ ਸੁਝਾਅ ਹੈ ਕਿ ਪੰਜਾਬੀ ਸਾਹਿਤ ਵਿਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਕਦਮ ਉਠਾਏ ਜਾਣ । ਲੇਖ ਲਿਖੇ ਜਾਣ ਤੇ ਬਹਿਸਾਂ ਵੀ ਚਲਾਓ ।

—ਹਰਜੀਤ ਅਟਵਾਲ

—ਕੁਝ ਬੰਦਿਆਂ ਤੇ ਇਹ ਗੱਲ ਬੜੀ ਢੁਕਦੀ ਹੈ ਕਿ ਨਾ ਖੇਡਣਾ ਹੈ ਨਾ ਖੇਡਣ ਦੇਣਾ ਹੈ ਬੱਸ ਖੁੱਤੀ ਵਿੱਚ ਮੂਤਣਾ ਹੈ । ਕੁਝ ਵਰ੍ਹੇ ਪਹਿਲਾਂ ਖੁਰਸ਼ੀਦੀ ਸਾਹਿਬ ਸਮਰਾਲਾ ਸਭਾ ਵਿੱਚ ਜ਼ਿਕਰ ਕਰਿਆ ਕਰਦੇ ਸੀ ਕਿ ਪੰਜਾਬੀ ਵਿੱਚ ਕੁਝ ਵੀ ਨਹੀਂ ਲਿਖਿਆ ਜਾ ਰਿਹਾ । ਹੁਣ ਜਦੋਂ ਕਿ ਉਹ ਖੜੋਂਦ ਟੁੱਟੀ ਹੈ । ਬਹੁਤ ਕੁਝ ਸਿਰਜਿਆ ਜਾ ਰਿਹਾ ਹੈ ਅਤੇ ਬਹੁਤਾ ਸਾਹਿਤ ਸਮੇਂ ਦੇ ਹਾਣ ਦੀ ਗੱਲ ਕਰਦਾ ਹੈ ਤਾਂ ਖੁਰਸੀਦੀ ਸਾਹਿਬ ਨੂੰ ਇਹ ਸਾਹਿਤਕਾਰ ਸੀ. ਆਈ. ਏ. ਦੇ ਧੱਕੇ ਚੜ੍ਹੇ ਮਹਿਸੂਸ ਹੋ ਰਹੇ ਹਨ । ਕਿਉਂਕਿ ਗੱਲ ਇਹ ਲੁਟ-ਖਸੁਟ ਦੇ ਢਾਂਚੇ ਨੂੰ ਜੜ੍ਹਾਂ ਤੋਂ ਪੁਟ ਦੇਣ ਦੀ ਕਰਦੇ ਨੇ ਅਤੇ ਇਹ ਖੁਰਸ਼ੀਦੀ ਨੂੰ ਪਸੰਦ ਨਹੀਂ । ਉਹ ਖੁਸ਼ ਹੋ ਸਕਦਾ ਸੀ ਜੇ ਨੌਜਵਾਨ ਲੇਖਕ ਪੀੜ੍ਹੀ ਸਰਮਾਏਦਾਰ ਜਮਾਤ ਨਾਲ ਗੰਦ ਸਮਝੌਤੇ ਕਰਕੇ—ਪੁਰ-ਅਮਨ ਢੰਗ ਨਾਲ ਤਬਦੀਲੀ ਦੇ ਮਾਮਲੇ ਵਿੱਚ ਨ੍ਹਾਰੇ ਮਾਰਦੀ ਪੋਸਟ ਮਾਰਟਮ ਵਾਲੇ ਲੇਖ ਵਿੱਚ ਖੁਰਸ਼ੀਦੀ ਵੱਲੋਂ ਲਿਖੀ ਊਲ-ਜਲੂਲ ਦਾ ਇਕਬਾਲ ਸਿੰਘ ਹੋਰਾਂ ਸੋਹਣਾ ਸਰਵੇਖਣ ਕੀਤਾ ਹੈ ਸ਼ਾਇਦ ਇਸ ਮਹਾਨ ਅਲੋਚਕ (ਸੁਰਜੀਤ ਖੁਰਸ਼ੀਦੀ) ਦੇ ਪਿੜ ਪਲੇ ਕੁਝ ਪਾਣ ਦੇ ਅਸੇ ਨਾਲ ਪਰ ਇਕਬਾਲ ਸਿੰਘ ਜੀ ਭੁਲੇਖੇ ਵਿੱਚ ਨੇ, ਕਿਉਂ ਕਿ "ਬੱਛਾ" "ਗਾਂ" ਦੇ ਦੁੱਧ ਤੇ ਪਲਦਾ ਹੈ ਅਤੇ ਉਸਨੇ ਹਰ ਉਸ ਤਾਕਤ ਦੇ ਵਿਰੁੱਧ ਛੜ ਮਾਰਨੀ ਹੈ ਜੋ ਗਾਂ (ਕਾਂਗਰਸ) ਦੇ ਖਿਲਾਫ ਹੋਵੇ । ਸੋ ਜਦੋਂ ਖੁਰਸ਼ੀਦੀ ਦੀ ਪਾਰਟੀ ਦਾ ਇਹ ਹਾਲ ਹੈ ਤਾਂ ਖੁਰਸ਼ੀਦੀ ਜੀ ਨੂੰ ਇਕਬਾਲ ਸਿੰਘ ਜੀ ਦੀਆਂ ਦਲੀਲਾਂ ਦਾ ਅਸਰ ਕਰਨ ਦੀ ਕੀ ਲੋੜ...?

ਬਾਕੀ ਸਾਹਿਤਕ ਖੇਤਰ ਵਿੱਚ ਤੁਸੀਂ ਲਾਲ ਸਿੰਘ 'ਦਿਲ' ਦੇ ਸਾਹਵੇਂ ਹੈਸੀਅਤ ਹੀ ਕੀ ਰਖਦੇ ਹੋ ਖੁਰਸ਼ੀਦੀ ਜੀ ? ਦਿਲ ਉਤੇ ਇਲਜ਼ਾਮ ਲਗਾਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠਾਂ ਜ਼ਰਾ ਹੱਥ ਫੇਰਿਓ ! (ਤੁਹਾਡੀ, ਬਦਕਿਸਮਤੀ-ਮੈਂ ਤੁਹਾਡੀ ਜ਼ਿੰਦਗੀ ਦੇ ਕੋਝੇ ਯਥਾਰਥ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ) ਇੱਕ ਪਾਸੇ ਤਾਂ ਤੁਸੀਂ ਲੇਖਕਾਂ ਦੀਆਂ ਪੱਗਾਂ ਉਛਾਲਣ ਦੇ ਖਿਲਾਫ ਅੱਗ-ਬਬੂਲੇ ਹੋ ਰਹੇ ਹੋ ਅਤੇ ਦੂਸਰੇ ਪਾਸੇ 'ਦਿਲ' ਵਰਗੇ ਮਹਾਨ ਲੇਖਕ ਉੱਤੇ ਚਿਕੜ ਖੁਦ ਉਛਾਲ ਰਹੇ ਹੋ । (ਖ਼ੈਰ, ਸਵੈ-ਵਿਰੋਧੀ ਗੱਲਾਂ ਕਰਨਾ ਤਾਂ ਤੁਹਾਡੀ ਪਾਰਟੀ ਦਾ ਹੀ ਖਾਸਾ ਹੈ ।) ਸੋ ਪਹਿਲਾਂ ਦਿਲ ਵਰਗੀ ਥਾਂ ਕਿਸੇ ਖੇਤਰ ਵਿੱਚ ਬਣਾਓ ਫਿਰ ਕੋਈ ਗੱਲ ਕਰਿਓ ।

—ਗੁਰਪਾਲ ਲਿੱਟ ਕਲਕੱਤਾ

ਸਰਦਲ' ਨਵੰਬਰ ਅੰਕ ਦੇ ਮੁੱਖ ਪੰਨੇ ਤੇ ਅੰਕਿਤ ਚਿਤਰ ਦੇ ਭਾਵਾਂ ਦੀ ਪਰਦਰਸ਼ਨੀ ਸਲਾਹੁਣ-ਯੋਗ ਹੈ !

ਗੁਲਵੰਤ ਵਲੋਂ ਸ਼ਹੀਦਾਂ ਦੇ ਸੰਦੇਸ਼ ਨੇ ਸ਼ਾਂਤੀ ਦਾ ਨਕਾਬ ਲਾਹ ਕੇ ਨੰਗੀ ਡੈਣ ਦੇ ਦਰਸ਼ਨ ਕਰਵਾ ਦਿੱਤੇ-ਗੁਲਵੰਤ ਦੀ ਕਲਮ ਦੇ ਜਾਦੂ ਨੂੰ ਮੇਰੀ ਮੁਬਾਰਕ ! ਮਨਜੀਤ ਢਿੱਲੋਂ ਨੇ ਬੜੀ ਗੰਭੀਰਤਾ ਨਾਲ ਵੰਗਾਰਿਆ ਹੈ—'ਸ਼ਰਧਾਂਜਲੀ' ਨੇ ਟੋਪੀ ਤਲੇ ਦੀਆਂ ਕਾਲੀਆਂ ਕਰਤੂਤਾਂ ਨੂੰ ਸੁਹਣੀ ਤਰ੍ਹਾਂ ਚਿਤਰਿਆ ਹੈ । ਮਾਹਲ ਵੀ ਨਾਨਕ ਨੂੰ ਅੱਜ ਦੇ ਹਾਲਾਤ ਤੋਂ ਜਾਣੂ ਕਰਵਾ ਗਿਆ ਅਤੇ ਕੁਲਵਾ ਦੀ ਨੰਗੀ ਲਾਸ਼ ਵੀ ਅਮ੍ਰਿਤਾ ਦੇ 'ਕੱਫਨ' ਤੇ ਭਾਰੂ ਹੈ । ਕਹਾਣੀਆਂ ਵਲੋਂ 'ਜਨਣੀ'—'ਤੁਰਦੇ ਚਰਾਗ' ਅਤੇ 'ਔੜ' ਨੂੰ ਹੀ ਕਹਾਣੀਆਂ ਕਿਹਾ ਜਾ ਸਕਦਾ ਹੈ । ਪ੍ਰੀਤਮ ਬਰਾੜ ਲੰਡੇ ਨੇ ਤਾਂ ਚੰਗੇ ਭਲੇ ਗੀਤ ਨੂੰ ਪਾਗਲ ਬਨਾਣ 'ਚ ਕੋਈ ਸ਼ੱਕ ਨਹੀਂ ਰਹਿਣ ਦਿਤੀ ।

'ਤੀਸਰੀ ਅੱਖ' ਵਿਚਲੀ ਬਹਿਸ ਦੇ ਬਾਰੇ ਤਾਂ ਮੈਂ ਇੰਨਾ ਹੀ ਕਹਾਂਗਾ ਕਿ ਕ੍ਰਾਂਤੀ ਅਤੇ ਸਾਹਿੱਤਕ ਆਲੋਚਨਾ ਖੁਰਸ਼ੀਦੀ ਦੀ ਸਮਝੋਂ ਬਾਹਰ ਦੀਆਂ ਗੱਲਾਂ ਨੇ—'ਇਹੋ ਹਮਾਰਾ ਜੀਵਣਾ' ਆਪਣੀ ਮਿਸਾਲ ਆਪ ਹੈ—ਪਾਠਕ ਲੇਖਕ ਫੋਰਮ ਸਰਦਲ ਦੀ ਪਰਖ ਲਈ ਇਕ ਤਕੜੀ ਕਸੌਟੀ ਹੈ । —'ਪ੍ਰੇਮ ਸਾਹਿਲ'

—ਸ: ਕੋਹਲੀ ਜੀ ਦੀ ਚਿੱਠੀ ਪਰਚੇ ਦੇ ਨਵੰਬਰ ਅੰਕ ਵਿਚ ਪੜ੍ਹੀ । ਪਹਿਲੀ ਗੱਲ ਇਹ ਹੈ ਕਿ ਖਰੀਆਂ ਖਰੀਆਂ ਸੁਣਾਉਣ ਤੇ ਮੈਂ ਉਨ੍ਹਾਂ ਨੂੰ ਵਧਾਈ ਭੇਜਦਾ ਹਾਂ । ਦੂਜੀ ਗੱਲ ਇਹ ਹੈ ਕਿ ਜੌਲੀ ਸਾਹਿਬ ਨੇ ਆਪਣੀ ਵਿਚਾਰ-ਧਾਰਾ ਦੇ ਵਿਰੋਧੀ ਲੇਖਕ ਨੂੰ ਅੰਕ ਦੇ ਕੇ ਨ ਤਾਂ ਸਰਦਲ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਨ ਹੀ ਪਾਠਕ ਵਰਗ ਨੂੰ । ਕਿਉਂਕਿ ਸੁਚੱਜੇ ਅਤੇ ਸੁਹਿਰਦ ਅਲੋਚਕਾਂ ਦੀ ਮਦਦ ਨਾਲ ਚੇਤੰਨ ਪਾਠਕ ਵਰਗ ਨੇ ਇਹ ਆਪ ਫੈਸਲਾ ਕਰਨਾ ਹੁੰਦਾ ਹੈ ਕਿ ਉਨ੍ਹਾਂ ਨੇ ਕਿਸ ਵਿਚਾਰ-ਧਾਰਾ ਨੂੰ ਅਪਨਾਉਣਾ ਹੈ । ਕਿਸੇ ਨੂੰ ਦਲੀਲ ਨਾਲ ਕੱਟ ਦੇਣਾ ਵਧੇਰੇ ਸ਼ੋਭਦਾ ਹੈ । ਸਮੇਂ ਨਾਲੋਂ ਤੇ ਲੋਕਾਂ ਨਾਲੋਂ ਟੁੱਟ ਕੇ ਲਿਖਿਆ ਸਾਹਿਤ ਲੋਕਾਂ ਵਿਚ ਬਹੁਤਾ ਚਿਰ ਜਿਉਂਦਾ ਨਹੀਂ ਰਹਿ ਸਕਦਾ । ਸਵਾਲ ਤਾਂ ਖਰੀ ਅਤੇ ਸੁਚੱਜੀ ਗੱਲ ਕਹਿਣ ਦਾ ਹੀ ਹੈ । ਉਨ੍ਹਾਂ ਨੇ ਬਹਿਸ ਨੂੰ ਅੱਗੇ ਤੋਰਨ ਦੀ ਗੱਲ ਕੀਤੀ ਹੈ । ਬੜੀ ਚੰਗੀ ਗੱਲ ਹੈ । ਵਿਚਾਰ-ਵਟਾਂਦਰੇ ਵਿਚੋਂ ਹੀ ਸਾਰਥਿਕ ਨਿਰਣੇ ਕੱਢੇ ਜਾ ਸਕਦੇ ਹਨ । ਥਾਂ ਦਲੇਰੀ ਨਾਲ ਗੱਲ ਕਰਨ ਵਾਲਿਆਂ ਦੀ ਹੋਵੇਗੀ, ਦੂਜਿਆਂ ਦੀ ਨਹੀਂ । —ਹਰੀ ਸਿੰਘ ਢੁੱਡੀਕੇ'

—ਪਿਛਲੇ ਅੰਕਾਂ ਵਾਂਗ ਹੀ ਇਸ ਅੰਕ ਦਾ ਵੀ 'ਕਵਿਤਾ ਭਾਗ' ਪਸੰਦ ਆਇਆ । ਜਸਵੰਤ ਕੈਲਵੀ ਦੀ ਪ੍ਰਸ਼ਨ-ਉੱਤਰ, ਲਛਮਣ ਫੱਲੇਵਾਲੀਆ ਦੀ 'ਰਿਸ਼ਤਾ', ਓਮ ਪ੍ਰਕਾਸ਼ ਸ਼ਰਮਾ ਦੀ ਸ਼ਰਧਾਂਜਲੀ' ਸਰਦਾਰਾ ਸਿੰਘ ਮਾਹਲ ਦੀ 'ਕਲਮ ਤਲਵਾਰ', ਅਤੇ ਹਮਦਰਦਵੀਰ ਦੀ 'ਫੇਰ 1919' ਚੰਗੀਆਂ ਲੱਗੀਆਂ, ਮਿੰਨੀ ਕਵਿਤਾਵਾਂ ਵਿਚੋਂ 'ਜੋਗਾ' ਅਤੇ 'ਅਮਰ ਯੋਂਦਵ' ਦੀਆਂ ਰਚਨਾਵਾਂ ਸ਼ਲਾਘਾ ਯੋਗ ਹਨ ।

ਕਹਾਣੀਆਂ ਪੜ੍ਹ ਕੇ ਬੜਾ ਗੁੱਸਾ ਆਇਆ, ਲੇਖਕਾਂ (ਇਨ੍ਹਾਂ ਰਚਨਾਵਾਂ ਦੇ ਅਧਾਰ ਤੇ ਉਹ ਲੇਖਕ ਤਾਂ ਕਹੇ ਜਾ ਸਕਦੇ ਹਨ ਪਰ ਕਹਾਣੀਕਾਰ ਨਹੀਂ) ਤੇ ਵੀ ਅਤੇ ਤੁਹਾਡੇ ਉਤੇ ਵੀ ਕਹਾਣੀ ਦੇ ਨਾਂ ਤੇ ਏਹੋ ਜੇਹੀਆਂ ਬੇ-ਸਿਰ-ਪੈਰ ਦੀਆਂ ਲਿਖਤਾਂ ਛਾਪਣ ਤੋਂ ਤਾਂ ਚੰਗਾ ਹੈ ਕਿ ਤੁਸੀਂ 'ਸਰਦਲ' ਦੇ ਪੰਨਿਆਂ ਤੇ ਮੋਟੇ ਮੋਟੇ ਅੱਖਰਾਂ ਵਿਚ 'ਰੋਟੀ ਦਿਉ' 'ਕਪੜਾ ਦਿਉ' 'ਨੌਕਰੀ ਦਿਉ' ਆਦਿ ਨਾਅਰੇ ਛਾਪੋ, ਇਸ ਤਰ੍ਹਾਂ ਤੁਸੀਂ ਆਪਣੇ ਉਦੇਸ਼ ਵਿਚ ਸਫ਼ਲ ਵੀ ਹੋਵੋਗੇ ਅਤੇ ਪਰਚਾ ਖਰੀਦਣ ਵਾਲੇ ਊਟ-ਪਟਾਂਗ ਲਿਖਤਾਂ ਪੜ੍ਹਨ ਤੋਂ ਵੀ ਬਚੇ ਰਹਿਣਗੇ ।

'ਵਾਦ' ਦੇ ਚੱਕਰ ਵਿਚ ਫਸ ਕੇ ਰਾਮ ਸਰੂਪ ਅਣਖੀ ਜਿਹਾ ਕਹਾਣੀਕਾਰ ਵੀ ਕਹਾਣੀਕਾਰ ਵੀ ਕਹਾਣੀ ਲਿਖਦਿਆਂ ਹੋਇਆਂ ਕਹਾਣੀ ਕਲਾ ਨੂੰ ਬਿਲ ਕੁਲ ਵਿਸਾਰ ਦੇਵੇਗਾ, 'ਨਿੱਕੇ ਨਿੱਕੇ ਕਤਲ' ਪੜ੍ਹਨ ਤੋਂ ਪਹਿਲਾਂ, ਅਜਿਹਾ ਮੈਂ ਸੋਚ ਵੀ ਨਹੀਂ ਸਕਦਾ ਸਾਂ । ਮੇਰਾ ਮਤਲਬ ਇਹ ਬਿਲਕੁਲ ਨਹੀਂ ਕਿ ਮੈਂ ਤੁਹਾਡੇ ਜਾਂ ਲੇਖਕ' ਦੇ ਵਿਚਾਰਾਂ ਦਾ ਵਿਰੋਧ ਕਰ ਰਿਹਾ ਹਾਂ, ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਵਿਚਾਰ ਸਾਹਿਤਕ ਢੰਗ ਨਾਲ ਨਹੀਂ ਪ੍ਰਗਟਾਏ ਗਏ । ਵੈਸੇ ਮਨਜੀਤ ਢਿੱਲੋਂ ਦੀ ਕਹਾਣੀ ਵਿਚ ਕੁਝ ਖਿੱਚ ਹੈ । 'ਪਾਠਕ ਲੇਖਕ ਫੋਰਮ' ਦੇ ਅੰਤ੍ਰਗਤ ਅੰਮ੍ਰਿਤਸਰ ਦੇ ਦ: ਸ: ਸਿੱਧਰਾ ਦੇ 'ਕਹਾਣੀ' ਬਾਰੇ ਵਿਚਾਰਾਂ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ । —ਗੁਲਬੀਰ ਸਿੰਘ ਭਾਟੀਆ

—ਸਰਦਲ ਦਾ ਨਵੰਬਰ ਅੰਕ ਮਿਲਿਆ । ਹਮਦਰਦਵੀਰ ਦੀ ਕਵਿਤਾ 1919 ਦੀ ਵਾਰ ਵਾਰ ਵਾਪਰਨ ਦੀ ਦਾਸਤਾਂ । ਗੁਰਸ਼ਰਨ ਸਿੰਘ ਨੇ ਇਹ ਹਮਾਰਾ ਜੀਵਣਾ ਵਿਚ ਪੁਲੀਸ ਅਤੇ ਸਟੇਟ ਦੇ ਰਿਸ਼ਤੇ ਨੂੰ ਖੂਬ ਬਿਆਨਿਆ ਹੈ ਤੇ ਇਹ ਭੀ ਠੀਕ ਹੀ ਲਿਖਿਆ ਹੈ ਕਿ ਅਜੇਹੇ ਘੋਲ ਤਾਂ ਉਸ ਮਹਾਨ ਘੋਲ ਦੀ ਤਿਆਰੀ

ਹਨ। ਅਸੀਂ ਇਹ ਮੰਨਦੇ ਹਾਂ ਕਿ ਵਿਦਿਆਰਥੀ ਅਤੇ ਇਸ ਭ੍ਰਿਸ਼ਟ ਪ੍ਰਬੰਧ ਵਿਚਕਾਰ ਜੋ ਵਿਰੋਧ ਹੈ ਉਹ ਇਸ ਸਮਾਜ ਦਾ ਮੁਖ ਵਿਰੋਧ ਨਹੀਂ ਅਤੇ ਇਨਕਲਾਬ ਸਿਰਫ ਮੁਖ ਵਿਰੋਧ ਦੀਆਂ ਵਿਰੋਧੀ ਧਿਰਾਂ ਦੀ ਟੱਕਰ 'ਚੋਂ ਜਨਮ ਸਕਦਾ ਹੈ। ਪਰ ਸਵਾਲ ਇਹ ਹੈ ਕਿ ਅਜੇਹੇ ਘੋਲਾਂ ਨੂੰ ਮੁਖ ਵਿਰੋਧ ਨਾਲ ਕਿਵੇਂ ਜੋੜਿਆ ਜਾਏ। ਇਸ ਲਈ ਸਾਨੂੰ ਸਮਝਣਾ ਚਾਹੀਦਾ ਹੈ ਕਿ ਸਿਸਟਮ ਦੇ ਬਾਕੀ ਵਿਰੋਧਾਂ ਅਤੇ ਮੁਖ ਵਿਰੋਧ ਦਾ ਕੀ ਸਬੰਧ ਹੈ। ਦੂਜੇ ਦੇ ਵਿਰੋਧਾਂ ਚੋਂ ਜਨਮੇ ਘੋਲ ਮੁਖ ਵਿਰੋਧਾਂ ਨੂੰ ਤੀਖਣ ਕਰਨ ਲਈ ਕਿਵੇਂ ਵੱਧ ਤੋਂ ਵੱਧ ਅਸਰ ਅੰਦਾਜ਼ ਹੋ ਸਕਦੇ ਹਨ। ਇਹ ਕੁਝ ਸਵਾਲ ਹਨ ਜੋ ਹਰ ਉਸ ਆਦਮੀ ਨੂੰ ਸਮਝਣੇ ਚਾਹੀਦੇ ਹਨ ਜੋ ਇਨਕਲਾਬ ਨੂੰ ਇਕ ਸ਼ੁਗਲ ਨਹੀਂ ਬਲਕਿ ਆਪਣਾ ਆਦਰਸ਼ ਸਮਝਦਾ ਹੈ।

ਕਵਿਤਾਵਾਂ ਸਾਰੀਆਂ ਠੀਕ ਹੀ ਹਨ ਪਰ ਕਈ ਰਚਨਾਵਾਂ ਬਹੁਤ ਪੇਤਲੀਆਂ ਹਨ। ਇਹਨਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਤੀਸਰੀ ਅੱਖ ਕਾਲਮ 'ਚ ਕਈ ਗਲਾਂ ਚੰਗੀਆਂ ਭੀ ਹੁੰਦੀਆਂ ਹਨ ਤੇ ਕਦੀ ਕਦੀ ਕੁਝ ਫਜ਼ੂਲ ਹੀ ਹੁੰਦਾ ਹੈ—ਖੁਰਸ਼ੀਦੀ ਦਾ ਲੇਖ ਸੰਤੁਲਤ ਸੋਚ ਦੀ ਪੈਦਾਵਾਰ ਨਹੀਂ ਜਾਪਦਾ। ਉਹ ਆਲੋਚਨਾ ਨਹੀਂ ਕਰ ਰਿਹਾ ਸਗੋਂ ਰੋਹਲੇ ਬਾਣ 'ਚ ਛਪੇ ਲੇਖਕਾਂ ਤੇ ਸੀ. ਆਈ. ਏ. ਦੇ ਲੇਬਲ ਲਾ ਰਿਹਾ ਹੈ। ਪਰ ਜਦੋਂ ਕ੍ਰਾਂਤੀਕਾਰੀ ਕਵੀ 'ਖਟਕੜ' ਇੰਟੈਰੋਗੇਸ਼ਨ ਦਾ ਜ਼ੁਲਮ ਸਹਿ ਰਿਹਾ ਸੀ, ਉਸ ਦੇ 70 ਸਾਲਾਂ ਦੇ ਬਾਪ ਨੂੰ ਥਾਣੇ ਲਿਜਾ ਕੁਟਿਆ ਜਾ ਰਿਹਾ ਸੀ ਤੇ ਖੁਰਸ਼ੀਦੀ ਦੀਆਂ 'ਜੁਝਾਰ ਸ਼ਕਤੀਆਂ' ਪੁਲੀਸ ਅਫਸਰਾਂ ਨਾਲ ਦਾਅਵਤਾਂ ਪਾ ਰਹੀਆਂ ਸਨ। ਖੁਰਸ਼ੀਦੀ ਸਾਹਿਬ ਦੀ ਸੋਚ ਦੀ ਦਾਦ ਦੇਣੀ ਪੈਂਦੀ ਹੈ।

—ਸਰਦਾਰਾ ਸਿੰਘ ਮਾਹਲ

—ਨਵੰਬਰ 'ਸਰਦਲ' ਅੰਕ ਵਿਚ ਇਹ ਹਮਾਰਾ ਜੀਵਣਾ ਤੋਂ ਬਿਨਾ ਹੋਰ ਕੁਝ ਨਹੀਂ ਲੱਭ ਸਕਿਆ। ਕਵਿਤਾ ਭਾਗ ਵਿਚ ਜਿਹੜੀ ਮੋਗੇ ਕਾਂਡ ਦੀ ਗੱਲ ਕੀਤੀ ਗਈ ਹੈ ਉਸ ਵਿਚ ਵੀ ਕੁਝ ਨਹੀਂ, ਮੋਗੇ ਦਾ ਜ਼ੁਲਮ ਕਿਸੇ ਬੰਗਲਾ ਦੇਸ਼ ਦੇ ਜ਼ੁਲਮ ਨਾਲੋਂ ਘੱਟ ਨਹੀਂ ਸਗੋਂ ਕੁਝ ਕਦਮ ਅਗਾਂਹ ਹੀ ਹਨ ਫਿਰ ਇਹ ਕਵੀ ਭਰਾ ਗੱਲ ਇਸ ਤਰ੍ਹਾਂ ਕਰਦੇ ਹਨ ਜਿਵੇਂ ਕਿ ਮਾਮੂਲੀ ਜਹੀ ਵਾਰਦਾਤ ਹੀ ਹੋਈ ਹੈ। ਪਰਚੇ ਵਿਚੋਂ ਸੱਭ ਤੋਂ ਵੱਡੀ ਘਾਟ ਇਹ ਹੋਈ ਹੈ ਕਿ ਮੋਗਾ ਕਾਂਡ ਬਾਰੇ ਪਰਚੇ ਵਿਚ ਕੁਝ ਵੀ ਨਹੀਂ ਛਪਿਆ। ਚਾਹੀਦਾ ਤਾਂ ਇਹ ਸੀ ਕਿ ਤੀਸਰੀ ਅੱਖ ਦਾ ਰਾਈਟਰ ਜਾਂ ਕੋਈ ਕਿਸੇ ਹੋਰ ਰਾਈਟਰ ਵਲੋਂ ਇਸ ਕਾਂਡ ਤੇ ਅਸਲੀਅਤ ਭਰਿਆ ਲੇਖ ਦਿਤਾ ਜਾਂਦਾ। ਬੇਸ਼ੱਕ ਤੁਸੀਂ ਇਸ ਚਿੱਠੀ ਨੂੰ ਨਾਂਹ ਛਾਪੋ ਪਰ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ 'ਸਰਦਲ' ਜਿਸ ਸੇਧ ਨੂੰ ਲੈ ਕੇ ਅਗਾਂਹ ਵਧਿਆ ਸੀ ਜਿਹੜੀ ਸੇਧ 'ਜਰਨੈਲ ਪੁਰੀ' ਦੀ ਕਹਾਣੀ 'ਭਲਾ ਕੰਮ' ਸਤੰਬਰ ਅੰਕ ਵਿਚੋਂ ਮਿਲ੍ਹਦੀ ਹੈ ਉਹ ਸੇਧ ਨੂੰ ਲੱਗਦਾ ਹੈ ਕਿ ਤੁਸੀਂ ਛੱਡ ਚੁਕੇ ਹੋ ਅਕ: ਤੇ ਨਵੰ: ਅੰਕ ਇਸ ਗੱਲ ਦੀ ਗਵਾਹੀ ਹਨ। ਨਵੰਬਰ ਅੰਕ ਤੁਸੀਂ ਲਿਖਾਰੀ ਸਭਾ ਮੋਗਾ ਨੂੰ ਸਮਰਪਿਤ ਕੀਤਾ ਹੈ ਪਰ ਮੈਂ ਸਮਝਦਾ ਹਾਂ ਕਿ ਸਭਾ ਵਲੋਂ ਪੇਸ਼ ਕੀਤੇ ਗਏ ਮੈਟਰ ਵਿਚੋਂ ਸਰਦਲ ਦੀ ਸੇਧ ਕਿਤੇ ਨਹੀਂ ਲੱਭਦੀ। ਮਾੜੀ ਜਹੀ ਗੱਲ ਤੁਰਦੇ ਚਰਾਗ ਚਾਹਲ ਬਲਬੀਰ ਦੀ ਕਹਾਣੀ ਕਰਦੀ ਹੈ। ਨਿਰਾਲੇ ਦੀ ਐਕਸੀਡੈਂਟ ਨੂੰ ਮੈਂ ਅੱਗੇ ਅਗਸਤ ਦੇ 'ਪ੍ਰੇਰਨਾ' ਦੇ ਅੰਕ ਵਿਚੋਂ ਪੜ੍ਹ ਚੁਕਾ ਹਾਂ।

ਗੁਰਬਖਸ਼ ਬਾਹਲਵੀ ਦੀ ਕਹਾਣੀ ਇਕ ਲਾਸ਼ ਦਾ ਦੁਖ ਜਿਹੜੀ ਕਿ ਬਿਲਕੁਲ ਬਕਵਾਸ ਹੈ ਇਸ ਨੂੰ ਮੈਂ ਅੱਗੇ ਹੀ ਪੜ੍ਹ ਚੁਕਾ ਹਾਂ ਪਤਾ ਨਹੀਂ ਕਿਹੜੇ ਪਰਚੇ ਵਿਚ ਛਪੀ ਸੀ। ਲਿਖਾਰੀ ਸਭਾ ਮੋਗਾ ਦਾ ਐਲਾਨ ਨਾਮਾ ਵੀ ਸੀ. ਪੀ. ਆਈ. ਦੀਆਂ ਨੌਜਵਾਨ ਸਭਾਵਾਂ ਨਾਲ ਮੇਲ ਖਾਂਦਾ ਹੈ। ਐਲਾਨ ਸੀ ਲਲਕਾਰ ਸੀ ਹਾਂ ਅਕਤੂਬਰ ਅੰਕ ਦੇ ਅਖੀਰਲੇ ਪੇਜ਼ ਤੇ ਰਾਮਪੁਰਾ ਫੂਲ ਦੀ ਸਾਹਿਤ ਸਭਾ ਵਲੋਂ ਪ੍ਰੀਤਮ ਬਰਾੜ ਕੰਡੇ ਤੇ ਅਣਖੀ ਨਾਲ ਪਤਾ ਨਹੀਂ ਤੁਹਾਡੀ ਕੀ ਸਾਂਝ ਹੈ ਇਹਨਾਂ ਦੀ ਖੱਚ ਨੂੰ ਤੁਸੀਂ ਹਰੇਕ ਅੰਕ ਵਿਚ ਭਰ ਦੇਂਦੇ ਹੋ। ਹਮਦਰਦਵੀਰ ਵੀ ਟਾਈਟਲ ਪੇਜ ਤੇ ਸੱਜਿਆ ਨਹੀਂ 'ਸਫ਼ਰ ਤੇ ਮੰਜ਼ਲ' 'ਇਕ ਲਾਸ਼ ਦਾ ਦੁਖ' ਜਨਣੀ, ਕੋਈ ਪਾਗਲ ਨਹੀਂ ਹੁੰਦਾ, ਨਿਕੇ ਨਿਕੇ ਕਤਲ, ਖੁਸ਼ਬੂ ਦਾ ਭੇਤ ਇਹ ਕਹਾਣੀਆਂ ਵਿਚੋਂ ਤੁਸੀਂ ਮੈਨੂੰ ਦੱਸੋ ਕਿਹੜੀ 'ਸਰਦਲ' ਦੀ ਸੇਧ ਦੀ ਹੈ ?

ਬਾਕੀ ਤੀਸਰੀ ਅੱਖ ਵਿਚ ਛੱਪੀ ਕਾਹਲੋਂ ਦੇ ਨਾਵਲ ਦੀ ਅਲੋਚਨਾ ਠੀਕ ਹੈ। ਬਾਕੀ ਜੋ ਤੁਸੀਂ ਸੀ। ਪੀ। ਆਈ ਦੇ ਮੱਥਲੀ ਔਰਗਨ 'ਨਵਾਂ ਜ਼ਮਾਨਾ' ਦੇ ਪੇਡ ਐਡੀਟਰ 'ਸੁਰਜੀਤ ਖੁਰਸ਼ੀਦੀ' ਦਾ 'ਪੋਸਟ ਮਾਰਟਮ ਨਵੇਂ ਜ਼ਮਾਨੇ ਦੇ ਫਸਟ ਪੇਜ਼ ਚੋਂ ਛਾਪਿਆ ਹੈ ਉਸ ਬਾਰੇ ਇਕਬਾਲ ਸਿੰਘ ਦਾ ਲੇਖ ਛਾਪਿਆ ਹੈ ਤੇ ਉਸ ਦੇ ਨਾਲ ਹੀ ਤੁਸੀਂ 'ਸੁਰਜੀਤ ਖੁਰਸ਼ੀਦੀ' ਦਾ ਵੀ ਪੂਰਾ ਲੇਖ ਛਾਪ ਕੇ ਪਾਠਕਾਂ ਤੇ ਲੇਖਕਾਂ ਪਾਸੋਂ ਇਸ ਤੇ

ਬਹਿਸ ਲਈ ਵਿਚਾਰ ਮੰਗੇ ਹਨ ਉਥੇ ਮੈਂ ਇਹੋ ਲਿਖਾਂਗਾ ਕਿ ਡਾਕਟਰ ਦੁਸਾਂਝ ਨੂੰ ਸੀ. ਪੀ. ਆਈ. ਦੇ ਕਾਰਕੁਨ ਲੀਡਰਾਂ ਤੇ ਵਾਈਸ ਚਾਂਸਲਰ ਰੰਧਾਵਾ ਨੇ ਇਕ ਸਾਜ਼ਸ਼ ਦੇ ਅਧੀਨ ਅੰਦਰ ਕਰਵਾ ਦਿਤਾ ਹੈ ਤੇ ਲੁਧਿਆਣੇ ਦੇ ਡੀ. ਸੀ. ਪਾਸੋਂ ਸਰਕਾਰ ਨੂੰ ਸਿਫਾਰਸ਼ ਕਰਵਾ ਦਿਤੀ ਹੈ ਕਿ ਇਸ ਤੇ ਸਕਿਉਰਟੀ ਐਕਟ ਲਾ ਕੇ ਇਹਨੂੰ ਅੰਦਰ ਹੀ ਰੱਖੋ। ਡਾਕਟਰ ਦੁਸਾਂਝ ਤੇ ਖੁਰਸ਼ੀਦੀ ਦਾ ਮੁਕਾਬਲਾ ਕਰੀਏ ਤਾਂ ਸ਼ੇਰ ਅਤੇ ਗਿਦੜ ਦਾ ਕੀ ਮੁਕਾਬਲਾ ਕੀਤਾ ਜਾ ਸਕਦਾ ਹੈ। ਡਾਕਟਰ ਦੁਸਾਂਝ ਇਕ ਉਹ ਮਰਦੇ-ਮੁਜਾਹਦ ਵਿਅਕਤੀ ਹੈ ਜਿਸ ਨੇ ਸ਼ੁਰੂ ਵਿਚ ਇਕੱਲੇ ਨੇ ਹੀ ਲਿਖਤਾਂ ਰਾਹੀਂ ਤੇ ਲੈਕਚਰਾਂ ਰਾਹੀਂ ਲੋਕਾਂ ਨੂੰ ਜਦੋ-ਜਹਿਦ ਕਰਨ ਲਈ ਉਭਾਰਿਆ ਜਿਸ ਨੂੰ ਕਿ ਫ਼ਖਰ ਹਾਸਲ ਹੈ ਕਿ ਉਸ ਨੇ ਪੰਜਾਬ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਸੁਰਜੀਤ ਕੀਤਾ ਹੈ ਤੇ ਪੰਜਾਬੀ ਲੇਖਕਾਂ ਨੂੰ ਇਸ਼ਕ ਦੇ ਤਰਾਨਿਆਂ ਵਿਚੋਂ ਕੱਢ ਕੇ ਜੁਝਾਰੂ ਸਾਹਿਤ ਰਚਣ ਲਈ ਪ੍ਰੇਰਿਆ। ਅੱਜ ਇਹ ਦੁਸਾਂਝ ਦੀ ਲਾਗ ਸਦਕਾ ਹੀ ਪੰਜਾਬੀ ਦੇ ਏਨੇ ਲੇਖਕ ਤੇ ਪਰਚੇ ਪੈਦਾ ਹੋ ਗਏ ਹਨ ਜਿਹੜੇ ਕਿ ਨਿਰੋਲ ਕ੍ਰਾਂਤੀਕਾਰੀ ਸਾਹਿਤ ਰਚਦੇ ਹਨ। ਡਾਕਟਰ ਦੁਸਾਂਝ ਨੇ ਲੋਕਾਂ ਦੀ ਗੱਲ ਕੀਤੀ ਕੀ ਖੱਟਿਆ ਉਸ ਦੀ ਘਰਵਾਲੀ ਨੂੰ ਨੌਕਰੀ ਤੋਂ ਜਵਾਬ ਮਿਲਿਆ ਅਤੇ ਉਸ ਪਾਸੋਂ ਵਾਈਸ ਚਾਂਸਲਰ ਨੇ ਲੈਕਚਰਾਰਸ਼ਿਪ ਖੋਹ ਕੇ ਉਸ ਨੂੰ ਖੇਤੀਬਾੜੀ ਦੇ ਮੈਗਜ਼ੀਨ ਦਾ ਐਡੀਟਰ ਲਾ ਦਿਤਾ ਤੇ ਹੁਣ ਉਸ ਨੂੰ ਅੰਦਰ ਕਰਵਾ ਦਿਤਾ ਤੇ ਸੁਰਜੀਤ ਖੁਰਸ਼ੀਦੀ ਜਿਹੜਾ ਕਿ ਕਾਂਗਰਸ ਦੀ ਭਾਈਵਾਲ ਪਾਰਟੀ ਦਾ ਤਨਖਾਹਦਾਰ ਮੁਲਾਜ਼ਮ ਹੈ ਉਸ ਨੇ ਅਗਰ ਦੁਸਾਂਝ ਨੂੰ ਕੰਨਡੰਮ ਕੀਤਾ ਹੈ ਤਾਂ ਆਪਣੇ ਮਾਲਕਾਂ ਨੂੰ ਖ਼ੁਸ਼ ਕਰਨ ਲਈ।

ਡਾਕਟਰ ਸੁਰਿੰਦਰ ਸਿੰਘ ਦੁਸਾਂਝ ਲੋਕਾਂ ਲਈ ਜੂਝ ਰਿਹਾ ਹੈ। ਪੰਜਾਬੀ ਦੇ ਲੇਖਕਾਂ ਤੇ ਹੋ ਰਹੇ ਅੱਤਿਆਚਾਰਾਂ ਵਿਰੁਧ ਜੂਝ ਰਿਹਾ ਲੇਖਕ ਤੇ ਅਲੋਚਕ ਹੈ ਉਹ ਜੋ ਲਿਖਦਾ ਹੈ ਲੋਕਾਂ ਲਈ ਲਿਖਦਾ ਹੈ। ਇਹ ਠੀਕ ਹੈ ਕਿ ਲੇਖਕ ਵੀ ਗੁਟਬੰਦੀਆਂ ਦੇ ਸ਼ਿਕਾਰ ਹੋ ਚੁਕੇ ਹਨ ਇਸੇ ਲਈ ਦੁਸਾਂਝ ਦੀ ਵਿਰੋਧਤਾ ਨੂੰ ਜ਼ਿਆਦਾ ਹਵਾ ਦਿਤੀ ਜਾ ਰਹੀ ਹੈ।

ਬਾਕੀ 'ਪਾਠਕ ਲੇਖਕ ਫੋਰਮ' ਵਿਚ ਕਾਫ਼ੀ ਕੁਝ ਲੋਕਾਂ ਨੇ ਜੁਰਹਤ ਨਾਲ ਕਹਿਣ ਦਾ ਜੇਰਾ ਕੀਤਾ ਹੈ ਮੇਰੀ ਮੁਬਾਰਕ ਦੀ ਹੱਕਦਾਰ ਹੈ ਭੈਣ ਸ: ਕੋਹਲੀ ਜਿਹੜੀ ਜੁਰੱਅਤ ਉਹਨਾਂ ਨੇ ਦਿਖਾਈ ਹੈ ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। —ਕੁਲਵੰਤ ਸਿੰਘ 'ਮਾਂਗਟ'

—ਨਵੰਬਰ ਅੰਕ ਪੜ੍ਹਿਆ। ਇਸ ਪਰਚੇ ਦੀਆਂ ਕਵਿਤਾਵਾਂ ਕਾਫ਼ੀ ਦਿਲ ਟੁੰਬਣੀਆਂ ਸਨ। ਕਹਾਣੀਆਂ ਵਿਚੋਂ ਔੜ, ਇਕ ਲਾਸ਼ ਦਾ ਦੁਖ, ਖਬਰਾਂ—ਮੈਂ—ਤੇ ਸਾਧਾਰਨ ਆਦਮੀ ਤੇ ਐਕਸੀਡੈਂਟ ਚੰਗੀਆਂ ਲਗੀਆਂ। 'ਤਰਸਪਾਲ' ਨੂੰ ਕਹਿਣਾ, 'ਖੁਸ਼ਬੂ ਦੇ ਭੇਤ' ਦੇ ਦੁਆਲੇ ਹੀ ਨਾ ਘੁੰਮੇ ਕੋਈ ਅਗਾਂਹ ਵਧੂ ਗੱਲ ਕਰੇ।

ਕਿਰਪਾਲ ਸਿੰਘ ਜੋਗੀ ਨੂੰ ਕਹਿਣਾ ਕਿ ਸਤੰਬਰ ਅੰਕ ਵਰਗਾ ਲੇਖ (ਤਬ ਬਾਬੇ ਨਾਵਲ ਲਿਖਿਆ) ਹੋਰ ਭੇਜਣ।

ਰਾਜ ਕਮਲ ਨੇ 'ਸੇਵਾ' ਕਹਾਣੀ ਦੀ ਕੀਤੀ ਅਲੋਚਨਾ ਤੇ ਗਿਲਾ ਕਰਦੇ ਹੋਏ ਕਿਹਾ ਹੈ ਕਿ ਸੇਵਾ ਕਹਾਣੀ ਉਨ੍ਹਾਂ ਨੂੰ ਬਹੁਤ ਵਧੀਆ ਲਗੀ। ਰਾਜ ਕਮਲ ਜੀ ਗਿਲਾ ਕਰਨ ਦੀ ਕੋਈ ਲੋੜ ਨਹੀਂ—ਕਿਸੇ ਨੂੰ ਮਾਂਹ ਵਾਈ ਕਿਸੇ ਨੂੰ ਬਾਦੀ। ਵੈਸੇ ਸਾਇੰਸ ਦੇ ਯੁਗ ਵਿਚ ਜਾਦੂ ਟੂਣਿਆਂ ਦੀ ਗਲ ਜਚਦੀ ਨਹੀਂ। ਲੇਖਕ ਨੂੰ ਜ਼ਰੂਰ ਜਾਦੂ ਟੂਣਿਆਂ ਤੋਂ ਅਗਾਂਹ ਦੀ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਲੇਖਕ ਸਮਾਜ ਦੇ ਉਸਰੱਈਏ ਹਨ। —ਹਰਜੀਤ ਕੋਮਲ

—ਤੁਹਾਡਾ ਨਵੰਬਰ ਅੰਕ ਵਾਕਈ ਸ਼ਲਾਘਾ ਮੰਗਦਾ ਹੈ—ਪ੍ਰੰਤੂ ਕਵਿਤਾ ਭਾਗ ਨਹੀਂ—ਕਹਾਣੀਆਂ ਵਿਚੋਂ ਵਿਰਦੀ, ਬਾਹਲਵੀ, ਮਨਜੀਤ ਢਿਲੋਂ ਤੇ ਗੁਰਭਜਨ ਗਿੱਲ ਦੀਆਂ ਕਹਾਣੀਆਂ ਕਾਬਲਿ-ਜ਼ਿਕਰ ਹਨ। ਗਿੱਲ ਨੇ ਵਕਤੀ ਕਹਾਣੀ ਚੰਗੇ ਸ਼ਬਦਾਂ 'ਚ ਲਿਖੀ ਹੈ।

—ਬਲਦੇਵ ਸਿੰਘ 'ਚਾਹਲ'

—ਸਰਦਲ ਦਾ ਲਿਖਾਰੀ ਸਭਾ ਮੋਗਾ ਨੂੰ ਸਮਰਪਿਤ ਅੰਕ ਪੜ੍ਹਿਆ। 'ਇਹ ਹਮਾਰਾ ਜੀਵਣਾ' ਬੜਾ ਜਚਿਐ ਪਰ ਇਹਦੇ ਮੁਕਾਬਲੇ ਐਤਕਾਂ ਦਾ ਤੀਸਰੀ ਅੱਖ ਦਾ ਫੀਚਰ ਕੋਈ ਮਹਿਨੇ ਨਹੀਂ ਰਖਦਾ।

ਕਹਾਣੀਆਂ 'ਚੋਂ ਜਸਵੰਤ ਸਿੰਘ ਵਿਰਦੀ ਦੀ ਕਹਾਣੀ 'ਔੜ' ਬੜੀ ਪਸੰਦ ਆਈ। ਇਸ ਤੋਂ ਛੁਟ ਖ਼ਬਰਾਂ-'ਮੈਂ ਤੇ ਸਾਧਾਰਨ ਆਦਮੀ', 'ਐਕਸੀਡੈਂਟ' 'ਖੁਸ਼ਬੂ ਦਾ ਭੇਤ' ਅਤੇ 'ਤੁਰਦੇ ਚਰਾਗ' ਵੀ ਚੰਗੀਆਂ ਕ੍ਰਿਤਾਂ ਹਨ।

ਪਾਠਕ ਲੇਖਕ ਫੋਰਮ 'ਚੋਂ, ਜੋ ਮੈਂ ਬੜੀ ਉਤਸੁਕਤਾ ਨਾਲ ਪੜ੍ਹਦਾ ਹਾਂ ਇਕ ਪਾਠਕ ਵਲੋਂ ਇਹ ਲਿਖਿਆ ਪੜ੍ਹ ਕੇ "ਸਰਦਲ ਦੇ ਪਿਛਲੇ ਸਫ਼ਿਆਂ ਤੇ ਛਾਪਿਆ ਦੀਪ ਮੋਹਿਨੀ ਦਾ ਲੇਖ 'ਪਾਠਕ ਅਤੇ ਲੇਖਕ, ਪ੍ਰਟਰੋਲ ਪਾ ਕੇ ਫੂਕਣ ਯੋਗ ਹੈ" ਮਨ ਨੂੰ ਬੜਾ ਦੁੱਖ ਹੋਇਆ। ਖਿਆਲਾਂ ਦੇ ਪ੍ਰਗਟਾਂ ਲਈ ਅਜਿਹੇ ਸ਼ਬਦਾਂ

ਦੀ ਵਰਤੋਂ ਕਰਨੀ ਉੱਕਾ ਸ਼ੋਭਾ ਨਹੀਂ ਦੇਂਦੀ।

—ਜੇ. ਐਸ. ਸ਼ੇਖੋਂ

—ਹਮੇਸ਼ਾਂ ਵਾਂਗ ਨਵੰਬਰ ਦਾ ਸੁਰਦਲ ਅੰਕ ਵੀ ਪੜ੍ਹਿਆ ਜਿਸ ਵਿਚ 'ਇਹ ਹਮਾਰਾ ਜੀਵਣਾ' ਸਾਰੇ ਅੰਕ ਦੀ ਜਿੰਦ ਜਾਨ ਮਹਿਸੂਸ ਹੁੰਦਾ ਹੈ! ਵਿਰਦੀ ਦੀ ਕਹਾਣੀ 'ਔੜ' ਜੋ ਮੈਨੂੰ ਤੇ ਮੇਰੇ ਘਰ ਦੇ ਸਭ ਮੈਂਬਰਾਂ ਨੂੰ ਚੰਗੀ ਲਗੀ! ਇਸ ਤੋਂ ਛੁੱਟ 'ਖ਼ਬਰਾਂ—ਮੈਂ ਤੇ ਸਧਾਰਨ ਆਦਮੀ' 'ਐਕਸੀਡੈਂਟ' ਖ਼ਸ਼ਬੂ ਦਾ ਭੇਤ ਅਤੇ ਤੁਰਦੇ ਚਿਰਾਗ ਵੀ ਇਕ ਚੰਗੀ ਕਲਾ ਦਾ ਨਮੂਨਾ ਹੈ ਅਤੇ ਚੰਗੀ ਕਿਸਮ ਦੀ ਦੇਣ ਹੈ! ਪਰ 'ਇਕ ਲਾਸ਼ ਦਾ ਦੁੱਖ, ਅਤੇ 'ਸਫਰ ਅਤੇ ਮੰਜਲ' ਭਾਵੇਂ ਕਈ ਪੱਖਾਂ ਤੋਂ ਕਮਜ਼ੋਰ ਹਨ ਪਰ ਹਿੰਮਤ ਤੇ ਘਾਲਣਾ ਤੋਂ ਮਹਿਸੂਸ ਹੁੰਦਾ ਹੈ ਕਿ ਇਹਨਾਂ ਦੇ ਲੇਖਕ ਵੀ ਜ਼ਰੂਰ ਅੱਛੀਆਂ ਕਹਾਣੀਆਂ ਲਿਖਣੀਆਂ ਸ਼ੁਰੂ ਕਰ ਲੈਣਗੇ ਕਿਉਂਕਿ ਹਰ ਸਿਖਰ ਤੇ ਪਹੁੰਚਣ ਲਈ ਪੌੜੀ ਦੇ ਡੰਡਿਆਂ ਨੂੰ ਪ੍ਰਯੋਗ ਕਰਨਾ ਪੈਂਦਾ ਹੈ!

'ਪਾਠਕ ਲੇਖਕ ਫੋਰਮ' ਵਿਚ ਆਮ ਕਹਾਣੀਆਂ ਦੀ ਚਰਚਾ ਆਈ ਜਿਸ ਤੋਂ ਪਤਾ ਲਗਦਾ ਹੈ ਕਿ ਕਈ ਪਾਠਕ ਵੀਰ ਪੂਰੀ ਤਰ੍ਹਾਂ ਕ੍ਰਿਤਾਂ ਦੀ ਘੋਖ ਨਹੀਂ ਕਰਦੇ। ਨਵੰਬਰ ਦੇ ਅੰਕ ਦੇ ਜੇ. ਐਸ. ਸੇਖੋਂ ਦੀ ਐਡਵਰਟਾਈਜ-ਮੈਂਟ ਬਾਰੇ ਸੁਰਿੰਦਰ ਭਾਟੀਆ ਦਾ ਇਕ ਨੰਗਾ ਯਥਾਰਥ ਅਤੇ ਕੌੜਾ ਸੱਚ ਕਹਿਣਾ ਬੜਾ ਜਚਿਐ!

—ਪ੍ਰੀਤਮ ਪਿਆਸਾ

—ਤੁਹਾਡੇ ਲਈ ਮੇਰੇ ਜਹੇ ਸਿੱਧਰਿਆਂ ਦੇ ਮਨ ਵਿਚ ਜੋ ਸਤਿਕਾਰ ਦੀ ਭਾਵਨਾ ਹੈ ਉਹ ਇਸ ਲਈ ਕਿ ਤੁਸੀਂ ਸਧਾਰਨ ਪਾਠਕਾਂ ਦੀਆਂ ਅੱਖਾਂ ਅੱਗੇ ਅੱਜ ਦੀ ਗੰਦਗੀ, ਅੱਜ ਦੀ ਸੱਚਾਈ ਅਤੇ ਅੱਜ ਦੀ ਜਦੋਜਹਿਦ ਦਾ ਨਕਸ਼ਾ ਅਤੇ ਉਸ ਦੇ ਮਨ ਵਿਚ, ਆਉਣ ਵਾਲੇ ਸਵਰਗੀ ਦਿਨਾਂ ਦਾ ਹੁਲਾਰਾ ਲਿਆਉਣ ਦੀ ਕੋਸ਼ਿਸ਼ ਕਰਦੇ ਹੋ।

ਤੁਹਾਡੀਆਂ ਲਿਖਤਾਂ ਮੇਰੇ ਜਹੇ ਸਧਾਰਨ ਪਾਠਕ ਦੇ ਮਨ ਵਿਚ ਬੜੀ ਚੰਗੀ ਤਰ੍ਹਾਂ ਉਤਰ ਸਕਦੀਆਂ ਹਨ ਜੇ ਤੁਸੀਂ ਮੇਰੀਆਂ ਕੁਝ ਗੱਲਾਂ ਵਲ ਧਿਆਨ ਦੇਵੋ—

ਲਿਖਤ ਨਿਹਾਇਤ ਸਪਸ਼ਟ ਢੰਗ ਨਾਲ ਸ਼ੁਰੂ ਹੋਣੀ ਚਾਹੀਦੀ ਹੈ। ਏਥੇ ਕਾਗਜ਼ ਤੇ ਸਿਆਹੀ ਦੀ ਬਚਤ ਠੀਕ ਨਹੀਂ। ਮੈਂ ਵੇਖਿਆ ਹੈ ਕਿ ਕਈ ਮੰਨੇ ਪ੍ਰਮੰਨੇ ਲੇਖਕ ਵੀ ਇਸ ਪਾਸੇ ਕੋਤਾਹੀ ਕਰਦੇ ਹਨ। ਸਧਾਰਨ ਪਾਠਕ ਲਈ ਤੁਹਾਡੀ ਲਿਖਤ ਦਾ ਸ਼ੁਰੂ ਇਤਨਾ ਸਪਸ਼ਟ ਹੋਣਾ ਚਾਹੀਦਾ ਹੈ ਕਿ ਉਹ ਤੁਹਾਡੇ ਮਜ਼ਮੂਨ ਨਾਲ ਇੰਜ ਟਿਊਨ ਕਰ ਲਵੇ, ਜਿਵੇਂ ਸਾਫ ਸੁਣਨ ਲਈ ਅਸੀਂ ਰੇਡੀਓ ਨੂੰ ਟਿਊਨ ਕਰਦੇ ਹਾਂ। ਹਾਂ, ਲਿਖਤ ਦੀ ਸ਼ੁਰੂਆਤ ਏਨੀ ਨਾ ਲਮਕ ਜਾਵੇ ਕਿ ਪਾਠਕ ਇਹ ਸਮਝ ਬੈਠੇ ਕਿ ਸਟੇਸ਼ਨ ਹੀ ਖ਼ਰਾਬ ਹੈ।

ਲੇਖਕ ਨੇ ਆਪਣੀ ਲਿਖਤ ਵਿਚ ਪੂਰੇ ਵਿਚਾਰਾਂ ਦੇ ਸਹਾਰੇ ਪਾਠਕ ਵਿਚ ਸਮਾ ਜਾਣਾ ਹੁੰਦਾ ਹੈ। ਪਾਠਕ ਨੇ ਲਿਖਤ ਦਾ ਮੁਖ ਭਾਗ ਪੜ੍ਹਨ ਵੇਲੇ ਲੇਖਕ ਦੇ ਗਿਆਨ ਇੰਦ੍ਰਿਆਂ ਦੀ ਸੂਝ ਬੂਝ ਅਤੇ ਉਸਦੀ ਸਾਲਾਂ ਦੀ ਮਿਹਨਤ ਦੇ ਖ਼ਜ਼ਾਨੇ ਵਿਚੋਂ ਅਨਮੋਲ ਦਾਤਾਂ ਲੈਣੀਆਂ ਹੁੰਦੀਆਂ ਹਨ। ਇਹ ਸੂਝ ਬੂਝ ਅਤੇ ਅਨਮੋਲ ਦਾਤਾਂ ਬੜੇ ਸੰਜਮ ਅਤੇ ਬੜੀ ਤਰਤੀਬ ਨਾਲ ਪਾਠਕਾਂ ਦੀ ਭੇਟਾ ਕਰਨੀਆਂ ਚਾਹੀਦੀਆਂ ਹਨ। ਵੱਡੇ ਕੁੱਜੇ ਵਿਚ ਥੋੜੀ ਦਾਤ, ਛੋਟੇ ਕੁੱਜੇ ਵਿਚ ਔਖੇ ਹੋ ਕੇ ਫਸਾਈ ਦਾਤ, ਦਾਤਾਂ ਦੇ ਰੱਦੀ ਵਾਂਗ ਢੇਰ ਜਾਂ ਖਾਲੀ ਕੁੱਜੇ, ਪਾਠਕ ਦੀ ਤੁਹਾਡੇ ਨਾਲ ਸਾਂਝ ਨਹੀਂ ਵਧਾਉਂਦੇ ਸਗੋਂ ਤੁਹਾਡੇ ਅਤੇ ਪਾਠਕ ਵਿਚਕਾਰ ਵਿੱਥ ਪਾਉਂਦੇ ਹਨ। ਚਾਹੀਦੀ ਹੈ ਮੇਚ ਦੀ ਗੱਲ ਨਾ ਵੱਧ ਨ ਘੱਟ। ਛਪਣ ਲਈ ਭੇਜਣ ਤੋਂ ਪਹਿਲਾਂ, ਚੰਗਾ ਹੋਵੇ ਜੇ ਤੁਸੀਂ ਆਪ ਆਪਣੀ ਤਿੱਖੀ ਬੁੱਧੀ ਨਾਲ ਇਸ ਪੱਖ ਤੋਂ ਜਾਇਜ਼ਾ ਲੈ ਲਵੋ।

ਜਦੋਂ ਤੁਸੀਂ ਲਿਖਣ ਬੈਠਦੇ ਹੋ ਤਾਂ ਤੁਹਾਨੂੰ ਆਪਣੀ ਲਿਖਤ ਦਾ ਸਿੱਟਾ ਜਾਂ ਫਲ ਪਹਿਲਾਂ ਹੀ ਪਤਾ ਹੁੰਦਾ ਹੈ, ਤੁਸਾਨੂੰ ਚਾਹੀਦਾ ਹੈ ਕਿ ਆਪਣੀ ਲਿਖਤ ਵਿਚਲੇ ਤੱਥਾਂ ਨੂੰ ਇਸ ਢੰਗ ਨਾਲ ਪੇਸ਼ ਕਰੋ ਕਿ ਪੜ੍ਹਨ ਵਾਲੇ ਆਪਣੇ ਆਪ ਓਹੀ ਨਤੀਜੇ ਕੱਢਣ ਜੋ ਤੁਸਾਂ ਉਨ੍ਹਾਂ ਲਈ ਪਹਿਲਾਂ ਹੀ ਸੋਚ ਕੇ ਰਖੇ ਹੁੰਦੇ ਹਨ। ਜੇ ਤੁਹਾਡੇ ਪਾਠਕ ਆਪ ਮੁਹਾਰੇ ਠੀਕ ਨਤੀਜਾ ਨਹੀਂ ਕੱਢ ਸਕਦੇ ਤਾਂ ਸਮਝੋ ਤੁਹਾਡੀ ਲਿਖਤ ਨੂੰ ਤੁਹਾਡੇ ਪਾਸੋਂ ਵਧੇਰੇ ਮਿਹਨਤ ਦੀ ਲੋੜ ਹੈ। ਆਪਣੀ ਕਮਜ਼ੋਰੀ ਨੂੰ ਪਾਠਕਾਂ ਦੀ ਬੇਅਕਲੀ ਆਖ ਕੇ ਆਪਣੇ ਆਪ ਨੂੰ ਝੂਠਾ ਦਿਲਾਸਾ ਨਾ ਦੇਵੋ।

ਲੇਖਕ ਅਤੇ ਸਾਧਾਰਨ ਪਾਠਕ ਦਾ ਰਿਸ਼ਤਾ ਕਾਗਜ਼ ਦਾ ਨਹੀਂ, ਜ਼ਿੰਦਗੀ ਦਾ ਹੈ। ਪਾਠਕ ਤੁਹਾਡੇ ਪਾਸੋਂ ਜ਼ਿੰਦਗੀ ਦੀ ਵਿਸ਼ਾਲ ਅਤੇ ਤੀਬਰ ਸੂਝ ਬੂਝ ਦੀ ਆਸ ਰਖਦਾ ਹੈ। ਥੋੜ੍ਹਾ ਲਿਖੋ ਭਾਵੇਂ ਬਹੁਤਾ ਲਿਖੋ, ਪਰ ਹਰ ਵਾਰ ਪਾਠਕ ਨੂੰ ਮੌਕਾ ਦੇਵੋ ਕਿ ਉਹ ਬੀਤ ਚੁੱਕੀ, ਅੱਜ ਦੀ ਜਾਂ ਆਉਣ ਵਾਲੀ ਜ਼ਿੰਦਗੀ ਨੂੰ ਪੂਰੀ ਤੀਬਰਤਾ ਨਾਲ ਨੇੜੇ ਹੋ ਕੇ ਵੇਖ ਸਕੇ।

ਪਿਛਲੇ ਅੱਠ ਦਸ ਮਹੀਨੇ ਮੈਂ ਬੜੀ ਬਾਰੀਕੀ ਨਾਲ

ਸਰਦਲ ਨੂੰ ਪੜ੍ਹਿਆ ਹੈ । ਬਿਨਾਂ ਕਿਸੇ ਝਿਜਕ ਤੋਂ ਕਿਹਾ ਜਾ ਸਕਦਾ ਹੈ ਕਿ 'ਸਰਦਲ' ਸਧਾਰਨ, ਸਧਾਰਨ ਤੋਂ ਵੀ ਹੇਠਾਂ, ਬਲਕਿ ਸਮਾਜ ਦੀਆਂ ਨਜ਼ਰਾਂ ਵਿਚ ਅਤਿ ਛੋਟੇ ਲੋਕਾਂ ਨਾਲ ਆਪਣਾ ਨਾਤਾ ਗੰਢਣਾ ਚਾਹੁੰਦਾ ਹੈ, ਅਤੇ ਕਲਾ ਰਾਹੀਂ ਉਨ੍ਹਾਂ ਨੂੰ, ਸਭਨਾਂ ਦੀ ਖੁਸ਼ਹਾਲੀ ਦਾ ਰਸਤਾ ਦੱਸਣਾ ਚਾਹੁੰਦਾ ਹੈ ।

ਮੈਨੂੰ ਇਹ ਵੀ ਜਾਪਿਆ ਹੈ ਕਿ ਗਿਣਤੀ ਵਿਚ ਜਿੰਨੇ ਪੰਜਾਬੀ ਲੇਖਕ ਸਰਦਲ ਨੂੰ ਆਪਣੀਆਂ ਰਚਨਾਵਾਂ ਭੇਜਦੇ ਹਨ, ਸ਼ਾਇਦ ਕਿਸੇ ਹੋਰ ਪੰਜਾਬੀ ਮੈਗਜ਼ੀਨ ਦਾ ਇਹ ਸੁਭਾਗ ਨਾ ਹੋਏ । ਬਹੁਤੇ ਲੇਖਕ ਦਬੇ ਹੋਏ, ਲਿਤਾੜੇ ਹੋਏ ਲੋਕਾਂ ਦੀ ਗੱਲ ਕਰਦੇ ਜਾਪਦੇ ਹਨ ।

ਮੈਨੂੰ ਤਰੁੱਟੀਆਂ ਨਜ਼ਰ ਆਈਆਂ ਹਨ ਜੋ ਮੈਂ ਤੁਹਾਡੇ ਨਾਲ ਸਾਂਝੀਆਂ ਕਰਾਂਗਾ । ਲੋਕ-ਪੱਖੀ ਹੁੰਦਿਆਂ ਹੋਇਆਂ ਵੀ, ਮੈਂ ਇਹ ਪਰਚਾ ਸਧਾਰਨ ਲੋਕਾਂ ਦੇ ਹੱਥਾਂ ਵਿਚ ਘੱਟ ਵੇਖਿਆ ਹੈ । ਸੰਭਵ ਹੈ ਕਿ ਪਰਚਾ ਉਨ੍ਹਾਂ ਲੋਕਾਂ ਕੋਲ ਜਾਂਦਾ ਹੈ ਜੋ ਲਿਖਣ ਦਾ ਸ਼ੌਕ ਰਖਦੇ ਹੋਣ । ਪਰਚੇ ਵਿਚਲੇ ਕਈ ਲੇਖ ਅਤੇ ਲੇਖਕ-ਪਾਠਕ ਫੋਰਮ ਵਿਚਲੀਆਂ ਚਿੱਠੀਆਂ ਵੀ ਇਹ ਸੰਕੇਤ ਦੇਂਦੀਆਂ ਹਨ ਕਿ 'ਸਰਦਲ' ਦੀ ਗਰਦਸ਼ ਇਕ ਸੀਮਤ ਚੱਕਰ ਦੇ ਅੰਦਰ ਅੰਦਰ ਹੈ, ਅਤੇ ਲੇਖਕ ਪਾਠਕ ਇਸ ਸੀਮਾ ਦੇ ਅੰਦਰ ਇਕ ਦੂਜੇ ਵਾਸਤੇ ਲਿਖ ਰਹੇ ਹਨ ।

ਚਾਹੀਦਾ ਹੈ ਕਿ ਪਰਚੇ ਨੂੰ ਚਲਾਉਣ ਵਾਲੇ, ਪਰਚੇ ਲਈ ਲਿਖਣ ਵਾਲੇ ਅਤੇ ਪਰਚੇ ਨਾਲ ਹਿਤ ਰਖਣ ਵਾਲੇ ਇਸ ਪਾਸੇ ਧਿਆਨ ਦੇਣ ਅਤੇ ਪਰਚੇ ਨੂੰ ਪੜ੍ਹਨ ਸੁਣਨ ਵਾਲੇ ਘੇਰੇ ਨੂੰ ਵਿਸ਼ਾਲ ਕਰਨ ਦੀ ਕੋਸ਼ਿਸ਼ ਕਰਨ । ਲੇਖਕ-ਪਾਠਕਾਂ ਦੇ ਆਪੋ ਵਿਚ ਚੁੰਝਾਂ ਪਹੁੰਚੇ ਕਰਦੇ ਸੀਮਤ ਘੇਰੇ ਨੂੰ ਤੋੜ ਕੇ ਸਰਦਲ ਦੇ ਬੀਜ ਜਨਤਾ ਵਿਚ ਖਿਲਾਰਨੇ ਚਾਹੀਦੇ ਹਨ । —ਸਿੱਧਰਾ

—"ਪਾਠਕ ਲੇਖਕ ਫੋਰਮ" ਦੇ ਨਵੰਬਰ ਅੰਕ ਵਿਚ "ਸੁਖਪਾਲ ਸਿੰਘ ਰਤਨ" ਜੀ ਨੇ 'ਦੀਪ ਮੋਹਣੀ' ਦੇ ਲੇਖ "ਪਾਠਕ ਤੇ ਲੇਖਕ" ਨੂੰ "ਪੈਟਰੋਲ ਪਾ ਕੇ ਫੂਕਣ ਯੋਗ" ਸ਼ਬਦ ਵਰਤੇ । ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦੇ ਸ਼ਬਦ ਕਿਸੇ ਵੀ ਲਿਖਾਰੀ ਨੂੰ ਦੂਸਰੇ ਲਿਖਾਰੀ ਬਾਰੇ ਨਹੀਂ ਲਿਖਣੇ ਚਾਹੀਦੇ । ਕਲਾ ਨੂੰ ਕਲਾ ਵਿਚ ਹੀ ਵਿਚਾਰਿਆ ਜਾਵੇ । ਇਸ ਤਰ੍ਹਾਂ ਦੇ ਸ਼ਬਦਾਂ ਨਾਲ ਦੂਸਰੇ ਪਾਠਕਾਂ ਉਤੇ ਗਲਤ ਪ੍ਰਭਾਵ ਪੈਂਦਾ ਹੈ । ਨਵੰਬਰ ਅੰਕ ਵਿਚ ਕਵਿਤਾ ਭਾਗ ਤਾਂ ਸਲਾਹੁਣ ਯੋਗ ਹੈ । ਜਿਵੇਂ 'ਸ਼ਰਧਾਂਜਲੀ' 'ਉਮ ਪ੍ਰਕਾਸ਼ ਸ਼ਰਮਾ' ਜੀ ਦੀ ਅਤੇ 'ਗਾਂ' ਕਵਿਤਾ 'ਦਲਜੀਤ' ਜੀ ਦੀਆਂ ਤਾਂ ਬਹੁਤ ਚੰਗੀਆਂ ਲਿਖੀਆਂ ਹੋਈਆਂ ਹਨ । ਮੇਰੇ ਵਲੋਂ "ਦਲਜੀਤ" ਜੀ ਨੂੰ ਵਧਾਈ ਦੇਣਾ । ਅਤੇ 'ਮਿਨੀ ਰੰਗ' ਵਿਚ "ਲਖੇਸਰ" ਜੀ ਨੇ "ਵਕਤ ਤੇ ਫੈਸ਼ਨ" ਵਿਚ ਅਗਾਂਹ-ਵਧੂ ਜ਼ਮਾਨੇ ਬਾਰੇ ਲਿਖਿਆ ਜੋ ਕੁ ਅੱਜ ਕਲ ਜ਼ਮਾਨੇ ਬਾਰੇ ਢੁਕਦਾ ਹੈ । ਨਵੰਬਰ ਅੰਕ ਵਿਚ ਕਹਾਣੀ ਭਾਗ ਬਹੁਤ ਸੋਹਣਾ ਲਿਖਿਆ ਗਿਆ ਹੈ ਮੇਰਾ ਖਿਆਲ ਹੈ ਕਿ ਕਹਾਣੀ ਭਾਗ ਨੂੰ ਵੱਧ ਤੋਂ ਵੱਧ ਥਾਂ ਦਿਤੀ ਜਾਵੇ । ਇਸ ਅੰਕ ਵਿਚ "ਤੁਰਦੇ ਚਰਾਗ" "ਬਲਬੀਰ ਸਿੰਘ ਚਾਹਲ" ਦੀ ਲਿਖੀ ਕਹਾਣੀ ਅੱਜ ਕੱਲ ਦੇ ਨੌਜਵਾਨਾਂ ਦੇ ਦਿਲਾਂ ਨੂੰ ਅਗਾਂਹ ਉਭਾਰ ਰਹੀ ਹੈ । —ਮ: ਗੁਪਤਾ

## ਕਵਿਤਾ ਕਿ ਛੰਦ-ਬੰਦੀ

—ਸ਼ਿਆਮ

ਗੁਰਵੇਲ ਸਿੰਘ ਪੰਨੂੰ ਦਾ ਲੇਖ (ਕਵਿਤਾ ਕਿ ਬਕਵਾ ਖੰਡ ?) ਸੇਧ ਨਵੰਬਰ 'ਚ ਛਪਿਆ । ਅਜਿਹੇ ਲੇਖ ਪਾਠਕਾਂ ਨੂੰ ਕੋਈ ਸਹੀ ਸੇਧ ਨਹੀਂ ਦਿੰਦੇ ਸਗੋਂ ਅੱਜ ਦੀ ਕਵਿਤਾ ਦਾ ਗਲਤ ਪ੍ਰਾਪੇਗੰਡਾ ਕਰਕੇ ਪਾਠਕਾਂ ਨੂੰ ਗਲਤ ਰਾਹਾਂ ਤੇ ਭਟਕਾਉਣ ਦਾ ਪ੍ਰਯਤਨ ਕਰਨ ਤੋਂ ਸਿਵਾ ਹੋਰ ਕੋਈ ਗਲ ਨਹੀਂ ਦਿਸਦੀ ।

ਛੰਦ-ਬੰਦੀ ਵਿਚ ਸਿਰਫ ਇਸ਼ਕ ਦੀ ਕਵਿਤਾ ਤੱਕ ਸੀਮਤ ਰਹਿਣ ਨੂੰ ਹੀ ਕਵਿਤਾ 'ਚ ਮਹਾਨ ਸਾਹਿਤ ਮੰਨਣਾ ਲੇਖਕ ਲਈ ਕਿੰਨੀ ਹਾਸੋ ਹੀਣੀ ਜਿਹੀ ਗੱਲ ਹੈ । ਲੇਖਕ ਦਾ ਇਹ ਸਵਾਲ "ਕੀ ਕਵਿਤਾ ਆਪਣੇ ਪਾਠਕ ਦੇ ਦਿਲ ਦਿਮਾਗ ਨੂੰ ਟੁੰਬਦੀ ਹੈ ।" ਹਲ ਕਰਨ ਲਈ ਲਗਦਾ ਹੈ ਕਿ ਤਰਸਯੋਗ ਇਸ ਲੇਖਕ ਦੇ ਅੱਗੇ ਅੱਜ ਦੀ ਕਵਿਤਾ ਦੇ ਅਰਥਾਂ ਦੀ ਇਕ ਨਵੀਂ ਡਿਕਸ਼ਨਰੀ ਛਾਪ ਕੇ ਰਖਣੀ ਪਵੇਗੀ, ਜਿਸ ਨਾਲ ਇਸ ਬੇਚਾਰੇ ਅਚੇਤ ਲੇਖਕ ਦੀ ਪੂਰਨ ਰੂਪ 'ਚ ਤਸੱਲੀ ਕਰਵਾਈ ਜਾ ਸਕੇ ।

ਮਹਿਸੂਸ ਹੁੰਦਾ ਹੈ ਕਿ ਲੇਖਕ ਤੇ ਹਮਦਰਦ ਦੀ ਛੰਦ-ਬੰਦੀ ਦਾ ਅਸਰ ਹੋ ਗਿਆ ਹੈ । ਪੰਜਾਬੀ ਦੇ ਇਨਕਲਾਬੀ ਸੂਰਮੇ ਛੰਦਬੰਦੀ ਵਾਲੀ ਕਵਿਤਾ ਗਾਉਂਦੇ ਫਾਸੀਆਂ ਦੇ ਫੰਦਿਆਂ ਨੂੰ ਗਲ 'ਚ ਪਾਉਂਦੇ ਸਨ ਤੇ ਹੁਣ ਖੁਲ੍ਹੀ ਕਵਿਤਾ ਦੇ ਬੋਲ ਬੋਲਦੇ ਫਾਂਸੀਆਂ ਦੇ ਫੰਦਿਆਂ ਨੂੰ ਚੁਸਦੇ ਹਨ । ਸਪਸ਼ਟ ਹੈ ਕਿ ਅੱਜ ਤਕ ਨ ਤਾਂ ਪੰਨੂੰ ਦੀ ਸੂਝ 'ਲੋਹੇ ਦੇ ਮਨੁੱਖ ਤਕ ਪਹੁੰਚੀ ਹੈ ਤੇ ਨ ਹੀ ਕਿਸੇ 'ਕੁੱਤੇ' ਤਕ ।

ਅੱਜ ਦੀ ਕਵਿਤਾ ਨੂੰ ਬਕਵਾਸ ਤੇ ਪਖੰਡ ਕਹਿਣ ਨਾਲ ਹੀ ਗਲ ਖਤਮ ਨਹੀਂ ਹੋ ਜਾਂਦੀ ਤੇ ਨ ਹੀ ਇਹ ਹੀ ਕਿਹਾ ਜਾ ਸਕਦਾ ਹੈ ਕਿ ਕਵਿਤਾ 'ਚ ਸੁਹਿਰਦਤਾ, ਵਿਸ਼ੇ ਦਾ ਨਰੋਆਪਨ ਤੇ ਸਮੇਂ ਦਾ ਸੱਚ ਨਹੀਂ।

O

## ਨਾਵਲ ਪ੍ਰਦੇਸੀ ਰੁਖ

—ਮੋਹਨ ਕਾਹਲੋਂ

ਬੜੀ ਸ਼ੁਕਰਗੁਜ਼ਾਰੀ ਨਾਲ ਆਪਣੇ ਨਵੇਂ ਨਾਵਲ 'ਪਰਦੇਸੀ ਰੁੱਖ' ਬਾਰੇ ਗੁਰਸ਼ਰਨ ਜੀ ਤੇ ਦਲਜੀਤ ਦੇ ਨਵੰਬਰ ਦੇ 'ਸਰਦਲ' ਵਿਚ ਛਪੇ ਵਿਚਾਰ ਸਿਰ ਨਿਵਾ ਕੇ ਝੋਲੀ ਪਾਓਨਾ ਵਾਂ। ਹੋਰ ਪਾਠਕਾਂ ਤੇ ਅਲੋਚਕਾਂ ਦਾ ਆਖਿਆ ਤੇ ਕਿਹਾ ਜਾਣ ਵਾਲਾ ਸਿਰ ਮੱਥੇ।

ਪਿਛਲੇ ਦਿਨੀਂ ਦਲਜੀਤ ਕਹਿਣ ਲਗਾ—ਮੈਂ ਨਾਂ ਨਹੀਂ ਲੈਣਾ, ਸਾਹਿਤ ਵਿਚ ਲੱਤ ਰਖਦੇ ਇਕ ਜਣੇ ਨੇ ਮੈਨੂੰ ਆਖਿਆ—'ਕਾਹਲੋਂ', ਵੇਖ ਲਈਂ, ਤੇਰਾ ਦੁਸ਼ਮਨ ਬਣ ਜਾਵੇਗ ਤੇ ਥਾਂ ਥਾਂ ਤੇਰੀ ਭੰਡੀ ਕਰੇਗਾ। ਮੇਰਾ ਜਵਾਬ ਸੀ—ਉਹਨੂੰ ਇਹ ਨਹੀਂ ਪਤਾ ਹੋਣਾ ਕਿ ਦਲਜੀਤ ਮੇਰੀਆਂ ਅੱਖਾਂ ਦਾ ਵੀ ਡਾਕਟਰ ਏ। ਡਾਕਟਰ ਦੇ ਉਪਰੇਸ਼ਨ ਦੀ ਪੀੜ ਤੋਂ ਕੋਈ ਅਹਿਮਕ ਹੀ ਔਖਾ ਹੋ ਸਕਦਾ ਏ ਤੇ ਓਸ ਕਹਿਣ ਵਾਲੇ ਨੂੰ ਮੈਂ ਕੀ ਆਖਾਂ?

ਮੋਹਨ ਜੀਤ ਨੇ ਲਿਖਿਆ—'ਪਰਦੇਸੀ ਰੁੱਖ ਦਾ ਜੇ ਸਾਥ ਕੀਤਾ ਜਾਏ ਤਾਂ ਰਾਤ ਭਾਵੁਕ ਤੌਰ ਤੇ ਬੜੀ ਅੱਛੀ ਗੁਜ਼ਰਦੀ ਹੈ।'

ਠੀਕ ਏ—ਆਪਣਾ ਆਪਣਾ ਤਜਰਬਾ।

ਸਾਹਿੱਤ ਦੀ ਡੂੰਘੀ ਸਮਝ ਰੱਖਦੇ ਪ੍ਰੇਮ ਸਿੰਘ (ਦਿੱਲੀ) ਨੇ ਇਹ ਵੀ ਤਾਂ ਲਿਖਿਆ—ਨਾਵਲ ਬਹੁਤ ਵਧੀਆ ਏ।

ਮੇਰੇ ਪਹਿਲੇ ਪਬਲਿਸ਼ਰ ਦੀ ਪਤਨੀ ਪ੍ਰੋ: ਅਤਰਜੀਤ ਦੀ ਰਾਏ ਵਿਚ ਇਸ ਨਾਵਲ ਦੇ ਪਾਤਰਾਂ ਵਿਚ ਸਰੀਰਕ ਸੱਚ ਤਾਂ ਬਹੁਤ ਹੈ ਪਰ ਸੋਚ ਘੱਟ।

ਮੇਰੀ ਪਤਨੀ ਦੀਪ ਆਖਦੀ ਏ—ਕਈਆਂ ਨੂੰ ਇਸ ਨਾਵਲ ਦੇ ਪਾਤਰਾਂ ਦੇ ਸ਼ਰਾਬ ਪੀਣ ਤੇ ਇਤਰਾਜ਼ ਏ, ਸ਼ਰਾਬ ਜਿਹੜੀ ਲੇਖਕਾਂ ਤੇ ਆਲੋਚਕਾਂ ਲਈ ਤੇ ਪੁੰਨ ਏ ਪਰ ਸਮਗਲਰਾਂ ਲਈ ਪਾਪ। ਉਹ ਕਹਿੰਦੀ ਏ—ਜਿਹੋ ਜਹੇ ਪਾਤਰ ਤੁਸੀਂ ਨਾਵਲਾਂ ਵਿੱਚ ਲਿਆਉਂਦੇ ਹੋ, ਜੇ ਕਦੀ ਏਨੇ ਅਨਪੜ੍ਹ ਤੇ ਏਡੇ ਹੀ ਆਪ-ਮੁਹਾਰੇ ਪਾਤਰ ਕਿਸੇ ਜਾਦੂ ਨਾਲ ਇਨ੍ਹਾਂ ਨਾਵਲਾਂ ਨੂੰ ਪੜ੍ਹ ਲੈਣ ਤਾਂ ਮੈਂ ਤੇ ਉਹਨਾਂ ਕੋਲੋਂ ਹੀ ਆਲੋਚਨਾ ਸੁਣਨੀ ਚਾਹਾਂਗੀ। ਤੇ ਯਾਂ ਫਿਰ ਪੜ੍ਹੇ ਲਿਖੇ ਲੋਕ ਜਿਨ੍ਹਾਂ ਕਿਤਾਬਾਂ ਦੇ ਨਾਲ ਜ਼ਿੰਦਗੀ ਨੂੰ ਵੀ ਪੜ੍ਹਿਆ ਹੋਵੇ, ਓਹੋ ਵੇਖ ਸਕਦੇ ਨੇ ਕਿ ਪਾਤਰ ਦੇ ਮੁਤਾਬਕ ਹੀ ਉਸਨੂੰ ਪੜ੍ਹੀਏ, ਆਪਣੇ ਮੁਤਾਬਕ ਨਹੀਂ।

ਸੁਰਿੰਦਰ ਸਿੰਘ ਨਰੂਲਾ ਦੇ ਮੈਨੂੰ—ਨਾਵਲਕਾਰੀ ਦੀ ਕੱਚੀ ਜਮਾਤ ਦਾ ਵਿਦਿਆਰਥੀ—ਲਿਖਣ ਨੇ ਉਸ ਬਜ਼ੁਰਗ ਵਿੱਚ ਮੇਰੀ ਬੜੀ ਦਿਲਚਸਪੀ ਵਧਾਈ ਏ।

ਕੁਝ ਸਮਾਂ ਹੋਇਆ ਆਪਣੇ ਨਾਵਲਾਂ ਬਾਰੇ ਹੋਏ ਇਕ ਸਮਾਗਮ ਵਿੱਚ ਮੈਂ ਆਖਿਆ ਸੀ—ਨੁਕਤਾਚੀਨੀ ਦਾ ਕੋਈ ਹੜ੍ਹ ਵੀ ਮੈਨੂੰ ਰੋੜ੍ਹ ਨਹੀਂ ਸਕਦਾ।... ਆਲੋਚਨਾ ਮੇਰੀ ਸਿੱਖਿਆ ਏ। ਉਸ ਬਾਰੇ ਮੇਰਾ ਰਵੱਈਆ ਇਹ ਹੋਵੇਗਾ ਕਿ ਜਦੋਂ ਅਜੇ ਮੇਰੇ ਕੰਨ ਕੰਮ ਕਰਦੇ ਨੇ ਤੇ ਅੱਖਾਂ ਵੀ ਤੇ ਆਪਣੇ ਦਿਮਾਗ ਤੇ ਵੀ ਭਰੋਸਾ ਏ; ਜੇ ਉਨ੍ਹਾਂ ਦੀ ਸਿੱਖਿਆ ਚੰਗੀ ਏ ਤਾਂ ਮੈਂ ਆਪਣੀ ਅਕਲ ਦੀ ਕਸਵੱਟੀ ਤੇ ਵੀ ਵੇਖਾਂਗਾ ਪਈ ਉਹ ਮੈਨੂੰ ਮੰਨ ਲੈਣੀ ਚਾਹੀਦੀ ਏ। ਜੇ ਮੈਂ ਭੁੱਖਾ ਹੋਵਾਂ ਕੋਈ ਮੈਨੂੰ ਜ਼ਹਿਰ ਖਾਣ ਨੂੰ ਦੇਵੇ ਤਾਂ ਮੈਂ ਭੁੱਖ ਨਾਲ ਤੇ ਮਰਨਾਂ ਕਬੂਲ ਕਰਾਂਗਾ ਜ਼ਹਿਰ ਨਾਲ ਰੱਜ ਕੇ ਨਹੀਂ। ਪਰ ਜੇ ਮੈਨੂੰ ਭੁੱਖ ਵਿੱਚ ਦੁੱਧ ਪੇਸ਼ ਕੀਤਾ ਜਾਂਦਾ ਏ ਤਾਂ ਮੈਂ ਲੈ ਲਵਾਂਗਾ ਤੇ ਬਹੁਤ ਧੰਨਵਾਦੀ ਹੋਵਾਂਗਾ ਦੇਣ ਵਾਲੇ ਦਾ। ਜਿਹੜੀ ਸਿੱਖਿਆ ਨਰੋਈ ਹੋਈ ਕੁਦਰਤੀ ਏ ਉਹ ਮੇਰੇ ਵਾਧੇ ਲਈ। ਮੇਰੇ ਵਿਕਾਸ ਵਿੱਚ ਸਹਾਈ ਹੋਵੇਗੀ ਉਸ ਨੂੰ ਮੈਂ ਕਿਵੇਂ ਛੱਡ ਸਕਣਾ ਵਾਂ?

ਕਸ਼ਮੀਰ ਤੋਂ ਕਲਕੱਤਾ ਬੰਬਈ ਤਕ ਪਰਦੇਸੀ ਪਾਠਕ ਮੇਰੇ ਨਾਵਲ ਪੜ੍ਹਦੇ ਨੇ ਇਸ ਦਾ ਮੈਨੂੰ ਮਾਣ ਏ, ਪਰ ਉਹਨਾਂ ਨੂੰ ਵਿਚੋਂ ਕੀ ਚੰਗਾ ਲਗਦਾ ਏ ਤੇ ਕੀ ਨਹੀਂ ਇਹ ਨਿਖੇੜਾ ਕਰ ਕੇ ਦੱਸਣ ਦੀ ਘੌਲ ਮੈਨੂੰ ਰੜਕਦੀ ਏ।

O

## ਪੰਜਾਬੀ ਸਾਹਿਤ ਸਭਾ ਰਾਮਪੁਰਾ ਫੂਲ ਵਲੋਂ ਸੁਨਿਹਾ

ਪੰਜਾਬੀ ਸਾਹਿਤ ਸਭਾ, ਰਾਮਪੁਰਾ ਫੂਲ 5 ਤੇ 7 ਅਕਤੂਬਰ ਦੇ ਮੋਗਾ ਕਤਲੇਆਮ ਦੇ ਦੋਸ਼ੀ ਅਫਸਰਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕਰਦੀ ਹੈ ਅਤੇ

ਸ਼ਹੀਦਾਂ ਨੂੰ ਹਾਰਦਕ ਸ਼ਰਧਾਂਜਲੀ ਭੇਂਟ ਕਰਦੀ ਹੈ।

ਸਭਾ ਪੰਜਾਬ ਭਰ 'ਚ ਹੋ ਰਹੇ ਫ਼ਾਸ਼ੀ ਪੁਲਸ ਤਸ਼ੱਦਦ ਦੀ ਕਰੜੀ ਨਿਖੇਧੀ ਕਰਦੀ ਹੈ ਅਤੇ ਜੇਲ੍ਹਾਂ 'ਚ ਬੰਦ ਹਜ਼ਾਰਾਂ ਵਿਦਿਆਰਥੀਆਂ, ਅਧਿਆਪਕਾਂ, ਲੇਖਕਾਂ ਤੇ ਹੋਰ ਲੋਕਾਂ ਨੂੰ ਫੌਰਨ ਰਿਹਾ ਕਰਨ ਦੀ ਮੰਗ ਕਰਦੀ ਹੈ।

ਸਭਾ ਪੰਜਾਬ ਦੇ ਕਾਲਜ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਹੱਕੀ ਘੋਲ ਦੀ ਡਟਵੀਂ ਹਿਮਾਇਤ ਕਰਦੀ ਹੈ ਅਤੇ ਉਨ੍ਹਾਂ ਦੀਆਂ ਹੱਕੀ ਮੰਗਾਂ ਫੌਰਨ ਮੰਨਣ ਦੀ ਮੰਗ ਕਰਦੀ ਹੈ।

ਸਭਾ ਡਾ: ਸੁਰਿੰਦਰ ਸਿੰਘ ਦੁਸਾਂਝ, ਜੋ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੰਗਠਨ ਸਕੱਤਰ ਅਤੇ ਲੁਧਿਆਣਾ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੀ ਗੈਰ-ਕਾਨੂੰਨੀ ਨਜ਼ਰਬੰਦੀ ਦੀ ਕਰੜੀ ਨਿਖੇਧੀ ਕਰਦੀ ਹੈ ਅਤੇ ਉਨ੍ਹਾਂ ਨੂੰ ਫੌਰਨ ਰਿਹਾ ਕਰਨ ਦੀ ਮੰਗ ਕਰਦੀ ਹੈ। (ਡਾ: ਦੁਸਾਂਝ ਅੱਜ ਕਲ੍ਹ ਬਠਿੰਡਾ ਜੇਲ੍ਹ ਵਿਚ ਰਖੇ ਗਏ ਹਨ ਅਤੇ ਕੇਸ ਤਿਆਰ ਹੋਣ ਦ ਬਾਵਜੂਦ ਉਨ੍ਹਾਂ ਨੂੰ ਟ੍ਰਿਬਿਊਨਲ ਸਾਹਮਣੇ ਪੇਸ਼ ਨਹੀਂ ਕੀਤਾ ਜਾ ਰਿਹਾ—ਇਹ ਗੱਲ ਉਨ੍ਹਾਂ ਚਮਨ ਲਾਲ ਪ੍ਰਭਾਕਰ ਨੂੰ ਮੁਲਾਕਾਤ ਸਮੇਂ ਦੱਸੀ)।

ਸਭਾ ਖਾਸ ਤੌਰ ਤੇ ਆਪਣੇ ਮੈਂਬਰਾਂ—ਵਿਸ਼ੇਸ਼ਵਾਨੰਦ, ਭੋਲਾ ਸਿੰਘ, ਯਸ਼ਪਾਲ, ਦੁਰਗਾਦੱਤ, ਹਰਨੇਕ ਪਤੰਗ, ਚਮਨ ਲਾਲ ਪ੍ਰਭਾਕਰ, ਕਰਤਾਰ ਦੁਖੀਆ ਆਦਿ ਨੂੰ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਪੁਲਸ ਵਲੋਂ ਲਗਾਤਾਰ ਜ਼ੁਲਮ ਕੀਤੇ ਜਾਣ ਦੀ ਕਰੜੀ ਨਿਖੇਧੀ ਕਰਦੀ ਹੈ ਅਤੇ ਇਹ ਫਾਸ਼ੀ ਕਾਰਵਾਈਆਂ ਫੌਰਨ ਬੰਦ ਕਰਨ ਦੀ ਮੰਗ ਕਰਦੀ ਹੈ।

—ਚਮਨ ਲਾਲ ਪ੍ਰਭਾਕਰ

O

## ਮੋਗਾ ਖ਼ੂਨੀ ਕਾਂਡ (ਕਾਵਿ-ਸੰਗ੍ਰਹਿ)

ਲਿਖਾਰੀ ਸਭਾ ਮੋਗਾ ਵਲੋਂ ਛੇਤੀ ਹੀ ਮੋਗਾ ਖ਼ੂਨੀ ਕਾਂਡ (ਕਾਵਿ-ਸੰਗ੍ਰਹਿ) ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਸਾਥੀ ਕਵੀਆਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਮੋਗਾ ਗੋਲੀ ਕਾਂਡ ਨਾਲ ਸਬੰਧਤ ਕਵਿਤਾਵਾਂ 15-12-72 ਤਕ ਸਭਾ ਨੂੰ ਭੇਜ ਦੇਣ।

ਤੇਜਾ ਸਿੰਘ ਰੌਂਤਾ
ਸਕੱਤਰ ਲਿਖਾਰੀ ਸਭਾ ਮੋਗਾ

O

## ਫੈਲੇ ਵਿਦਿਆ ਚਾਨਣ ਹੋਏ!

ਪੰਜਾਬ ਸਕੂਲ ਵਿਦਿਆ ਬੋਰਡ ਤੇ
ਪੰਜਾਬੀ ਨਾਵਲ

ਉਂਜ ਤਾਂ ਪੰਜਾਬੀ ਸਭਿਆਚਾਰ ਲਿਪੀ ਬੋਲੀ ਤੇ ਸਾਹਿਤ ਉਪਰ ਸਮੇਂ ਸਮੇਂ ਸਭ ਪੱਖਾਂ ਤੋਂ ਵਧਵਾਂ ਵਾਰ ਹੋਇਆ ਹੈ ਤੇ ਹੋ ਰਿਹਾ ਹੈ। ਇਹ ਵਾਰ ਛੋਟੀ ਪੱਧਰ ਤੋਂ ਵਡੀ ਪੱਧਰ ਤੇ ਯੋਜਨਾ-ਬੱਧ ਹੋਇਆ ਹੈ। ਇਸ ਸਾਲ ਪੰਜਾਬ ਸਕੂਲ ਵਿਦਿਆ ਬੋਰਡ ਵਲੋਂ ਪਹਿਲੀ ਵੇਰ ਪੰਜਾਬੀ ਸਾਹਿਤ ਦਾ ਭਰਪੂਰ ਵਿਕਾਸ ਲਈ ਪੰਜਾਬੀ ਦੇ ਦਸਵੀਂ ਕਲਾਸ ਦੇ ਸਿਲੇਬਸ ਲਈ ਨਾਵਲ ਵੀ ਨਿਯੁਕਤ ਕੀਤਾ ਹੈ। ਪੰਜਾਬੀ ਦਾ ਨਾਸ ਮਾਰਨ ਲਈ ਬੋਰਡ ਵੀ ਓਲ ਫੂੱਲ ਲੈ ਕੇ ਹਾਜ਼ਰ ਹੋਇਆ ਹੈ।

ਸਭ ਨੂੰ ਇਕ ਨਜ਼ਰ ਨਾਲ ਦੇਖਣ ਦੀ ਭਾਵਨਾ ਨਾਲ ਇਕ ਨਾਵਲਕਾਰ ਦੇ ਹਿਸੇ ਦੋ ਜ਼ਿਲੇ ਹਨ। (ਹੁਣ ਪੌਣੇ ਦੋ ਜਾਂ ਸਵਾ ਦੋ ਠੀਕ ਅੰਕੜੇ ਬੋਰਡ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। (ਮੁਖ ਨਾਵਲਕਾਰ ਇਹ ਹਨ। ਸਰਵ ਸ੍ਰੀ ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਬਲਵੰਤ ਗਾਰਗੀ ਅਤੇ ਸੋਹਣ ਸਿੰਘ ਸੀਤਲ। ਪਹਿਲੇ ਦੋ ਵਿਅਕਤੀ ਤਾਂ ਪੰਜਾਬੀ ਸਾਹਿਤ ਵਿਚ ਜਾਣੇ ਪਹਿਚਾਣੇ ਹਨ। ਪਰੰਤੂ ਗਾਰਗੀ ਜੀ ਤਾਂ ਸੁਣਿਐ ਪੰਜਾਬੀ ਦੇ ਪ੍ਰਮੁਖ ਨਾਟਕਕਾਰ ਹਨ। ........ਸ਼ਾਇਦ ਉਨ੍ਹਾਂ ਦਾ ਨਾਵਲ ਨਵੀਸੀ ਦੇ ਖੇਤਰ ਵਿਚ ਸਾਹਿਤਕ ਗੰਜ ਢੱਕਣ ਲਈ ਕੱਕੇ ਰੇਤੇ ਦਾ ਤਾਜ ਪਹਿਨ ਕੇ ਕਿਸ਼ੋਰ ਵਿਦਿਆਰਥੀਆਂ ਦੇ ਸ਼ਾਹਮਣੇ ਪੇਸ਼ ਕੀਤਾ ਹੈ ਤਾਂ ਕਿ ਉਹ ਨਾਵਲਕਾਰ ਦੇ ਤੌਰ ਤੇ ਵੀ ਵਿਦਿਆਰਥੀਆਂ ਦੇ ਮਨਾਂ ਵਿਚ ਖੁੱਭ ਸਕੇ ਤੇ ਅਧਿਆਪਕ ਉਸ ਦੀ ਸਰਵ-ਪੱਖੀ ਪ੍ਰਤਿਭਾ ਤੋਂ ਕਾਇਲ ਰਹਿਣ।

ਲੇਕਿਨ ਅਸੀਂ ਲੋਕ (ਬਠਿੰਡੇ ਵਾਲੇ ਬਾਕੀ ਪਤਾ ਨਹੀਂ) ਸ: ਸੋਹਨ ਸਿੰਘ ਸੀਤਲ ਦੇ ਕੋਟੇ ਵਿਚ ਹਾਂ। ਇਸ ਪਛੜੇ ਇਲਾਕੇ ਦੀ ਸਾਹਿਤਕ ਪੱਧਰ ਉੱਚੀ ਕਰਨਲਈ ਉਹਨਾਂ ਧਰਤੀ ਦੇ ਦੇਵਤੇ ਪ੍ਰਵੇਸ਼ ਕੀਤੇ ਹਨ। ਸੀਤਲ ਸਾਹਿਬ ਇਕ ਵਧੀਆ ਢਾਡੀ ਹਨ ਜਿਨ੍ਹਾਂ ਨੇ ਦੇਸ਼ ਤੇ ਸੰਕਟ ਪੈਣ ਤੇ ਸਮੇਂ ਸਮੇਂ ਸਿਰ ਵਾਰਾਂ ਗਾ ਕੇ

ਲੋਕਾਂ ਦੀ ਹੌਂਸਲਾ ਅਫਜ਼ਾਈ ਕੀਤੀ ਹੈ। ਉਹਨਾਂ ਨੇ 'ਸੀਤਲ ਕਿਰਨਾਂ', 'ਸੀਤਲ ਹੰਝੂ' ਤੇ ਸੀਤਲ......... ਬੜਾ ਕੁਝ ਪਿਆਰਾ ਪਿਆਰਾ ਲਿਖਿਆ ਹੈ।

ਮਹਿਕਮੇ ਦੇ ਹਦਾਇਤ ਨਾਮੇ ਅਨੁਸਾਰ ਜਦ ਮੈਂ ਪੜ੍ਹਾਉਣ ਲਈ ਨਾਵਲ ਅਰੰਭ ਕਰਨਾ ਚਾਹਿਆ ਤਾਂ ਸੀਤਲ ਸਾਹਿਬ ਬਾਰੇ ਕਲਾਸ ਵਿਚ ਨਾਵਲਕਾਰ ਦੇ ਤੌਰ ਤੇ ਜਾਣਕਾਰੀ ਨਾਂ ਦੇ ਸਕਿਆ। ਹੀਣਾ ਹੋ ਕੇ ਮੈਂ ਸਟਾਫ ਕੋਲ ਗੱਲ ਕੀਤੀ ਤਾਂ ਉੱਤਰ ਸੀ ਢਾਡੀ ਤਾਂ ਮੰਨੇ-ਪ੍ਰਮੰਨੇ ਹਨ। ਮੈਂ ਕਿਹਾ, "ਇਹ ਤਾਂ ਵਿਦਿਆਰਥੀ ਵੀ ਜਾਣਦੇ ਹਨ।" ਪੰਜਾਬੀ ਦੇ ਸਿਆਣਿਆਂ ਤੋਂ ਮੈਂ ਇਹ ਜਾਨਣ ਦੀ ਕੋਸ਼ਿਸ਼ ਵਿਚ ਹਾਂ ਕਿ ਨਾਵਲ ਨਵੀਸੀ ਦੇ ਖੇਤਰ ਵਿਚ ਉਹਨਾਂ ਨੂੰ ਕਿਸ ਪੈਮਾਨੇ ਨਾਲ ਮਿਣਾਂ।

ਜੇ ਉਹ ਸਾਹਿਤਕ ਪਾਏ ਦੇ ਨਾਵਲਕਾਰ ਹਨ ਤਾਂ ਫਿਰ ਸਾਹਿਤਕ ਜਾਣੂਆਂ ਬੋਰਡਾਂ, ਯੂਨੀਵਰਸਿਟੀਆਂ ਅਤੇ ਹੋਰ ਸਾਹਿਤਕ ਅਦਾਰਿਆਂ ਪ੍ਰਤੀ ਮੇਰਾ ਗਿਲਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਕਿਉਂ ਨਹੀਂ ਪਰਗਟ ਹੋਣ ਦਿਤਾ ਗਿਆ ਜੇ ਉਹ ਅਵਤਾਰ ਧਾਰ ਹੀ ਚੁਕੇ ਹਨ ਉਨ੍ਹਾਂ ਬਾਰੇ ਵਾਕਫੀ ਕਿਉਂ ਨਹੀਂ ਦਿਤੀ ਗਈ।

ਬੋਰਡ ਦਾ ਤਾਂ ਇਹ ਫੈਸਲਾ ਹੈ, ਮੈਂ ਪੰਜਾਬੀ ਅਧਿਆਪਕਾਂ ਅਤੇ ਸਾਹਿਤ ਰਸੀਆਂ ਕੋਲੋਂ ਰਾਏ ਮੰਗਦਾ ਹਾਂ

—ਕਰਨੈਲ ਸਿੰਘ

O

## "ਸਾਡਾ ਲੋਕ-ਰਾਜ"

(ਮੋਗਾ ਗੋਲੀ ਕਾਂਡ ਨੂੰ ਸਮਰਪਤ)

—ਮਿਸ ਪਰਮਿੰਦਰ ਕੌਰ ਐਮ. ਏ. ਮੋਗਾ

ਪੰਜਾਬੀ ਵਿਚ ਇਕ ਕਹਾਵਤ ਹੈ, "ਜਦ ਖੇਤ ਵਾੜ ਨੂੰ ਖਾਏ।" ਖੇਤ ਦੇ ਦੁਆਲੇ ਉਹਦੀ ਰਾਖੀ ਲਈ ਵਾੜ ਕੀਤੀ ਜਾਂਦੀ ਹੈ, ਪਰ ਜੇਕਰ ਉਹ ਵਾੜ ਹੀ ਖੇਤ ਨੂੰ ਵੈਰਾਨ ਕਰਨ ਜਾਂ ਉਜਾੜਨ ਲੱਗ ਪਵੇ ਤਾਂ ਉਸ ਵਾੜ ਦਾ ਕੀ ਫਾਇਦਾ? ਸੁਣਿਐ ਪੁਲੀਸ ਵੀ ਇਕ ਤਰ੍ਹਾਂ ਦੀ ਵਾੜ ਹੀ ਹੁੰਦੀ ਹੈ, ਪਬਲਿਕ ਦੇ ਹੱਕਾਂ ਰੂਪੀ ਖੇਤ ਦੀ ਰਾਖੀ ਲਈ। ਪਰ ਇਸ ਵਾੜ ਨੇ ਉਪ੍ਰੋਕਤ ਮੁਹਾਵਰੇ ਦੀ ਪ੍ਰੋੜਤਾ ਕਰ ਵਿਖਾਈ ਹੈ। ਪਤਾ ਨਹੀਂ ਇਹ ਗੱਲ ਅਜ਼ਾਦੀ ਦੇ 25 ਵਰ੍ਹਿਆਂ ਤਕ ਦੇ ਸਮੇਂ ਵਿਚ ਕਿਸੇ ਨੂੰ ਸਮਝ ਪਈ ਹੋਵੇਗੀ ਜਾਂ ਨਾਂ। ਜਿਸਨੂੰ ਨਹੀਂ ਸਮਝ ਪਈ ਹੋਵੇਗੀ, ਉਸਨੂੰ 'ਮੋਗੇ ਗੋਲੀ ਕਾਂਡ' ਨੇ ਚੰਗੀ ਤਰ੍ਹਾਂ ਸਮਝਾ ਦਿੱਤਾ ਹੋਵੇਗਾ। ਕਿੰਨਾ ਸੋਹਣਾ ਸਬੂਤ ਦਿਤੈ, ਇਸ ਖੇਤ ਦੀ ਵਾੜ ਨੇ, ਖੇਤੀ ਦੀ ਰਾਖੀ ਦਾ!

—ਸ੍ਰੀ ਮਤੀ ਇੰਦਰਾ ਬੀਬੀ ਬਾਰ ਬਾਰ ਕਹਿ ਰਹੀ ਹੈ ਕਿ ਦੇਸ਼ ਵਿਚੋਂ ਛੇਤੀ ਹੀ ਗਰੀਬੀ ਦੂਰ ਕਰ ਦਿੱਤੀ ਜਾਵੇਗੀ ਤੇ ਦੇਸ਼ ਖੁਸ਼ਹਾਲ ਹੋ ਜਾਵੇਗਾ। ਕਿੰਨਾ ਸੋਹਣਾ ਖਿਆਲ ਹੈ? ਕੁਰਬਾਨ ਜਾਣ ਨੂੰ ਦਿਲ ਕਰਦੈ, ਉਸਦੀ ਦੂਰ-ਅੰਦੇਸ਼ੀ ਦੇ ਇਸ ਖਿਆਲ ਤੇ...ਕਿ ਬਸ ਦੇਸ਼ 'ਚੋਂ ਗਰੀਬ ਖ਼ਤਮ ਕਰ ਦਿਉ ਤੇ ਗਰੀਬੀ ਆਪਣੇ ਆਪ ਹੀ ਦੂਰ ਹੋ ਜਾਵੇਗੀ। ਤੇ ਜਦੋਂ ਦੇਸ਼ ਵਿਚੋਂ ਗਰੀਬ ਦੂਰ ਹੋ ਗਏ, ਖਤਮ ਹੋ ਗਏ, ਅਮੀਰਾਂ ਦੀ ਦੁਨੀਆਂ ਆਪਣੇ ਆਪ ਹੀ ਖੁਸ਼ਹਾਲ ਹੋਵੇਗੀ।

—ਲਾਹਨਤ ਹੈ,ਅਜਿਹੀ ਜਮਹੂਰੀਅਤ ਦੇ,ਜੋ ਆਪਣੀ ਜਨਤਾ ਨੂੰ ਰੋਟੀ ਮੰਗਣ ਤੇ, ਰੋਟੀ ਦੇਣ ਦੀ ਬਜਾਏ ਗੋਲੀਆਂ ਦੇ ਰਹੀ ਹੈ। ਇਹ ਲੋਕ-ਰਾਜ ਨਹੀਂ, ਪੁਲੀਸ ਰਾਜ ਏ। ਜਿਥੇ ਇਕ ਸਰਮਾਏਦਾਰ ਦੀ ਥੋੜ੍ਹੀ ਜਿੰਨੀ ਪੂੰਜੀ ਨੂੰ ਬਚਾਉਣ ਖ਼ਾਤਰ, ਅਣ-ਗਿਣਤ ਜੁਆਨੀਆਂ ਮਿੱਟੀ ਵਿਚ ਮਿਲਾ ਕੇ ਰੱਖ ਦਿੱਤੀਆਂ। ਮਾਵਾਂ ਦੇ 'ਪਾਣੀ ਵਾਰਕੇ' ਪੀਣ ਦੇ ਚਾਅ ਅੱਧ ਵਾਟੇ ਛੁਡਾ ਦਿੱਤੇ! ਭੈਣਾਂ ਦੀਆਂ ਰੱਖੜੀਆਂ ਖ਼ੂਨ ਵਿਚ ਰੁੜ੍ਹਾ ਛੱਡੀਆਂ। ਸੁਹਾਗਣਾਂ ਦੇ ਸੁਹਾਗ ਖੋਹ ਲਏ ਤੇ ਮਸੂਮ ਜਿੰਦਾਂ ਦੇ ਪਿਉ! ਇਹ ਸਾਡੀ ਜਮਹੂਰੀਅਤ ਹੈ, ਸਾਡਾ ਲੋਕ-ਰਾਜ! ਕਿੰਨਾ ਸੋਹਣਾ ਨਮੂਨਾ ਪੇਸ਼ ਕੀਤੇ, ਲੋਕ-ਰਾਜ ਦਾ, ਇਨ੍ਹਾਂ ਲੋਕ-ਰਾਜ ਦੇ ਵਾਰਸਾਂ ਨੇ! ਉਹ ਕ੍ਰਿਸ਼ਮਾ ਦਿਖਾ ਦਿਤੇ, ਜੋ ਅੰਗਰੇਜ਼ ਵੀ ਦਿਖਾ ਨਹੀਂ ਸੀ ਸਕਿਆ।

—ਅੱਜ ਸੁੱਲਗਦੇ ਪੰਜਾਬ ਵਿਚ ਹਰ ਪਾਸਿਉਂ ਅਵਾਜ਼ ਆ ਰਹੀ ਏ, "ਇਸ ਗੰਦੀ ਸਰਕਾਰ ਨੇ "ਜਲ੍ਹਿਆਂ ਵਾਲਾ ਬਾਗ ਦੀ ਯਾਦ ਮੁੜ ਦੁਹਰਾ ਦਿੱਤੀ ਹੈ। ਭਾਰਤੀ ਡਾਇਰ ਅਜੇ ਜਿਉਂਦਾ ਹੈ, ਸਿਰਫ਼ ਹੈਟ ਉਤਾਰਕੇ ਟੋਪੀ ਪਹਿਨ ਰਖੀ ਹੈ।" ਪਰ ਮੈਂ ਕਹਿੰਦੀ ਹਾਂ, ਕਿ ਇਸ ਭਾਰਤੀ ਡਾਇਰ ਨੇ, ਉਸ ਗੋਰਿਆਂ ਦੇ ਡਾਇਰ ਨੂੰ ਵੀ ਮਾਤ ਪਾ ਦਿਤੈ। ਗੋਰਿਆਂ ਦੇ ਡਾਇਰ ਨੇ, ਗੋਲੀ ਚਲਾਉਣ ਤੋਂ ਪਹਿਲਾਂ ਵਾਰਨਿੰਗ ਦਿੱਤੀ ਸੀ, ਪਰ ਭਾਰਤੀ ਡਾਇਰ ਨੇ ਚੁੱਪ-ਚੁਪੀਤਿਆਂ, ਗੋਲੀਆਂ

ਨਾਲ, ਸੋਹਣੀਆਂ ਜ਼ਿੰਦਗੀਆਂ ਪ੍ਰਵਾਨ ਚੜ੍ਹਨ ਤੋਂ ਪਹਿਲਾਂ ਹੀ ਭੁੰਨ ਸੁੱਟੀਆਂ। ਅੰਗਰੇਜ਼ੀ ਡਾਇਰ ਨੇ ਪਰਾਏ ਮੁਲਕ ਦੀਆਂ ਖ਼ੂਨ ਦੀਆਂ ਨਦੀਆਂ ਵਹਾਈਆਂ ਸੀ, ਪਰ ਇਸ ਅਜੋਕੇ ਡਾਇਰ ਨੇ ਆਪਣੇ ਮਾਂ-ਜਾਏ ਵੀਰਾਂ ਦੀਆਂ ਹਿੱਕਾਂ ਵਿੰਨ੍ਹੀਆਂ ਹਨ। ਪ੍ਰਦੇਸੀ ਡਾਇਰ ਨੇ, ਕੁਝ ਤਾਂ ਰਹਿਮ ਕੀਤਾ ਸੀ, ਉਸਨੇ ਲਾਸ਼ਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਸਨ ਪਰ ਦੇਸੀ ਡਾਇਰ ਨੇ, ਲਾਸ਼ਾਂ ਵੀ ਨਿਗੱਲ ਲਈਆਂ। ਮਾਵਾਂ ਦੇ ਸੀਨਿਆਂ ਵਿਚ ਅੱਗ ਲਾ ਕੇ ਕੋਈ ਪਾਣੀ ਦਾ ਤੁੱਪਕਾ ਤੱਕ ਨਾਂ ਛਿੜਕਿਆ। ਸੁਹਾਗਣਾਂ ਦੇ ਸੁਹਾਗ ਲੁੱਟ ਕੇ, ਉਹਨਾਂ ਦੀ ਖਾਲੀ ਹੋਈ ਮਾਂਗ ਲਈ ਕੋਈ ਹੌਕਾ ਤੱਕ ਨਾ ਭਰਿਆ। ਉਸ ਪ੍ਰਦੇਸੀ ਡਾਇਰ ਨੇ ਭੱਜ ਕੇ ਬੱਚ ਸਕਣ ਵਾਲਿਆਂ ਨੂੰ ਭੱਜਣ ਦਿੱਤਾ ਸੀ ਪਰ ਸਾਡੇ ਇਸ ਦੇਸੀ ਡਾਇਰ ਨੇ, ਵਹਿਸ਼ੀ ਡਾਇਰ ਨੇ, ਭੱਜੇ ਜਾਂਦੇ ਬੇ-ਦੋਸ਼ ਫੜ ਫੜ ਕੇ, ਕੋਹ-ਕੋਹ ਕੇ ਮਾਰੇ। ਡਾਇਰ ਨੇ ਹੱਥ-ਪੈਰ, ਜੀਭਾਂ ਨਹੀਂ ਸੀ ਵੱਢੀਆਂ, ਪਰ ਇਸ ਡਾਇਰ ਨੇ ਉਸ ਡਾਇਰ ਦਾ ਰਿਕਾਰਡ ਮਾਤ ਪਾ ਦਿੱਤਾ।

—ਪਰ ਕੀ ਅੱਜ ਦਾ ਵਹਿਸ਼ੀ ਡਾਇਰ ਸਮਝਦਾ ਹੈ ਕਿ ਇਹ, ਉਸਦੀ, ਜਿੱਤ ਹੈ? ਨਹੀਂ। ਇਹ ਉਸਦੀ ਬੜੀ ਵੱਡੀ ਹਾਰ ਹੈ, ਜ਼ਿੰਦਗੀ ਦੀ ਹਾਰ ਹੈ? ਸਾਡੀ ਜਮਹੂਰੀਅਤ ਦਾ ਨੰਗਾ ਨਾਚ ਦੇਖੋ, ਇਕ ਪਾਸੇ ਮਾਵਾਂ ਦੇ ਪੁੱਤ, ਤੜਫਾ ਤੜਫਾ ਕੇ ਮਾਰੇ ਤੇ ਦੂਸਰੇ ਪਾਸੇ ਮਾਰਨ ਵਾਲਿਆਂ ਨੂੰ ਨੌਕਰੀਆਂ ਤੋਂ ਮੁਅੱਤਲ ਤੱਕ ਨਾ ਕੀਤਾ ਗਿਆ, ਕਿਉਂਕਿ ਜੀ ਉਹ (ਚੀਮਾ ਸਾਹਿਬ) ਕੇਂਦਰੀ ਮੰਤਰੀ ਸ੍ਰੀ ਜਗਜੀਵਨ ਰਾਮ ਜੀ ਦੇ ਜੁਆਈ ਸਾਹਿਬ ਹਨ। ਪਰ ਕੀ ਉਹਨਾਂ ਸੋਹਲ ਜਿਹੀਆਂ ਜੁਆਨੀਆਂ ਨੇ ਕਿਸੇ ਦੇ ਜੁਆਈ ਨਹੀਂ ਸੀ ਬਣਨਾ? ਇਕ ਪਾਸੇ ਜ਼ਿੰਦਗੀਆਂ ਖ਼ਤਮ ਹਨ ਤੇ ਦੂਸਰੇ ਪਾਸੇ ਨੌਕਰੀਆਂ ਨਹੀਂ ਖ਼ਤਮ ਹੋ ਸਕਦੀਆਂ ਕਿਉਂਕਿ ਇਹ ਸਾਡਾ ਲੋਕ-ਰਾਜ ਹੈ।

—ਪਰ ਸਾਡੀ ਬੋਲੀ ਸਰਕਾਰ ਨੂੰ, ਇਹ ਭੁਲਣਾ ਨਹੀਂ ਚਾਹੀਦਾ ਕਿ ਜੇ ਦੇਸ਼ ਵਿਚ ਉਹ ਡਾਇਰ ਪੈਦਾ ਕਰ ਰਹੀ ਹੈ, ਜਾਂ ਪੈਦਾ ਹੋਣ ਵਿਚ ਮੱਦਦ ਕਰ ਰਹੀ ਹੈ ਤਾਂ ਸਰਦਾਰ ਭਗਤ ਸਿੰਘ ਤੇ ਸ: ਊਧਮ ਸਿੰਘ ਵੀ ਜਿਉਂਦੇ ਹਨ। ਜੇ ਡਾਇਰ ਨਹੀਂ ਮੋਇਆ ਤਾਂ ਇਨ੍ਹਾਂ ਅਣਖੀ ਸੂਰਬੀਰਾਂ ਨੂੰ ਵੀ ਜੰਮਣੋਂ ਕੌਣ ਰੋਕ ਸਕਦੈ? ਜਿਨ੍ਹਾਂ ਨੇ ਸ਼ਹੀਦ ਹੋਏ ਮਾਵਾਂ ਦੇ ਪੁੱਤਾਂ ਦਾ ਬਦਲਾ ਲੈਣਾ ਹੈ। ਉਹ ਭਗਤ ਦੇ ਵੀਰ ਜਿਉਂਦੇ ਹਨ, ਉਹ ਊਧਮ ਸਿੰਘ ਜਿਉਂਦੇ ਹਨ, ਜਿਸ ਨੇ ਲੰਡਨ ਵਿਚ ਜਾ ਡਾਇਰ ਨੂੰ ਦਬੋਚਿਆ ਸੀ।

—ਉਹ ਵਕਤ ਦੂਰ ਨਹੀਂ, ਜਦ ਸਾਡੇ ਦੇਸ਼ ਵਿਚ 'ਸੁਧਾਰ' ਦੀ ਥਾਂ 'ਇਨਕਲਾਬ ਲਵੇਗਾ' (ਇਸ ਸਰਕਾਰ ਨੇ ਸਬੂਤ ਦੇ ਦਿਤੈ ਕਿ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਦੇ) ਸਾਡੇ ਉੱਜਲੇ ਭਵਿੱਖ ਦੇ ਮਾਲਕਾਂ ਨੇ, ਕੱਲ ਦੇ ਵਾਰਸਾਂ ਨੇ ਇਨ੍ਹਾਂ ਜ਼ਾਲਮ ਡਾਇਰਾਂ ਨੂੰ, ਇਹਨਾਂ ਅੰਗਰੇਜ਼ੀ ਸਰਕਾਰ ਦੀਆਂ ਜੂਠੀਆਂ ਥਾਲੀਆਂ ਚੱਟਣ ਵਾਲਿਆਂ ਨੂੰ 'ਸੁਧਾਰ' ਦੀ ਰੱਸੀ ਨਾਲ ਨਹੀਂ, ਸਗੋਂ ਇਨਕਲਾਬ ਦੇ ਸੰਗਲਾਂ ਨਾਲ ਨੱਥ ਪਾਉਣੀ ਹੈ।

—ਉਹ ਵੇਲਾ ਆ ਚੁੱਕਿਆ ਹੈ ਜਦ ਖੇਤਾਂ ਵਿਚ ਕੰਮ ਕਰਦੇ ਮੁਜਾਰਿਆਂ ਨੂੰ, ਕਾਰਖਾਨਿਆਂ ਵਿਚ ਕੰਮ ਕਰਦੇ ਮਜ਼ਦੂਰਾਂ ਨੂੰ, ਇਹ ਸਰਮਾਏਦਾਰ, ਮੁਲ ਖ਼ਰੀਦੇ ਗੁਲਾਮਾਂ ਵਾਂਗ ਕੰਮ ਵਿਚ ਮਧੋਲਨਗੇ ਨਹੀਂ। ਤੇ ਉਨ੍ਹਾਂ ਦੇ ਹੱਕ ਰੱਖ ਨਹੀਂ ਸਕਣਗੇ।

—ਨੌਜਵਾਨ—ਜੋ ਚਾਹੁੰਦੇ ਹਨ, ਆਪਣੇ ਸ਼ਹੀਦ ਹੋਏ ਵੀਰਾਂ ਦਾ ਬਦਲਾ ਲੈਣਾ, ਆਪਣੀਆਂ ਭੱਜੀਆਂ ਬਾਹਾਂ ਦੀ ਕੀਮਤ ਅਦਾ ਕਰਨਾ, ਉਨ੍ਹਾਂ ਦੇ ਡੁਲ੍ਹੇ ਹੋਏ ਖ਼ੂਨ ਦਾ ਤੁਪਕੇ ਤੁਪਕੇ ਦਾ ਮੁਲ ਚੁਕਾਉਣਾ, ਉਹ ਇਸ ਇਨਕਲਾਬ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਗੇ। ਅਸੀਂ ਭੈਣਾਂ ਉਨ੍ਹਾਂ ਸ਼ਹੀਦ ਹੋਏ ਵੀਰਾਂ ਦਾ ਬਦਲਾ, ਆਪਣੇ ਇਨਕਲਾਬੀ ਵੀਰਾਂ ਨਾਲ ਮਿਲ ਕੇ, ਉਨ੍ਹਾਂ ਦਾ ਸਾਥ ਦੇ ਕੇ ਲਵਾਂਗੀਆਂ। ਖ਼ੂਨ ਡੋਹਲ ਕੇ ਭਾਰਤ ਮਾਂ ਦੀ ਮਾਂਗ ਵਿਚ ਸੰਧੂਰ ਭਰਨ ਵਾਲਿਆਂ ਲਈ ਸਭ ਕੁਝ ਹਿੱਸੇ ਆਇਆ, ਹਿੱਕ ਡਾਹਕੇ ਮਰਨ ਲਈ ਤਿਆਰ ਹਾਂ। ਜਿਸ ਨਾਲ ਇਸ ਅਖਾਉਤੀ ਜਮਹੂਰੀਅਤ, ਤੇ ਕਾਗਜ਼ੀ ਲੋਕ-ਰਾਜ ਨੂੰ ਕਰਾਰੀ ਚਪੇੜ ਵੱਜ ਸਕੇ, ਇਨ੍ਹਾਂ ਪਲੀਤ, ਕਾਰਨਾਮਿਆਂ ਨੂੰ, ਜ਼ੁਲਮਾਂ ਨੂੰ ਖ਼ਤਮ ਕਰਨਾ ਹੀ, ਉਨ੍ਹਾਂ ਸ਼ਹੀਦ ਹੋਏ ਵੀਰਾਂ ਲਈ ਸਾਡੀ ਸਹੀ ਸ਼ਰਧਾਂਜਲੀ ਹੋਵੇਗੀ!

——o——

**ਸੂਚਨਾ—** ਸਰਦਲ ਦਾ ਜਨਵਰੀ ਅਕ ਨਵੇਂ ਸਾਲ ਦਾ ਵਿਸ਼ੇਸ਼ ਅਕ ਹੋਵੇਗਾ ਜਿਸ ਵਿਚ ਮਨਮੋਹਨ ਸੰਧੂ ਦਾ ਨਾਵਲ 'ਬਲ ਰਹੇ ਸੂਰਜ' ਦੇਣ ਦੀ ਅਸੀਂ ਖ਼ੁਸ਼ੀ ਲਵਾਂਗੇ—ਇਸ ਤੋਂ ਇਲਾਵਾ ਕਹਾਣੀਆਂ, ਕਵਿਤਾਵਾਂ, ਤੇ ਹੋਰ ਸਰਦਲ ਦੇ ਫੀਚਰ ਹੋਣਗੇ।

—ਸੰਪਾਦਕ

ਅੰਮ੍ਰਿਤਸਰ ਦੇ ਇਕ ਉਘੇ ਅਦਾਰੇ ਵਲੋਂ

## ਉਚੇਚੀ ਪੇਸ਼ਕਸ

# ਬੋਨੈਨਜ਼ਾ ਸੂਰਜ ਗਰੁਪ

ਕੇਵਲ 25 ਰੁਪਏ (ਇਕੋ ਵਾਰ) ਦੇ ਕੇ 2700 ਇਨਾਮ ਮਾਲਤੀ ਛੇ ਲੱਖ ਸੱਤਰ ਹਜ਼ਾਰ ਪ੍ਰਾਪਤ ਕਰੋ।

| | |
|---|---|
| ਗਰੁਪ ਦੀਆਂ ਕੁਲ ਸੀਰੀਜ਼ | 13 (A to M) |
| ਇਕ ਸੀਰੀਜ਼ ਦੇ ਕੁਲ ਮੈਂਬਰ | 4,999 |
| ਮੈਂਬਰਸ਼ਿਪ ਫੀਸ | 20 ਰੁਪਏ |
| ਦਾਖਲਾ ਫੀਸ | 5 ਰੁਪਏ |
| ਗਰੁਪ ਦੀ ਮਿਆਦ | 100 ਮਹੀਨੇ |
| ਲੱਕੀ ਡਰਾ | ਹਰ ਮਹੀਨੇ |

## *ਲੱਕੀ ਮੈਂਬਰ ਨੂੰ ਹੇਠ ਲਿਖੇ ਅਨੁਸਾਰ ਇਨਾਮ ਦਿਤੇ ਜਾਣਗੇ :*

| | |
|---|---|
| ਪਹਿਲਾ ਇਨਾਮ | ਇਕ ਟੈਲੀਵੀਜ਼ਨ (ਟੈਲੀਰਾਡ 19 ਇੰਚ) ਜਾਂ 2800 ਰੁਪਏ ਨਕਦ |
| ਦੂਜਾ ਇਨਾਮ | 13 ਇਨਾਮ 200 ਰੁਪਏ, ਹਰ ਸੀਰੀਜ਼ ਵਿਚ ਇੱਕ |
| ਤੀਜਾ ਇਨਾਮ | 13 ਇਨਾਮ 50 ਰੁਪਏ, ਹਰ ਸੀਰੀਜ਼ ਵਿਚ ਇਕ |

## *ਇਸ ਗਰੁਪ ਦੀ ਵਿਸ਼ੇਸ਼ ਗੱਲ*

ਪਹਿਲੇ ਤੇ ਸੌਵੇਂ ਡਰਾ ਤੇ ਪਹਿਲਾ ਇਨਾਮ— ਅੰਬੈਸਡਰ ਕਾਰ ਜੇਕਰ ਮਾਰਕੀਟ ਵਿਚ ਨਾਮ ਤੇ ਮਿਲਦੀ ਹੋਵੇ ਤਾਂ ਜਾਂ 25000 ਰੁਪਏ ਨਕਦ (ਟੈਲੀਵੀਜ਼ਨ ਦੀ ਥਾਂ ਹੋਵੇਗਾ)।

ਹਰ ਦਸਵੇਂ, ਵੀਹਵੇਂ, ਤੀਹਵੇਂ, ਚਾਲੀਵੇਂ, ਪੰਜਾਵੇਂ, ਸੱਠਵੇਂ, ਸੱਤਰਵੇਂ, ਅੱਸੀਵੇਂ, ਨੱਬਵੇਂ ਇਨਾਮ ਤੇ ਜਾਵਾ ਮੋਟਰ ਸਾਈਕਲ (ਜੇਕਰ ਮਾਰਕੀਟ ਵਿਚ ਨਾਮ ਤੇ ਮਿਲਦਾ ਹੋਵੇ ਤਾਂ) ਜਾਂ 5000 ਰੁਪਏ ਨਕਦ (ਇਹ ਇਨਾਮ ਟੈਲੀਵਿਜ਼ਨ ਦੀ ਥਾਂ ਤੇ ਹੋਵੇਗਾ)।

***ਗਰੁਪ ਦੀ ਮਿਆਦ ਖਤਮ ਹੋਣ ਤੇ ਹਰ ਮੈਂਬਰ ਨੂੰ ਭਾਵੇਂ ਉਸਦਾ ਲੱਕੀ ਡਰਾ ਨਿਕਲਿਆ ਹੋਵੇ ਜਾਂ ਨਾ ਮੁਬਲਿਗ 20 ਰੁਪਏ ਵਾਪਸ ਕੀਤੇ ਜਾਣਗੇ।***

ਹੋਰ ਵੇਰਵੇ ਲਈ ਮਿਲੋ ਜਾਂ ਲਿਖੋ :—

# ਦੀ ਨਿਊ ਸੂਰਜ ਟਰਾਂਸਪੋਰਟ ਕੰਪਨੀ

ਬਾਹਰ ਗਾਂਧੀ ਗੇਟ, ਅੰਮ੍ਰਿਤਸਰ

ਟੈਲੀਫੋਨ : 43860,45600,46359

ਕੀ ਤੁਹਾਨੂੰ ਲੋੜ ਹੈ.....

# ਟੈਲੀਵੀਜ਼ਨ, ਰੈਫਰੀਜੈਟਰ, ਟਰਾਂਜ਼ਿਸਟਰ ਦੀ ?

ਜੇਕਰ ਹਾਂ

ਤਾਂ ਫੇਰ ਸਾਡੇ **P. D. S. 6** ਗਰੁਪ ਵਿਚ ਸ਼ਾਮਿਲ ਹੋਵੋ

ਵੇਰਵਾ :

1. ਕੁਲ ਮੈਂਬਰਸ਼ਿਪ 3999
2. ਇਕੋਵਾਰ 1000/- ਦੀ ਅਦਾਇਗੀ ਜਾਂ ਸੂਦ ਅਧੀਨ 120/–
3. ਮਿਆਦ 12 ਮਹੀਨੇ
4. ਚਾਰ ਲੱਕੀ ਡਰਾਅ ਹਰ ਇਕ ਮਹੀਨੇ ਉਹਨਾਂ ਵਿਚ ਭਾਵੇਂ ਟੈਲੀਵੀਜਨ ਲਵੋ ਭਾਵੇਂ ਰੈਫਰੀਜੇਟਰ ਲਵੋ ਅਤੇ ਭਾਵੇਂ 2800/– ਨਕਦ ਲਵੋ
5. ਅੱਠ ਦੂਜੇ ਇਨਾਮ ਜਿਦੇ ਵਿਚ 2 ਬੈਂਡ ਦਾ ਟਰਾਂਜਿਸਟਰ ਮਿਲੇਗਾ
6. 12 ਮਹੀਨੇ ਦੇ ਬਾਅਦ ਜਿਨਾਂ ਮੈਂਬਰਾਂ ਨੇ 1000 ਰੁਪਿਆ ਦਿਤਾ ਹੈ, ਉਹਨਾਂ ਨੂੰ 1050 ਰੁਪਏ ਮਿਲਣਗੇ ਜਿਨਾਂ ਨੇ 120 ਰੁਪਏ ਦਿਤੇ ਹਨ, ਉਹਨਾਂ ਨੂੰ 50 ਰੁਪਏ ਮਿਲਣਗੇ

*ਹਰ ਕਿਸਮ ਦੀ ਪੁਛ-ਗਿੱਛ ਲਈ–*

# ਨਿਊਂ ਸੂਰਜ

# ਫਾਈਨੈਂਸਰਜ਼ ਅਤੇ ਚਿੱਟ ਫੰਡ ਕੰਪਨੀ ਪ੍ਰਾ: ਲਿ:

## ਬਾਹਰ ਹਾਲ ਗੇਟ, ਅੰਮ੍ਰਿਤਸਰ


ਐਡੀਟਰ, ਪ੍ਰਿੰਟਰ ਤੇ ਪਬਲੀਸ਼ਰ ਸ. ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਛਪਾ ਕੇ, ਦਫ਼ਤਰ ਸਰਦਲ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ।

ਪ੍ਰਕਾਸ਼ਨ ਮਿਤੀ, ਦਸੰਬਰ 1,1972